SARDAR SUPER MARKET
ਸਰਦਾਰ ਸੁਪਰ ਮਾਰਕੀਟ
ਸਸਤੀ ਅਤੇ ਸਿਹਤਮੰਦ
ਵਰਾਇਟੀ ਵਾਲਾ ਗਰੌਸਰੀ ਸਟੋਰ
204 416 0999
E1-55 Waterford Green Commons, Winnipeg (MB) R2R 0Z9

The Punjabi Newspaper
ਪੰਜਾਬੀਅਤ ਦਾ ਪਹਿਰੇਦਾਰ
# ਪੰਜਾਬੀ ਅਖ਼ਬਾਰ
Punjabi Akhbaar
ਮੁੱਖ ਸੰਪਾਦਕ: ਹਰਬੰਸ ਬੁੱਟਰ 403 640 2000
Edmonton : 780 599 2000 I Regina/Saskatoon : 639 999 1000 : Winnipeg 431 733 3000
Chief Editor : Harbans Buttar

ਵਿਨੀਪੈਗ ਦੇ ਕਿਸੇ ਵੀ ਏਰੀਆ ਵਿੱਚ ਨਵਾਂ ਜਾਂ ਪੁਰਾਣਾ ਘਰ ਖਰੀਦਣ ਜਾਂ ਵੇਚਣ ਲਈ ਕਾਲ ਕਰੋ
AMRITPAL DHILLON
BROKER: MAXIMUM REALTY
MAXIMUM REALTY
Call: 204-979-7200
Office: 204-777-9999
Email: amritrealtorwinnipeg@gmail.com

Vol: 8 No: 189 Website : www.punjabiakhbaar.ca Email: editor@punjabiakhbaar.ca Friday, 4 February 2022

## ਕਨੇਡਾ ਤੋਂ ਅਮਰੀਕਾ ਦਾ ਬਾਰਡਰ ਪਾਰ ਕਰਦਿਆਂ ਛੋਟੇ ਬੱਚੇ ਸਮੇਤ ਇੱਕੋ ਪਰਿਵਾਰ ਦੇ 4 ਮੈਂਬਰ ਮੌਤ ਦੇ ਮੂੰਹ ਜਾ ਪਏ



ਵਿਨੀਪੈੱਗ (ਪੰਜਾਬੀ ਅਖ਼ਬਾਰ ਬਿਊਰੋ) ਗੁਜਰਾਤ ਤੋਂ ਕੈਨੇਡਾ ਅਤੇ ਕੈਨੇਡਾ ਤੋਂ ਫਿਰ ਅਮਰੀਕਾ ਸਰਹੱਦ ਪਾਰ ਕਰਦਿਆਂ, ਕੈਨੇਡੀਅਨ ਸੂਬੇ ਮੈਨੀਟੋਬਾ ਦੀ ਸਰੀਰ ਜਮਾ ਦੇਣ ਵਾਲੀ ਸਨੋਅ 'ਚ ਮਾਰੇ ਗਏ ਗੁਜਰਾਤੀ ਪਰਿਵਾਰ ਦੀ ਪਛਾਣ ਹੋ ਚੁੱਕੀ ਹੈ। ਮਰਨ ਵਾਲਿਆਂ 'ਚ 39 ਸਾਲਾ ਜਗਦੀਸ਼ ਬਲਦੇਵਭਾਈ ਪਟੇਲ, ਉਸਦੀ 37 ਸਾਲਾ ਪਤਨੀ ਵੈਸ਼ਾਲੀਬੇਨ ਪਟੇਲ, ਉਨ੍ਹਾਂ ਦੀ 11 ਸਾਲਾ ਬੱਚੀ ਵਿਹਾਂਗੀ ਪਟੇਲ ਅਤੇ 3 ਸਾਲਾ ਬੱਚਾ ਧਾਰਮਿਕ ਪਟੇਲ ਸ਼ਾਮਲ ਸਨ। ਗੁਜਰਾਤ ਦੇ ਇੱਕੋ ਪਿੰਡ ਤੋਂ 18 ਜਣੇ ਟਰੈਵਲ ਏਜੰਟ ਰਾਹੀਂ ਵਿਜ਼ਟਰ ਵੀਜ਼ੇ 'ਤੇ ਕੈਨੇਡਾ ਪੁੱਜੇ ਸਨ ਅਤੇ ਅਗਾਂਹ ਅਮਰੀਕਾ ਆਪਣੇ ਜਾਣਦਿਆਂ ਕੋਲ ਪੁੱਜਣਾ ਸੀ। ਬਰਫਬਾਰੀ, -35 ਤਾਪਮਾਨ, ਸਰਦ ਹਵਾਵਾਂ ਅਤੇ ਹਨੇਰੇ 'ਚ ਇਹ 4 ਜਣੇ ਬਾਕੀਆਂ ਨਾਲੋਂ ਵਿੱਛੜ ਗਏ ਤੇ ਮਾਰੇ ਗਏ। ਬਹੁਤਾ ਕਰਕੇ ਪੰਜਾਬੀਆਂ ਲਈ ਕੈਨੇਡਾ ਹੀ ਅੰਤਿਮ ਨਿਸ਼ਾਨਾ ਹੁੰਦਾ ਪਰ ਗੁਜਰਾਤੀ ਅਮਰੀਕਾ ਜਾਣ ਦੇ ਵਧੇਰੇ ਇੱਛੁਕ ਹੁੰਦੇ ਕਿਉਂਕਿ ਉਨ੍ਹਾਂ ਦੀ ਜਾਣ-ਪਛਾਣ ਉਧਰ ਵੱਧ ਹੋਣ ਕਾਰਨ ਸੈੱਟ ਹੋਣਾ ਸੌਖਾ ਹੋ ਜਾਂਦਾ। ਇਸ ਮਾਮਲੇ 'ਚ ਇੱਕ ਅਮਰੀਕਨ ਨਾਗਰਿਕ ਅਮਰੀਕਾ 'ਚ ਅਤੇ 6 ਜਣੇ ਭਾਰਤ 'ਚ ਫੜੇ ਗਏ ਹਨ। ਘਟਨਾ ਵਾਲੇ ਦਿਨ ਅਮਰੀਕਾ ਨਾਲ ਲੱਗਦੇ ਬਾਰਡਰ ਤੋਂ 10 ਕਿਲੋਮੀਟਰ ਕੈਨੇਡਾ ਵਾਲੇ ਪਾਸੇ ਇੱਕ ਮਰਦ, ਇੱਕ ਔਰਤ ਅਤੇ ਇੱਕ ਛੋਟੇ ਬੱਚੇ ਦੀਆਂ ਲਾਸ਼ਾਂ ਬਰਾਮਦ ਕੀਤੀਆਂ ਗਈਆਂ ਸਨ ਤੇ ਇੱਕ ਟੀਨੇਜਰ ਲੜਕੇ ਦੀ ਲਾਸ਼ ਇਹਨਾਂ ਤਿੰਨਾਂ ਤੋਂ ਥੋੜ੍ਹੀ ਦੂਰ ਪਈ ਹੋਈ ਸੀ। ਆਰਸੀਐਮਪੀ ਨੂੰ ਅਮਰੀਕਨ ਅਧਿਕਾਰੀਆਂ ਨੇ ਦੱਸਿਆ ਸੀ ਕਿ ਇੱਕ ਗਰੁਪ ਕੈਨੇਡਾ ਤੋਂ ਅਮਰੀਕਾ ਵਾਲੇ ਪਾਸੇ ਦਾਖ਼ਲ ਹੋਇਆ ਸੀ। ਇਹਨਾਂ ਕੋਲ ਇੱਕ ਛੋਟੇ ਬੱਚੇ ਦਾ ਭੋਜਨ ਸੀ ਪਰ ਛੋਟਾ ਬੱਚਾ ਕੋਈ ਨਹੀਂ ਸੀ। ਇਸ ਤੋਂ ਬਾਦ ਭਾਲ ਸ਼ੁਰੂ ਹੋਈ ਤੇ ਬਾਦ ਦੁਪਹਿਰ ਲਾਸ਼ਾਂ ਲੱਭ ਪਈਆਂ। ਮਰਨ ਵਾਲੇ ਮਾਇਨਸ 35 ਡਿਗਰੀ ਸੈਲਸਿਅਸ ਵਿੱਚ ਬਾਰਡਰ ਪਾਰ ਕੇ ਕੈਨੇਡਾ ਵੱਲ ਦਾਖ਼ਲ ਹੋਏ ਸਨ। ਅਮਰੀਕਾ ਵਾਲੇ ਪਾਸੇ ਇਹਨਾਂ ਨੂੰ ਇੱਕ ਵੈਨ ਵਿਚ ਲਿਆਂਦਾ ਗਿਆ ਸੀ ਜਿੱਥੋਂ ਅੱਗੇ ਇਹ ਪੈਦਲ ਬਾਰਡਰ ਪਾਰ ਕੇ ਗਏ ਸਨ। ਤੁਰਨਾ ਬਹੁਤ ਪਿਆ ਤੇ ਠੰਡ ਕੜਾਕੇ ਦੀ ਸੀ। ਲਗਪਗ 11 ਘੰਟੇ ਉਹਨਾਂ ਨੂੰ ਤੂਫਾਨ ਵਿੱਚ ਤੁਰਨਾ ਪਿਆ ਜਿਸ ਦੌਰਾਨ ਉਹ ਮੌਸਮ ਦੀ ਮਾਰ ਨਾ ਸਹਿ ਸਕੇ ਤੇ ਚਾਰੇ ਦਮ ਤੋੜ ਗਏ।

## ਅਲਬਰਟਾ 'ਚ ਸਿਹਤ ਪਾਬੰਦੀਆਂ ਸਬੰਧੀ ਢਿੱਲ ਦੇਣ ਦਾ ਸਿਲਸਿਲਾ ਮਾਰਚ ਮਹੀਨੇ ਵਿਚ ਸ਼ੁਰੂ ਹੋ ਸਕਦਾ ਹੈ-ਕੈਨੀ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਹੈਲਥ ਕੇਅਰ ਸਿਸਟਮ ਉੱਪਰ ਕਰੋਨਾ ਵਾਇਰਸ ਕਾਰਨ ਪਿਆ ਬੋਝ ਘੱਟ ਹੋਣ ਦਾ ਨਾਮ ਨਹੀਂ ਲੈ ਰਿਹਾ ਹੈ। ਹਸਪਤਾਲਾਂ ਵਿੱਚ ਇਸ ਵਾਇਰਸ ਕਾਰਨ ਬਿਮਾਰ ਵਿਅਕਤੀਆਂ ਦੀ ਸੰਖਿਆ 1469 ਹੋ ਗਈ ਹੈ ਜਿਹਨਾਂ ਵਿਚੋਂ 106 ਇੰਟੈਂਸਿਵ ਕੇਅਰ ਯੂਨਿਟਸ ਵਿੱਚ ਇਲਾਜ ਅਧੀਨ ਹਨ। ਬੀਤੀ 27 ਜਨਵਰੀ ਨੂੰ ਅਪਡੇਟ ਜਾਰੀ ਕਰਦਿਆਂ ਐਲਬਰਟਾ ਪ੍ਰੀਮੀਅਰ ਜੇਸਨ ਕੈਨੀ ਨੇ ਕਿਹਾ ਕਿ ਆਈਸੀ ਯੂਨਿਟਸ 'ਤੇ ਬੋਝ ਨਹੀਂ ਵਧਿਆ ਹੈ ਪਰ ਹਸਪਤਾਲਾਂ ਅਤੇ ਸਟਾਫ਼ 'ਤੇ ਬੋਝ ਨਹੀਂ ਘਟਿਆ। ਇੱਕ ਦਿਨ ਵਿੱਚ 3218 ਨਵੇਂ ਐਕਟਿਵ ਕੇਸ ਆਏ ਰਿਪੋਰਟ ਹੋਏ ਹਨ ਤੇ ਮਰਨ ਵਾਲਿਆਂ ਦਾ ਕੁੱਲ ਅੰਕੜਾ 3518 'ਤੇ ਪਹੁੰਚ ਗਿਆ ਹੈ। ਪ੍ਰੀਮੀਅਰ ਜੇਸਨ ਕੈਨੀ ਦਾ ਕਹਿਣਾ ਹੈ ਕਿ ਜਦੋਂ ਹਸਪਤਾਲਾਂ ਵਿੱਚ ਮਰੀਜ਼ਾਂ ਦੀ ਗਿਣਤੀ ਘਟਣ ਲੱਗ ਪਈ ਤਾਂ ਸਿਹਤ ਪਾਬੰਦੀਆਂ ਵਿੱਚ ਢਿੱਲ ਦੇਣ ਦਾ ਸਿਲਸਿਲਾ ਸ਼ੁਰੂ ਕੀਤਾ ਜਾਵੇਗਾ। ਇਹ ਸਿਲਸਿਲਾ ਮਾਰਚ ਮਹੀਨੇ ਵਿੱਚ ਸ਼ੁਰੂ ਹੋ ਸਕਦਾ ਹੈ। ਐਲਬਰਟਾ ਵਿੱਚ ਹੁਣ 2 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਵਾਸਤੇ ਵੀ ਪੀ.ਸੀ.ਆਰ. ਟੈਸਟਿੰਗ ਦੀ ਸਹੂਲਤ ਦੇਣ ਦਾ ਐਲਾਨ ਕਰ ਦਿੱਤਾ ਗਿਆ ਹੈ। ਫਿਲਹਾਲ ਦੋ ਸਾਲ ਤੋਂ ਘੱਟ ਉਮਰ ਦੇ ਬੱਚਿਆਂ ਦਾ ਕਰੋਨਾ ਟੈਸਟ ਨਹੀਂ ਕੀਤਾ ਜਾਂਦਾ। ਇਸ ਟੈਸਟ ਦੀ ਰਿਪੋਰਟ ਪੌਜ਼ਿਟਿਵ ਆਉਣ ਮਗਰੋਂ ਆਇਸੋਲੇਸ਼ਨ ਵਿੱਚ ਜਾਣ ਕਾਰਨ ਕਿਸੇ ਹੋਰ ਨੂੰ ਇਨਫੈਕਸ਼ਨ ਹੋਣ ਤੋਂ ਰੋਕਿਆ ਜਾ ਸਕੇਗਾ।

## ਚੰਨੀ ਵੱਲੋਂ ਕਾਂਗਰਸ ਨੂੰ ਮੁੜ ਸੱਤਾ 'ਚ ਲਿਆਉਣ ਦੀ ਅਪੀਲ



ਰੂਪਨਗਰ (ਪੰਜਾਬੀ ਅਖਬਾਰ ਬਿਊਰੋ) -ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਆਪਣੇ ਹਲਕੇ ਦੇ ਪਿੰਡਾਂ ਦਾ ਤੂਫ਼ਾਨੀ ਦੌਰਾ ਕਰ ਕੇ ਲੋਕਾਂ ਨੂੰ ਕਾਂਗਰਸ ਪਾਰਟੀ ਨੂੰ ਵੋਟਾਂ ਪਾਉਣ ਦੀ ਅਪੀਲ ਕੀਤੀ। ਉਨ੍ਹਾਂ ਨੇ ਸਿੰਘ ਭਗਵੰਤਪੁਰ ਇਲਾਕੇ ਨਾਲ ਸਬੰਧਤ ਪਿੰਡ ਖਾਬੜਾ ਤੇ ਬਾਲਸੰਢਾ ਤੋਂ ਇਲਾਵਾ ਚਮਕੌਰ ਸਾਹਿਬ ਦੇ ਪਿੰਡਾਂ ਝੱਲੀਆਂ ਕਲਾਂ ਤੇ ਭੱਕੂਮਾਜਰਾ ਵਿੱਚ ਚੋਣ ਪ੍ਰਚਾਰ ਕੀਤਾ।

ਉਨ੍ਹਾਂ ਨੇ ਵੋਟਰਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਉਨ੍ਹਾਂ ਨੂੰ ਮੁੱਖ ਮੰਤਰੀ ਵੱਜੋਂ ਥੋੜ੍ਹੇ ਜਿਹੇ ਸਮੇਂ ਅੰਦਰ ਹੀ ਲੋਕਾਂ ਦਾ ਜੋ ਪਿਆਰ ਮਿਲਿਆ ਹੈ, ਉਸ ਪਿਆਰ ਦੀ ਬਦੌਲਤ ਉਹ ਦਾਅਵੇ ਨਾਲ ਕਹਿ ਸਕਦੇ ਹਨ ਕਿ ਪੰਜਾਬ ਦੇ ਲੋਕ ਮੁੜ ਕਾਂਗਰਸ ਪਾਰਟੀ ਨੂੰ ਸਰਕਾਰ ਬਣਾਉਣ ਦਾ ਮੌਕਾ ਦੇਣਗੇ। ਸ੍ਰੀ ਚੰਨੀ ਨੇ ਕਿਹਾ ਕਿ ਬਤੌਰ ਮੁੱਖ ਮੰਤਰੀ ਵਜੋਂ ਉਨ੍ਹਾਂ ਨੇ ਪੰਜਾਬ ਵਾਸੀਆਂ ਦੀਆਂ ਮੁਸ਼ਕਿਲਾਂ ਦਾ ਨਿਪਟਾਰਾ ਕਰਨ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ।

## ਬਾਦਲ ਦੀ ਆਮਦਨ 5 ਸਾਲਾਂ 'ਚ 52 ਲੱਖ ਰੁਪਏ ਘਟੀ



ਸ੍ਰੀ ਮੁਕਤਸਰ ਸਾਹਿਬ/ਲੰਬੀ (ਪੰਜਾਬੀ ਅਖਬਾਰ ਬਿਊਰੋ)- ਪੰਜਾਬ ਦੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਲੰਬੀ ਹਲਕੇ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਵਜੋਂ ਆਪਣੇ ਨਾਮਜ਼ਦਗੀ ਪੱਤਰ ਰਿਟਰਨਿੰਗ ਅਫ਼ਸਰ-ਕਮ-ਵਧੀਕ ਡਿਪਟੀ ਕਮਿਸ਼ਨਰ ਰਾਜਦੀਪ ਕੌਰ ਦੇ ਦਫ਼ਤਰ ਮਿਮਟ ਕਾਲਜ ਵਿੱਚ ਦਾਖਲ ਕਰ ਦਿੱਤੇ ਹਨ ਅਤੇ ਇਸ ਦੇ ਨਾਲ ਹੀ ਮੌਜੂਦਾ ਵਿਧਾਨ ਸਭਾ ਚੋਣਾਂ ਵਿੱਚ ਸਭ ਤੋਂ ਵੱਡੀ ਉਮਰ ਦੇ ਉਮੀਦਵਾਰ ਬਣ ਗਏ ਹਨ। ਨਾਮਜ਼ਦਗੀ ਪੱਤਰ ਨਾਲ ਨੱਥੀ ਹਲਫ਼ੀਆ ਬਿਆਨ ਅਨੁਸਾਰ ਸ੍ਰੀ ਬਾਦਲ ਦੀ ਜਾਇਦਾਦ ਪਿਛਲੇ 5 ਸਾਲਾਂ ਵਿੱਚ 51 ਲੱਖ 92 ਹਜ਼ਾਰ 735 ਰੁਪਏ ਘਟ ਗਈ ਹੈ ਤੇ ਉਨ੍ਹਾਂ ਕੋਲ ਕੋਈ ਨਿੱਜੀ ਕਾਰ ਵੀ ਨਹੀਂ। ਆਮਦਨ ਕਰ ਰਿਟਰਨ ਅਨੁਸਾਰ ਸ੍ਰੀ ਬਾਦਲ ਦੀ 2016-17 ਵਿੱਚ ਕੁੱਲ ਆਮਦਨ 1 ਕਰੋੜ 2 ਲੱਖ 75 ਹਜ਼ਾਰ 145 ਰੁਪਏ ਸੀ ਜੋ 2020-21 ਵਿੱਚ 50 ਲੱਖ 82 ਹਜ਼ਾਰ 410 ਰੁਪਏ ਰਹਿ ਗਈ ਹੈ। ਉਨ੍ਹਾਂ ਕੋਲ 2 ਲੱਖ 49 ਹਜ਼ਾਰ 510 ਰੁਪਏ ਨਕਦ ਅਤੇ 6 ਲੱਖ ਰੁਪਏ ਦੇ ਗਹਿਣੇ ਹਨ। ਇਸ ਤੋਂ ਬਿਨਾਂ 4 ਲੱਖ ਰੁਪਏ ਦਾ ਇੱਕ ਟਰੈਕਟਰ ਹੈ। ਉਨ੍ਹਾਂ 44 ਕਿੱਲੇ 5 ਕਨਾਲ 14 ਮਰਲੇ ਵਾਹੀਯੋਗ ਜ਼ਮੀਨ ਪਿੰਡ ਬਾਦਲ, ਹਰਿਆਣਾ ਦੇ ਪਿੰਡ ਬਾਲਾਸਰ ਤੇ ਰਣੀਆਂ ਅਤੇ ਰਾਜਸਥਾਨ ਦੇ ਚੱਕ 14 ਐੱਸ.ਡੀ.ਐੱਸ. ਵਿੱਚ ਹੈ। ਸ੍ਰੀ ਬਾਦਲ ਦੇ ਪਿੰਡ ਬਾਦਲ ਵਿਖੇ 4 ਕਨਾਲ 13 ਮਰਲੇ ਵਿੱਚ ਰਿਹਾਇਸ਼ੀ ਘਰ ਅਤੇ ਪਿੰਡ ਰਾਣੀਆਂ ਵਿਖੇ 5 ਕਨਾਲ 7 ਮਰਲੇ ਅਤੇ ਪਿੰਡ ਬਾਲਾਸਰ ਵਿਖੇ 9 ਕਨਾਲ ਦੇ ਰਿਹਾਇਸ਼ੀ ਘਰ ਹਨ।

ਇਸ ਸਮੇਂ ਉਨ੍ਹਾਂ ਕੋਲ ਕੁੱਲ 6 ਕਰੋੜ 71 ਲੱਖ 20 ਹਜ਼ਾਰ 319 ਰੁਪਏ ਦੀ ਚੱਲ ਤੇ ਅਚੱਲ ਜਾਇਦਾਦ ਹੈ ਜਦਕਿ 2 ਕਰੋੜ 74 ਲੱਖ 86 ਹਜ਼ਾਰ 297 ਰੁਪਏ ਦੀਆਂ ਦੇਣਦਾਰੀਆਂ ਹਨ। ਉਨ੍ਹਾਂ 1947 ਵਿੱਚ ਲਾਹੌਰ ਦੇ ਐੱਫ਼ਸੀ ਕਾਲਜ ਤੋਂ ਬੀ.ਏ. ਕੀਤੀ ਹੈ ਅਤੇ ਉਨ੍ਹਾਂ ਦਾ ਕਿੱਤਾ ਵਿਧਾਇਕ ਤੇ ਖੇਤੀਬਾੜੀ ਹੈ।

SIDHU PAINTING & DECORATING LTD.
ਸਿੱਧੂ ਪੇਂਟਿੰਗ ਕੰਪਨੀ ਨੂੰ ਵਿਨੀਪੈਗ ਵਿਖੇ ਵਰਕਰਾਂ ਦੀ ਲੋੜ ਹੈ। ਵਧੀਆ ਤਨਖਾਹ ਅਤੇ ਹੋਰ ਸਹੂਲਤਾ ਦਿੱਤੀਆਂ ਜਾਣਗੀਆਂ।
ਸੰਪਰਕ : 403 520 0000

Barinder Ubhi
Realtor
(204)807-5013
babbu_ubhi@yahoo.com
MAXPRO REAL ESTATE
1739 Pembina Hwy. Winnipeg, MB, R3T 2G6
P:(204) 218-2222
F:(204) 261-1488
www.maxproreal estate.ca

ਵਿਨੀਪੈਗ ਅਤੇ ਆਸ ਪਾਸ ਦੇ ਏਰੀਆ ਵਿੱਚ ਡਰਾਈਵਿੰਗ ਸਿਖਾਉਂਦੇ ਹਾਂ
PRIME DRIVING SCHOOL
ਕਲਾਸ 5 ਲਾਇਸੈਂਸ ਲੈਣ ਲਈ ਪਰਮਿੰਦਰ ਸਿੰਘ ਨੂੰ ਸੰਪਰਕ ਕਰੋ
Class 5 Training • Knowledge Test Preparation
PARMINDER SINGH
Class 5 Driving Instructor
ਪੰਜਾਬੀ ਵਿੱਚ ਟਰੇਨਿੰਗ ਤਰੁੰਤ ਜਲਦੀ ਡਰਾਈਵਰ ਬਣਾ ਦਿੰਦੀ ਹੈ
(204)930-3030
primedrivingschool@hotmail.com
Training available in Winnipeg & Surrounding areas

PARDEEP REHSI
REALTOR
ਘਰ ਵੇਚਣ ਅਤੇ ਖਰੀਦਣ ਵਾਲਿਆਂ ਲਈ ਸਪੈਸ਼ਲ ਪੈਕੇਜ ਮੁਫਤ !
ਆਪਣੇ ਘਰ ਦੀ ਕੀਮਤ ਬਾਰੇ ਜਾਣਕਾਰੀ ਲਈ ਕਾਲ ਕਰੋ
ROYAL LEPAGE CAVES
Thinking of Buying, Selling or Investing? Call Today?
431 777 8590
E-mail: prehsi@yahoo.com
11, St. Anne's Road Winnipeg MB R2M 2Y1

ਆਪਣੇ ਫੋਨ ਵਿੱਚ ਪੰਜਾਬੀ ਅਖਬਾਰ ਦੀ ਐਪ ਆਹ ਲਿੰਕ ਕਲਿੱਕ ਕਰਕੇ ਫਰੀ ਡਾਊਨਲੋਡ ਕਰੋ
Android app
https://play.google.com/store/apps/details?id=com.mehramedia.punjabiakhbaar
ਐਪਲ ਦੇ ਫੋਨ ਲਈ ਇਹ ਲਿੰਕ ਕਲਿੱਕ ਕਰੋ
iPhone App
https://apps.apple.com/in/app/punjabi-akhbaar/id1559030797
PunjabiAkhbaar.ca

Raman D. Sood
Regulated Immigration Consultant (RCIC)
Commissioner of Oaths, Manitoba
Rainbow Immigration Ltd.
Fulfilling Dreams!
Ph: 204-202-7900
1403 Jefferson Ave., Winnipeg, MB, Canada R2P 0R6
Web: www.rainbowimmigration.ca
Email: rainbowimmigrationwinnipeg@gmail.com

IATA
ONKAR TRAVELS
Call:- 204-202-7900 for BEST WHOLESALE AIRFARES
Sood Brothers Travels & Tours
ਇੰਡੀਆ ਜਾਣ ਲਈ ਸਸਤੀਆਂ ਟਿਕਟਾਂ
1403 Jefferson Ave. Winnipeg, MB Canada
Ph: 204-202-7900, www.onkartravels.com
email: ywg@onkartravels.com

Need a Mortgage?......
MORTGAGE ARCHITECTS
Thinking of buying a Real Estate? Call today to discuss your mortgage options. We guarantee the lowest rates.
ਘਰ ਲੈਣ ਬਾਰੇ ਸੋਚਦੇ ਹੋ? ਘੱਟ ਰੇਟ ਤੇ ਮੋਰਗੇਜ ਲੈਣ ਲਈ ਅੱਜ ਹੀ ਕਮਲਜੀਤ ਸੰਧੂ ਨੂੰ ਫੋਨ ਕਰੋ।
SUPER VISA INSURANCE
SAHARA INSURANCE GROUP
Giving you the protection you need. We offer best solution for you.
Super Visa Insurance
Critical Illness Insurance
Disability Insurance
Dental & Health Insurance
Mortgage Insurance
Life Insurance
Visitor Insurance
KAMALJEET SANDHU
Mortgage and Insurance Expert
Cell: 1(204) 751-0124
360 Keewatin St., Unit # 5, Winnipeg, MB

Amrit Singh Kang
Mortgage Expert
Call Me For All Your Mortgage Needs
ਮੰਨ ਗਏ ਤੁਹਾਡੀ ਘਰ ਦੀ ਪਸੰਦ ਨੂੰ ਹੁਣ ਮਾਰਗੇਜ ਲਈ ਕਾਲ ਕਰੋ ਕੰਗ ਨੂੰ
204-218-3852
Just4kang@gmail.com

Gagan Bagri
Mortgage Advisor & Truck Loan Expert
EAST TO WEST LEASING
TRUCK/TRAILER & EQUIPMENT FINANCING
204-688-6486
100 MANDALAY DRIVE, WINNIPEG, MB
All Kind of Mortgages Saving You Both Time & Money
Lowest Rates Guaranteed
THE MORTGAGE WORLD

SUPER VISA INSURANCE
BEST RATE
SAHARA INSURANCE GROUP
DEEP GREWAL
Cell: 204-996-2571
deepgrewal12@gmail.com
Unit F10, 1833 Inkster Blvd. Winnipeg, MB. R2X 1R3

Buta Singh Dhillon
Sales Associates
ਘਰ ਖਰੀਦਣ ਜਾਂ ਵੇਚਣ ਲਈ ਤਜ਼ਰਬੇਕਾਰ ਅਤੇ ਭਰੋਸੇਯੋਗ ਨਾਂ
Cell:204.880.6600
Office:204.987.9800
RE/MAX executives realty
Each office independently owned & operated
butadhillon@remax.net www.remax.ca

RAJ SANDHU
REALTOR®
Excellent Service...
Guaranteed Results!
ROYAL LEPAGE
Call: 204.227.5758
Email: rajsandhu@royallepage.ca
Thank you for your trust and support !

Ready to make a move?
TD Ready for you
Rajandeep Mudhar, MBA
Manager, Mobile Mortgage Specialist
C: 204-963-9481
rajandeep.mudhar@td.com

Way to Success
PERFECT ONE DRIVING SCHOOL LTD.
Class 1 & 3 Driving Training Center
PVI and MELT Approved School
NARINDER SAINI
ROBIN SANDHU
204 930 5822
204 899 5823
2040, Logan Avenue Manitoba, R2H 0H9
Email: info@perfectonedrivingschool.com
www.perfectonedrivingschool.com
Like us on

BEST DEAL DRIVING SCHOOL
204-583-4500
Jaspreet Kaur Thind
Class 5 Instructor
Class 5 • Brush up Courses • Pickup and Drop
Special Discount for New Comers and Students

CUSHMAN & WAKEFIELD Winnipeg
Stevenson
WE ARE YOUR FULL SERVICE COMMERCIAL REAL ESTATE PARTNER
KHUSH GREWAL
Senior Associate
T 204 934 6210
khush.grewal@cwstevenson.ca
17 NIHAL BAY
(+/-) 1,100 - 4,400 SF Units For Lease

Dawat
Take Out Catering
ਖਾਣਾ ਤਿਆਰ ਹੈ ਬੱਸ ਆਕੇ ਲੈ ਜਾਓ
ਸੁਆਦਲੇ ਖਾਣਿਆਂ ਦਾ ਆਨੰਦ ਲੈਣ ਲਈ ਫੋਨ ਮਿਲਾਓ।
14 Keewatin ST
Winnipeg (MB)
204 582 6666
204 880 8770

It's the month of love

# FALL IN LOVE WITH YOUR NEW HOME

COPPERSTONE AT COPPERFIELD

SOUTHEAST CALGARY

Copperstone is an exceptionally designed, 70- acre master-planned community conceived, designed, and constructed by Vesta Properties, Copperstone showcases 448 homes with an array of home styles including: Award Winning Towhomes and Single Family Laned Homes.

Enjoy the impeccable greenspace areas and all major amenities in the neighborhood including commercial services, shopping, entertainment, hospital, and airport.

Learn more today!

**587.352.4266 | COPPERSTONELIVING.COM**
1233 Copperfield Blvd SE, Calgary, AB T2Z 5G1





SOUTHPOINT A MASTER PLANNED COMMUNITY

SOUTHWEST AIRDRIE

Southpoint, a vibrant 70-acre master planned community set in the heart of Airdrie boasts of aesthetic appeal and quality family life. Once complete Southpoint will feature 620 homes from an array of unique home styles such as: Freehold Rowhomes, Urban Townhomes and Lifestyle Townhomes.

More than 12 acres are dedicated to parks, greenspaces, and outdoor amenities such as basketball court, tennis court, BBQ pits, Picnic pods, and children's play area.

Learn more today!

**403.980.1979 | VESTASOUTHPOINT.COM**
600 South Point Heath SW, Airdrie, AB

PURCHASE A HOME IN THE MONTH OF FEBRUARY TO ENTER TO WIN A ROMANTIC GETAWAY FOR TWO

VESTA PROPERTIES

# ਲੋਹੜੀ ਮੌਕੇ ਪੰਜਾਬ ਇੰਸੋਰੈਂਸ ਵਾਲਿਆਂ ਨੇ 5000 ਡਾਲਰ ਦੇ ਇਨਾਮ ਕੱਢੇ

## ਜੇਤੂ ਬੱਚਿਆਂ ਤੇ ਮਾਪਿਆਂ ਨੂੰ ਰਾਣਾ, ਆਹੂਜਾ ਅਤੇ ਹਰਪਿੰਦਰ ਸਿੱਧੂ ਵੱਲੋਂ ਵਧਾਈਆਂ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਪਿਛਲੇ ਲੰਬੇ ਸਮੇਂ ਤੋ ਆਪਣੇ ਗਾਹਕਾਂ ਨੂੰ ਇੰਸੋਰੈਂਸ ਦੀਆਂ ਵੱਖ- ਵੱਖ ਸੇਵਾਵਾਂ ਅਤੇ ਲਾਭ ਦਿੰਦੀ ਆ ਰਹੀ ਪੰਜਾਬ ਇੰਸੋਰੈਂਸ ਇੰਕ ਨੇ ਇਸ ਵਾਰ ਲੋਹੜੀ ਦੇ ਤਿਉਹਾਰ ਮੌਕੇ 1000-1000 ਡਾਲਰ ਦੇ ਪੰਜ ਲੱਕੀ ਡਰਾਅ ਕੱਢੇ। ਕੰਪਨੀ ਵੱਲੋ ਲੋਹੜੀ ਤੋ ਪਹਿਲਾਂ ਆਪਣੇ ਗਾਹਕਾਂ, ਉਹਨਾਂ ਦੇ ਬੱਚਿਆਂ ਅਤੇ ਆਪਣਿਆਂ ਲਈ ਲੋਹੜੀ ਲੱਕੀ ਡਰਾਅ ਦਾ ਐਲਾਨ ਕੀਤਾ ਗਿਆ ਜਿਸ ਵਿਚ ਨਵ ਜਨਮੇ ਬੱਚਿਆਂ ਤੋ ਲੈਕੇ 25 ਸਾਲ ਦੇ ਉਮਰ ਤੱਕ ਦੇ ਬੱਚਿਆਂ ਦੇ ਨਾਮ ਲੱਕੀ ਡਰਾਅ ਵਿਚ ਸ਼ਾਮਿਲ ਕੀਤੇ ਗਏ। ਪੰਜਾਬ ਇੰਸੋਰੈਂਸ ਦੇ ਇਸ ਸਾਲਾਨਾ ਲੱਕੀ ਡਰਾਅ ਨੂੰ ਲੋਕਾਂ ਵਲੋ






ਭਰਵਾਂ ਹੁੰਗਾਰਾ ਦਿੱਤਾ ਗਿਆ। ਬੀਤੀ 14 ਜਨਵਰੀ ਨੂੰ ਇਹ ਲੱਕੀ ਡਰਾਅ ਬਰੈਂਪਟਨ , ਸਰੀ (ਬੀ ਸੀ) ਅਤੇ ਕੈਲਗਰੀ (ਅਲਬਰਟਾ) ਦੇ ਐਗਜੀਕਿਊਟਿਵਜ਼ ਵੱਲੋ ਆਨਲਾਈਨ ਕੱਢੇ ਗਏ। ਪੰਜਾਬ ਇੰਸੋਰੈਂਸ ਦੇ ਪ੍ਰੈਜੀਡੈਂਟ ਸ਼ੇਰਜੰਗ ਸਿੰਘ ਰਾਣਾ, ਪ੍ਰੈਜੀਡੈਂਟ (ਅਪ੍ਰੇਸ਼ਨ) ਸੰਦੀਪ ਅਹੂਜਾ ਅਤੇ ਕੈਲਗਰੀ ਦਫਤਰ ਇੰਚਾਰਜ ਹਰਪਿੰਦਰ ਸਿੰਘ ਸਿੱਧੂ ਦੀ ਨਿਗਰਾਨੀ ਹੇਠ ਇਹ ਲੋਹੜੀ ਲੱਕੀ ਡਰਾਅ ਆਨਲਾਈਨ ਕੱਢੇ ਗਏ। ਉਹਨਾਂ ਇਨਾਮ ਜਿੱਤਣ ਵਾਲੇ ਜੇਤੂ ਬੱਚਿਆਂ ਤੇ ਉਹਨਾਂ ਦੇ ਮਾਪਿਆਂ ਨੂੰ ਵਧਾਈਆਂ ਦਿੱਤੀਆਂ। ਕੱਢੇ ਗਏ ਲੱਕੀ ਡਰਾਅ ਵਿੱਚ ਇਨਾਮ ਜੇਤੂ ਬੱਚੇ ਰਹੇ ਬੱਚਿਆਂ ਵਿੱਚ ਅਮਰੋਜ਼ ਸਿੰਘ ਖੁਰਮੀ ਕੈਲਗਰੀ ਅਲਬਰਟਾ ਸੂਬੇ ਨਾਲ ਸਬੰਧਿਤ ਹੈ।ਜਿਹਨਾਂ ਨੂੰ 1000 ਡਾਲਰ ਦਾ ਲੱਕੀ ਵਿਜੇਤਾ ਐਲਾਨਿਆ ਗਿਆ। ਇਸ ਮੌਕੇ ਹਰਪਿੰਦਰ ਸਿੱਧੂ, ਮੁਨੀਸ ਮਹਿਨ ਅਤੇ ਗੁਰਿੰਦਰ ਚਾਹਲ ਨੇ ਜੇਤੂ ਬੱਚਿਆਂ ਅਤੇ ਉਹਨਾਂ ਦੇ ਮਾਪਿਆਂ ਨੂੰ ਸ਼ੁਭਕਾਮਨਾਵਾਂ ਦਿੰਦਿਆਂ ਉਹਨਾਂ ਦਾ ਪੰਜਾਬ ਇੰਸੋਰੈਂਸ ਨਾਲ ਜੁੜਨ ਲਈ ਧੰਨਵਾਦ ਵੀ ਕੀਤਾ। ਉਹਨਾਂ ਕਿਹਾ ਕਿ ਪੰਜਾਬ ਇੰਸੋਰੈਂਸ ਆਪਣੇ ਗਾਹਕਾਂ ਦੇ ਚੰਗੇ ਤੇ ਸੁਰੱਖਿਅਤ ਭਵਿੱਖ ਦੀ ਕਾਮਨਾ ਕਰਦੀ ਹੈ ਤੇ ਉਹਨਾਂ ਨੂੰ ਜੀਵਨ ਬੀਮਾ, ਸਿਹਤ, ਟਰੈਵਲ ਅਤੇ ਨਿਵੇਸ਼ਕ ਯੋਜਨਾਵਾਂ ਵਾਸਤੇ ਬੇਹਤਰ ਸੇਵਾਵਾਂ ਦੇਣ ਲਈ ਵਚਨਬੱਧ ਹੈ। ਪੰਜਾਬ ਇੰਸੋਰੈਂਸ ਨਾਲ ਬੇਹਤਰੀਨ ਸੇਵਾਵਾਂ ਲਈ ਕਿਸੇ ਵੇਲੇ ਵੀ ਸੰਪਰਕ ਕੀਤਾ ਜਾ ਸਕਦਾ ਹੈ।

# ਟਰੱਕਰਾਂ ਦੀ ਰੈਲੀ ਦਾ ਅਸਰ ਅਲਬਰਟਾ ਦੇ ਬੌਰਡਰਾਂ ਉੱਪਰ ਵੀ ਪੈ ਰਿਹਾ ਹੈ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਰਾਸ਼ਟਰੀ ਰਾਜਧਾਨੀ ਔਟਵਾ ਵਿੱਚ ਟਰੱਕਰਜ਼ ਕੌਨਵੌਇ ਦੀ ਤਰਜ਼ ਉੱਪਰ ਐਲਬਰਟਾ ਵਿੱਚ ਵੀ ਇਸ ਤਰ੍ਹਾਂ ਦੀ ਰੈਲੀ ਕੀਤੇ ਜਾਣ ਦੀ ਖ਼ਬਰ ਹੈ। ਆਰਸੀਐਮਪੀ ਵੱਲੋਂ ਜਾਰੀ ਇੱਕ ਸੂਚਨਾ ਵਿੱਚ ਕਿਹਾ ਗਿਆ ਹੈ ਕਿ ਕੈਨੇਡਾ-ਮੌਨਟੈਨਾ ਬੌਰਡਰ ਉੱਪਰ ਟ੍ਰੈਫਿਕ ਬੰਦ ਕਰਨਾ ਪਿਆ ਹੈ। ਲਗਾਤਾਰ ਦੂਜੇ ਦਿਨ ਅਜਿਹਾ ਕਰਨਾ ਪਿਆ ਹੈ। ਬੀਤੀ 30 ਜਨਵਰੀ ਵਾਲੇ ਦਿਨ ਇਸ ਕੂਟਸ ਬੌਰਡਰ 'ਤੇ 2 ਕਿਲੋਮੀਟਰ ਲੰਬੀ ਲਾਇਨ ਲੱਗੀ ਰਹੀ। ਮੁਜ਼ਾਹਰਾਕਾਰੀਆਂ ਨੇ ਇਸ ਰੋਡ ਨੂੰ ਬਲੌਕ ਕਰਕੇ ਇਹ ਸਥਿੱਤੀ ਪੈਦਾ ਕੀਤੀ ਦੱਸੀ ਜਾਂਦੀ ਹੈ। ਸ਼ਨੀਵਾਰ ਵਾਲੇ ਦਿਨ ਵੀ ਬੌਰਡਰ ਕ੍ਰੌਸਿੰਗ ਬੁਰੀ ਤਰ੍ਹਾਂ ਪ੍ਰਭਾਵਿਤ ਹੋਈ। ਕੈਨੇਡਾ ਬੌਰਡਰ ਸਰਵਿਸ ਏਜੰਸੀ ਦਾ ਕਹਿਣਾ ਹੈ ਕਿ ਬੌਰਡਰ ਕ੍ਰੌਸਿੰਗ ਭਾਵੇਂ ਖੁੱਲ੍ਹਿਆ ਸੀ ਪਰ ਲੋਕਾਂ ਨੂੰ ਓਥੇ ਪਹੁੰਚਣ ਵਿੱਚ ਘੰਟਿਆਂ ਬੱਧੀ ਸਮਾਂ ਲੱਗ ਰਿਹਾ ਸੀ। ਐਨਡੀਪੀ ਲੀਡਰ ਰੇਚੈਲ ਨੌਟਲੀ ਨੇ ਇਸ ਬਲੌਕੇਡ ਦੀ ਸਖ਼ਤ ਆਲੋਚਨਾ ਕੀਤੀ ਹੈ। ਐਲਬਰਟਾ ਪ੍ਰੀਮੀਅਰ ਜੇਸਨ ਕੈਨੀ ਨੇ ਵੀ ਇਸ ਬਲੌਕੇਡ ਦੀ ਆਲੋਚਨਾ ਕੀਤੀ ਹੈ ਤੇ ਕੁੱਝ ਸੂਚਨਾਵਾਂ ਵਿੱਚ ਕਿਹਾ ਜਾ ਰਿਹਾ ਹੈ ਕਿ ਯੂਸੀਪੀ ਦੇ ਵਿਧਾਇਕ ਗ੍ਰੈਂਟ ਹੰਟਰ ਵੀ ਪ੍ਰੋਟੈਸਟ ਵਿੱਚ ਸ਼ਾਮਿਲ ਹੋਏ ਹਨ ਤੇ ਉਹਨਾਂ ਨੇ ਇਸ ਬੰਦ ਦੀ ਹਿਮਾਇਤ ਕੀਤੀ ਹੈ। ਪ੍ਰੀਮੀਅਰ ਦਾ ਕਹਿਣਾ ਹੈ ਕਿ ਰੈਲੀ ਕਰਨਾ ਹੱਕ ਹੈ ਪਰ ਜਨ ਜੀਵਨ ਪ੍ਰਭਾਵਿਤ ਕਰਨਾ ਤੇ ਕਿਸੇ ਨੂੰ ਤੰਗ ਪਰੇਸ਼ਾਨ ਕਰਨਾ ਸਹੀ ਨਹੀਂ ਹੈ ਤੇ ਜੇ ਕੋਈ ਵੀ ਹੱਦ ਪਾਰ ਕਰਦਾ ਹੈ ਤਾਂ ਪੁਲਿਸ ਨੂੰ ਕਾਰਵਾਈ ਕਰਨੀ ਚਾਹੀਦੀ ਹੈ।

# ਥੋੜੇ ਮਹੀਨਿਆਂ ਦੇ ਕੋਰਸ ਉਪਰੰਤ ਤੁਸੀਂ ਆਪਣਾ ਬਿਜਨਿਸ ਸ਼ੁਰੂ ਕਰੋ ਜਾਂ ਨੌਕਰੀ ਵੀ ਕਰ ਸਕਦੇ ਹੋ

ਦਾਖਲਾ ਸ਼ੁਰੂ ਹੈ ਨਵਾਂ ਸੈਸ਼ਨ 18 ਜਨਵਰੀ 2022 ਤੋਂ ਸ਼ੁਰੂ ਹੈ
ਖੁਦ ਕੰਮ ਸਿੱਖਕੇ ਆਪਣੇ ਘਰ ਬੈਠਿਆਂ ਆਪਣਾ ਬਿਜਨਿਸ ਚਲਾਓ
GD COLLEGE CALGARY
INDIVIDUAL COURSES
We Provide Laser Hair Removal Treatments
• Eyelash Extensions • Facials • Manicure/Pedicure
• Eye brow/Eyelash Tinting • Threading • Microdermabrasion
• Eyelash Lift up • Makeup • Artificial Nails
• Waxing • Hair styling
ਸਟੂਡੈਂਟਸ ਲੋਨ ਵੀ ਮਿਲਦਾ ਹੈ
ਆਮ ਜਿੰਦਗੀ ਨੂੰ ਕਲਾ ਵਿੱਚ ਬਦਲੋ
DIPLOMA PROGRAMS
• Esthetics Diploma • Makeup Artistry Diploma • Nail Technician Diploma • Clinical Esthetics
Contact Us:
587-349-1110
www.gdcollege.ca | E-mail: info@gdcollege.ca
108-1935 27th Ave NE, Calgary, AB, T2E 4E7



ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) ਕਨੇਡਾ ਆਕੇ ਹਰ ਕੋਈ ਆਪਣੇ ਆਪ ਨੂੰ ਸਫਲ ਬਿਜਨਿਸਮੈਨ ਦੇ ਤੌਰ ਤੇ ਹੀ ਦੇਖਣਾ ਚਾਹੁੰਦਾ ਹੈ ਪਰ ਆਪਣਾ ਬਿਜਨਿਸ ਸੁਰੂ ਕਰਨ ਲਈ ਤੁਹਾਡੇ ਕੋਲ ਕਿਸੇ ਯੋਗਤਾ ਦਾ ਹੋਣਾ ਵੀ ਬਹੁਤ ਜਰੂਰੀ ਹੈ । ਤੁਹਾਡੀ ਇਸ ਇੱਛਾ ਦੀ ਪੂਰਤੀ ਲਈ ਜਦੋਂ ਅਸੀਂ ਪੰਜਾਬੀ ਅਖ਼ਬਾਰ ਵੱਲੋਂ ਕੈਲਗਰੀ ਦੀ ਨਾਮਵਰ ਸ਼ਖ਼ਸੀਅਤ ਜਸਰੀਨ ਰਾਇਨ ਜੋ ਕਿ ਪੰਜਾਬੀ ਸੰਗੀਤ ਇੰਡਸਟਰੀ ਦੇ ਵੱਡੇ ਨਾਂ ਬੱਬੂ ਮਾਨ, ਪ੍ਰੇਮ ਢਿੱਲੋਂ,ਜੱਸੀ ਗਿੱਲ ਅਤੇ ਰਾਜ ਰਣਯੋਧ ਜਿਹੇ ਟੌਪਰ ਕਲਾਕਾਰਾਂ ਨਾਲ ਕੰਮ ਕਰ ਚੁੱਕੀ ਹੈ ਦਾ ਕਹਿਣਾ ਹੈ ਕਿ ਤੁਹਾਡੇ ਵਿੱਚ ਖੁਦ ਕੁੱਝ ਕਰਨ ਦੀ ਇੱਛਾ ਹੋਣੀ ਚਾਹੀਦੀ ਹੈ ਤਾਂ ਤੁਸੀਂ ਆਪਣੀ ਹਰ ਚਾਹਤ ਪੂਰੀ ਕਰ ਸਕਦੇ ਹੋ । ਜਸਰੀਨ ਰਾਇਨ ਜੀ ਡੀ ਕਾਲਿਜ ਕੈਲਗਰੀ ਦੀ ਸੰਚਾਲਕ ਹੈ ਜਿੱਥੋਂ ਲੜਕੀਆਂ ਸਿਖਿਆ ਪਰਾਪਤ ਕਰਕੇ ਆਪਣਾ ਭਵਿੱਖ ਸੁਨਿਹਰਾ ਬਣਾ ਸਕਦੀਆਂ ਹਨ । ਮੇਕਅੱਪ,ਨੇਲਜ,ਬਿਊਟੀ ਪਾਰਲਰ ਅਤੇ ਲੇਜਰ ਆਦਿ ਦੇ ਕੋਰਸਾਂ ਆਹ ਜਨਵਰੀ ਵਾਲਾ ਬੈਚ ਤਾਂ ਸੁਰੂ ਹੋ ਚੁੱਕਿਆ ਹੈ ਪਰ ਹੁਣ ਅਗਲਾ ਬੈਚ ਮਾਰਚ ਵਿੱਚ ਸੁਰੂ ਹੋਵੇਗਾ। ਇਹ ਕਾਲਿਜ ਸਰਕਾਰੀ ਫੰਡਿਡ ਹੈ ਜਿੱਥੋ ਤੁਸੀ ਸਰਟੀਫਿਕੇਟ ਲੈਕੇ ਆਪਣਾ ਕੰਮਕਾਰ ਸੁਰੂ ਕਰ ਸਕਦੇ ਹੋ ਜਾਂ ਫਿਰ ਚੰਗੀ ਜੌਬ ਵੀ ਲੈ ਸਕਦੇ ਹੋ। ਜਸਰੀਨ ਰਾਇਨ ਦਾ ਆਪਣਾ ਖੁਦ ਦਾ ਇਸ ਇੰਡਸਟਰੀ ਵਿੱਚ 10 ਸਾਲ ਦਾ ਤਜ਼ਰਬਾ ਹੈ ਜਿਸ ਦਾ ਸਾਡੀਆਂ ਪੰਜਾਬੀ ਭਾਈਚਾਰੇ ਦੀਆਂ ਬੀਬੀਆਂ ਭੈਣਾ ਫਾਇਦਾ ਉਠਾ ਸਕਦੀਆਂ ਹਨ। ਇੱਕ ਵਾਰ ਕੋਰਸ ਕਰਕੇ ਜਦੋਂ ਸਰਟੀਫਿਕੇਟ ਤੁਹਾਡੇ ਹੱਥ ਆ ਗਿਆ ਤਾਂ ਤੁਸੀਂ ਵੀ ਆਪਣੇ ਘਰ ਬੈਠਿਆਂ ਹੀ ਹਜਾਰਾਂ ਡਾਲਰ ਕਮਾ ਸਕੋਗੇ ।

# ਇੰਡੀਅਨ ਐਕਸ ਸਰਵਿਸਮੈਨ ਇੰਮੀਗਰਾਂਟ ਐਸੋਸੀਏਸ਼ਨ ਕੈਲਗਰੀ ਵੱਲੋਂ ਗਣਤੰਤਰ ਦਿਵਸ ਮਨਾਇਆ ਗਿਆ









ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਵਿਖੇ ਸਥਾਪਿਤ ਇੰਡੀਅਨ ਐਕਸ ਸਰਵਿਸਮੈਨ ਇੰਮੀਗਰਾਂਟ ਐਸੋਸੀਏਸ਼ਨ ਜਿਸ ਨੂੰ ਆਮ ਲੋਕਾਂ ਦੀ ਬੋਲੀ ਵਿੱਚ ਫੌਜੀਆਂ ਦੀ ਸੁਸਾਇਟੀ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ ,ਉਹਨਾਂ ਵੱਲੋਂ ਬੀਤੀ 26 ਜਨਵਰੀ ਨੂੰ ਆਪਣੇ ਜੰਮਣਭੋਇ ਮੁਲਕ ਭਾਰਤ ਦਾ ਗਣਤੰਤਰ ਦਿਵਸ ਮਨਾਇਆ ਗਿਆ। ਇਸ ਮੌਕੇ ਸੰਸਥਾ ਦੇ ਪ੍ਰਧਾਨ ਸ਼ ਬਲਕਾਰ ਸਿੰਘ ਸੰਧੂ ਵੱਲੋਂ ਭਾਰਤ ਦੇ ਕੌਮੀ ਝੰਡੇ ਨੂੰ ਸਲਾਮੀ ਦਿੱਤੀ ਗਈ । ਮੰਚ ਉਪਰੋਂ ਦੇਸਭਗਤੀ ਦੀਆਂ ਗੱਲਾਂ ਹੋਈਆਂ। ਹਾਸੇ ਮਜਾਕ ਦੀਆਂ ਗੱਲਾਂ ਤੋਂ ਇਲਾਵਾ ਬੁਲਾਰਿਆਂ ਨੇ ਦੇਸ਼ਭਗਤੀ ਦੇ ਗੀਤਾਂ ਨਾਲ ਵੀ ਖੂਬ ਰੌਣਕਾਂ ਲਾਈਆਂ। ਆਏ ਹੋਏ ਸਾਰੇ ਮਹਿਮਾਨਾਂ ਲਈ ਗਰਮਾਂ ਗਰਮ ਖਾਣੇ ਦਾ ਬਹੁਤ ਵਧੀਆ ਪਰਬੰਧ ਸੀ। ਕੋਵਿਡ ਸਬੰਧੀ ਹਿਦਾਇਤਾਂ ਦਾ ਪੂਰਾ ਪਾਲਣ ਕੀਤਾ ਗਿਆ ।

SUPERVISA Medical Insurance
ਜਿਹੜੀਆਂ ਸੇਵਾਵਾਂ ਇੰਸ਼ੋਰੈਂਸ ਕਰਨ ਵੇਲੇ ਦੱਸਣਗੇ ਲੋੜ ਪੈਣ ਤੇ ਉਹੀ ਮਿਲਣਗੀਆਂ

Harpinder Sidhu
REGIONAL MANAGER
403 404 3500
sidhu.harpinder@gmail.com
Punjab Insurance Inc
SERVICES
▪ Life Insurance
▪ Mortgage Insurance
▪ Critical Illness Insurance
▪ Disability Insurance
ਤਜ਼ਰਬੇਕਾਰ ਅਤੇ ਭਰੋਸੇਯੋਗ ਟੀਮ ਦੇ ਮੈਂਬਰ ਤੁਹਾਡੀ ਸੇਵਾ ਵਿੱਚ

Gurinder Chahal
MANAGER
587 707 7000
cgyquotes@gmail.com

A PLUS
• ਤੁਹਾਡੇ ਮਿਹਨਤ ਨਾਲ ਕਮਾਏ ਡਾਲਰਾਂ ਦਾ ਸਹੀ ਮੁੱਲ ਮਿਲੇ ਅਤੇ ਲਾਰੇ ਲੱਪਿਆਂ ਤੋਂ ਪਹਿਲਾਂ ਠੀਕ ਟਿਕਾਣੇ ਉੱਪਰ ਪੁੱਜਣ।
• ਪੰਜਾਬ ਤੋਂ ਰੁਪਈਏ ਦੇ ਬਦਲੇ ਡਾਲਰ ਵਧੀਆ ਰੇਟ ਉੱਪਰ ਕਨੇਡਾ ਬੈਠੇ ਹੀ ਲਓ।
• ਸਾਡੇ ਕੋਲੋਂ ਇੱਕ ਬਾਰ ਰੇਟ ਜ਼ਰੂਰ ਜਾਣ ਲਓ।
• ਇੰਡੀਆ ਪੈਸੇ ਭੇਜਣ ਜਾਂ ਮੰਗਵਾਉਣ ਲਈ ਭਰੋਸੇਮੰਦ ਨਾਂ।
A-Plus Foreign Exchange
#333-55 Westwinds Cres NE
(ਸੁਪਰ ਸਟੋਰ ਦੇ ਨੇੜੇ ਸਮੋਸਾ ਫੈਕਟਰੀ ਵਾਲੇ ਪਲਾਜੇ ਵਿਚ)
Calgary (AB) T3J 5H2

Kewal Sangha
587 582 6666
• ਤੁਹਾਨੂੰ ਕਚਿਹਰੀਆਂ ਵਿੱਚ ਖੱਜਲ ਖੁਆਰ ਹੋਣ ਦੀ ਲੋੜ ਨਹੀਂ।
• ਤੁਹਾਡੀ ਆਪਣੀ ਹੀ ਜ਼ਮੀਨ ਜਾਇਦਾਦ ਦੀ ਹੋਈ ਬੇ-ਮਾਲਕੀ ਨੂੰ ਅਸੀਂ ਮਾਲਕੀ ਬਣਾਵਾਂਗੇ।
• ਸਾਡੇ ਕੋਲ ਕਨੇਡਾ ਅਤੇ ਇੰਡੀਆ ਵਿੱਚ ਤਜ਼ਰਬੇਕਾਰ ਮਾਹਿਰ ਵਕੀਲਾਂ ਦੀ ਟੀਮ ਹੈ।
• ਜ਼ਮੀਨ/ਜਾਇਦਾਦ ਦੀ ਖ਼ਰੀਦ/ਵੇਚ ਸਬੰਧੀ ਕੋਈ ਵੀ ਮਸਲਾ ਹੋਵੇ ਤਾਂ ਸਾਨੂੰ ਸੰਪਰਕ ਕਰੋ।
A Plus
Immigration & NRI Solutions
nriservicecalgary@gmail.com

A-Class Auto Body Ltd.
Now Operating as
FIX AUTO CALGARY NORTH EAST
Complete Collison Repairs & Painting
ਆਟੋ ਬਾਡੀ ਦੇ ਤਸੱਲੀਬਖਸ਼ ਕੰਮ ਗਰੰਟੀ ਦੇ ਨਾਲ ਵਾਜਬ ਦਾਮ 'ਤੇ ਕਰਵਾਉਣ ਲਈ ਜ਼ਰੂਰ ਆਓ।
Insurance Claims
Courtesy Cars
All Work Guaranteed
Mike Randev
R.Gill
Tel : (403) 273-8889
Fax : (403) 273-8812
720 Moraine Road NE, Calgary, AB, T2A 2P3
Email: aclass@aclassautobady.ca

# ਕਰੋਨਾ ਵੈਕਸੀਨ ਨਾ ਲਗਵਾਉਣ ਦੇ ਚਾਹਵਾਨ ਟਰੱਕਰਾਂ ਨੇ ਕਨੇਡਾ ਦੀ ਪਾਰਲੀਮੈਂਟ ਘੇਰ ਰੱਖੀ ਐ




ਔਟਵਾ (ਪੰਜਾਬੀ ਅਖ਼ਬਾਰ ਬਿਊਰੋ) ਇਹਨੀ ਦਿਨੀ ਪਾਰਲੀਮੈਂਟ ਵੱਲ ਨੂੰ ਜਾਂਦਾ ਹਰ ਰਸਤਾ ਬਲੌਕ ਹੋ ਚੁੱਕਿਆ ਹੈ ਤੇ ਟ੍ਰੱਕਰ ਕੌਨਵੌਇ ਰੈਲੀ ਦੇ ਚਲਦਿਆਂ ਪਾਰਲੀਮੈਂਟ ਤੱਕ ਪਹੁੰਚਣਾ ਬਹੁਤ ਮੁਸ਼ਕਿਲ ਹੋ ਚੁੱਕਿਆ ਹੈ। ਔਟਵਾ ਪੁਲਿਸ ਦਾ ਕਹਿਣਾ ਹੈ ਕਿ ਕਈ ਰਾਸ਼ਟਰੀ ਮਹੱਤਵ ਦੇ ਸਥਾਨਾਂ ਅਤੇ ਜੰਗੀ ਯਾਦਗਾਰਾਂ ਦੀ ਬੇਹੁਰਮਤੀ ਕੀਤੇ ਜਾਣ ਦੇ ਮਾਮਲੇ ਦੀ ਕ੍ਰਿਮਿਨਲ ਇਨਵੈਸਟਿਗੇਸ਼ਨ ਸ਼ੁਰੂ ਕਰ ਦਿੱਤੀ ਗਈ ਹੈ। ਪੁਲਿਸ ਅਧਿਕਾਰੀਆਂ, ਸਿਟੀ ਕਰਮਚਾਰੀਆਂ ਅਤੇ ਹੋਰਨਾਂ ਕਈ ਵਿਅਕਤੀਆਂ ਨੂੰ ਧਮਕੀ ਭਰੇ, ਗ਼ੈਰਕਾਨੂੰਨੀ ਅਤੇ ਡਰਾਉਣ ਵਾਲੇ ਸੁਨੇਹੇ ਦਿੱਤੇ ਗਏ ਹਨ ਜਿਹਨਾਂ ਦੀ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ। ਔਟਵਾ ਵਿੱਚ ਸਧਾਰਨ ਜਨ ਜੀਵਨ ਬੁਰੀ ਤਰ੍ਹਾਂ ਪ੍ਰਭਾਵਿਤ ਹੋਇਆ ਹੈ। ਬੇਹੱਦ ਸ਼ੋਰ-ਸ਼ਰਾਬਾ ਹੋਣ ਕਾਰਨ ਲੋਕਾਂ ਦੀ ਰਾਤਾਂ ਦੀ ਨੀਂਦ ਉਡ ਗਈ ਹੈ। ਚਾਰੇ ਪਾਸੇ ਅਫ਼ਰਾ-ਤਫ਼ਰੀ ਦਾ ਮਹੌਲ ਬਣਿਆ ਹੋਇਆ ਹੈ। ਵੌਰ ਮੈਮੋਰੀਅਲ ਦੇ ਹੇਠਾਂ ਪਿਸ਼ਾਬ ਕਰਕੇ ਉਸ ਨੂੰ ਖ਼ਰਾਬ ਕਰ ਦਿੱਤਾ ਗਿਆ ਹੈ। ਟੈਰੀ ਫੌਕਸ ਦੇ ਬੁੱਤ ਦੁਆਲੇ ਰਾਸ਼ਟਰੀ ਝੰਡੇ ਨੂੰ ਪੁੱਠਾ ਕਰਕੇ ਉਸ ਉੱਪਰ ਸਵਾਸਤਿਕਾ ਦੇ ਨਿਸ਼ਾਨ ਬਣਾ ਕੇ ਟੰਗਿਆ ਗਿਆ ਦੱਸਿਆ ਜਾਂਦਾ ਹੈ। ਕਈ ਟਰੱਕਿੰਗ ਸੰਗਠਨਾਂ ਨੇ ਖੁਦ ਨੂੰ ਇਸ ਰੈਲੀ ਤੋਂ ਅਲੱਗ ਕਰ ਲਿਆ ਹੈ। ਕਈ ਝੰਡਿਆਂ ਉੱਪਰ ਪ੍ਰਾਇਮ ਮਨਿਸਟਰ ਵਾਸਤੇ ਘਟੀਆ ਸ਼ਬਦਾਂ ਦੀ ਵਰਤੋਂ ਕੀਤੀ ਗਈ ਸੀ। ਗੋ ਫੰਡ ਮੀ ਰਾਹੀਂ 8 ਮਿਲੀਅਨ ਡਾਲਰ ਤੋਂ ਵੱਧ ਰਕਮ ਇੱਕਠੀ ਕੀਤੀ ਗਈ ਹੈ। ਪੀਪਲ'ਜ਼ ਪਾਰਟੀ ਔਫ਼ ਕੈਨੇਡਾ ਦੇ ਮੁਖੀ ਮੈਕਸਿਨ ਬਰਨੀਏ ਇਸ ਰੈਲੀ ਵਿੱਚ ਲਗਾਤਾਰ ਹਾਜ਼ਰ ਰਹੇ ਜਦੋਂ ਕਿ ਕੰਜ਼ਰਵੇਟਿਵ ਪਾਰਟੀ ਦੇ ਸੇਂਟ-ਐਲਬਰਟ-ਐਡਮੰਟਨ ਤੋਂ ਐਮਪੀ ਮਾਇਕਲ ਕੂਪਰ ਵੀ ਇਸ ਰੈਲੀ ਵਿੱਚ ਪਾਰਲੀਮੈਂਟ ਹਿਲ 'ਤੇ ਸ਼ਾਮਿਲ ਹੋਏ ਤੇ ਉਹਨਾਂ ਦੀ ਇੱਕ ਤਸਵੀਰ ਵਿੱਚ ਉਹਨਾਂ ਦੇ ਪਿਛੇ ਇੱਕ ਵਿਅਕਤੀ ਕੈਨੇਡਾ ਦੇ ਝੰਡੇ ਉੱਪਰ ਨਾਜ਼ੀ ਚਿੰਨ੍ਹ ਪ੍ਰਿੰਟ ਕਰਕੇ ਲਹਿਰਾਉਂਦਾ ਨਜ਼ਰ ਆ ਰਿਹਾ ਹੈ। ਐਮਪੀ ਕੂਪਰ ਨੇ ਖੁਦ ਨੂੰ ਇਸ ਤੋਂ ਵੱਖ ਕਰਦਿਆਂ ਕਿਹਾ ਹੈ ਕਿ ਉਹ ਨਾਜ਼ੀਆਂ ਦੇ ਹਿਮਾਇਤੀ ਨਹੀਂ ਹਨ। ਫੈਡਰਲ ਕੰਜ਼ਰਵੇਟਿਵ ਪਾਰਟੀ ਦੇ ਲੀਡਰ ਐਰਿਨ ਓਟੂਲ ਨੇ ਇਸ ਰੈਲੀ ਦਾ ਸਮਰਥਨ ਕਰ ਦਿੱਤਾ ਹੈ। ਇੱਕ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਪ੍ਰਾਇਮ ਮਨਿਸਟਰ ਜਸਟਿਨ ਟਰੂਡੋ ਅਤੇ ਉਹਨਾਂ ਦੇ ਪਰਿਵਾਰ ਨੂੰ ਸੁਰੱਖਿਅਤ ਕੱਢ ਲਿਆ ਗਿਆ ਹੈ ਤੇ ਉਹ ਕਿਸੇ ਅਣਦੱਸੀ ਥਾਂ 'ਤੇ ਪਹੁੰਚਾਏ ਗਏ ਹਨ।

# ਪੰਜਾਬ ਵਿਧਾਨ ਸਭਾ ਦੀਆਂ ਚੋਣ ਸਰਗਰਮੀਆਂ ਨੇ ਜ਼ੋਰ ਫੜਿਆ




ਰੀਜਾਇਨਾ (ਪੰਜਾਬੀ ਅਖ਼ਬਾਰ ਬਿਊਰੋ) ਪੰਜਾਬ ਵਿੱਚ ਹੋਣ ਵਾਲੀਆਂ ਵਿਧਾਨਸਭਾ ਚੋਣਾਂ ਦੀਆਂ ਸਰਗਰਮੀਆਂ ਜ਼ੋਰ ਫੜਦੀਆਂ ਜਾ ਰਹੀਆਂ ਹਨ। ਕਿਸਾਨ ਮੋਰਚੇ ਤੋਂ ਵੱਖ ਹੋ ਕੇ ਬਣੇ ਸੰਯੁਕਤ ਸਮਾਜ ਮੋਰਚੇ ਵੱਲੋਂ 12 ਉਮੀਦਵਾਰਾਂ ਦੀ ਇੱਕ ਹੋਰ ਸੂਚੀ ਜਾਰੀ ਕਰ ਦਿੱਤੀ ਗਈ ਹੈ ਜਦੋਂ ਕਿ ਭਾਰਤੀ ਜਨਤਾ ਪਾਰਟੀ ਵੱਲੋਂ 27 ਉਮੀਦਵਾਰਾਂ ਦੀ ਸੂਚੀ ਜਾਰੀ ਕਰ ਦਿੱਤੀ ਗਈ ਹੈ। ਫਤਹਿ ਸਿੰਘ ਬਾਜਵਾ ਨੂੰ ਬਟਾਲਾ ਤੋਂ ਅਤੇ ਸਰਬਜੀਤ ਸਿੰਘ ਮੱਕੜ ਨੂੰ ਜਲੰਧਰ ਕੈਂਟ ਤੋਂ ਉਮੀਦਵਾਰ ਬਣਾਇਆ ਗਿਆ ਹੈ। ਉੱਧਰ ਪੰਜਾਬ ਯੂਥ ਕਾਂਗਰਸ ਪ੍ਰੈਜ਼ੀਡੈਂਟ ਜਸਵਿੰਦਰ ਜੱਸੀ ਨੇ ਪਾਰਟੀ ਤੋਂ ਅਸਤੀਫਾ ਦਿੰਦਿਆਂ ਖਰੜ ਹਲਕੇ ਤੋਂ ਆਜ਼ਾਦ ਉਮੀਦਵਾਰ ਵੱਜੋਂ ਚੋਣ ਲੜਣ ਦਾ ਐਲਾਨ ਕਰ ਦਿੱਤਾ ਹੈ। ਅਕਾਲੀ ਦਲ ਆਗੂ ਹਰਚਰਨ ਸਿੰਘ ਬੈਂਸ ਨੇ ਪ੍ਰੈਸ ਕਾਨਫ਼ਰੰਸ ਕਰਕੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਅਤੇ ਉਸ ਵੇਲੇ ਦੇ ਡੀਜੀਪੀ ਐਸ ਚੱਟੋਪਾਧਿਆਏ 'ਤੇ ਗੰਭੀਰ ਦੋਸ਼ ਲਗਾਉਂਦਿਆਂ ਕਿਹਾ ਹੈ ਕਿ ਪ੍ਰਾਇਮ ਮਨਿਸਟਰ ਨਰੇਂਦਰ ਮੋਦੀ ਦੀ ਪੰਜਾਬ ਫੇਰੀ ਮੌਕੇ ਇੰਟੈਲਿਜੈਂਸ ਵਿੰਗ ਨੂੰ ਇੱਕ ਨਿੱਜੀ ਏਜੰਸੀ ਦੇ ਹੱਥਾਂ ਵਿੱਚ ਦੇ ਦਿੱਤਾ ਸੀ ਤੇ ਉਹਨਾਂ ਨੂੰ ਦੂਜੀਆਂ ਪਾਰਟੀਆਂ ਦੇ ਉਮੀਦਵਾਰਾਂ ਦੇ ਖਿਲਾਫ਼ ਜਾਣਕਾਰੀ ਇੱਕਠੀ ਕਰਨ ਲਈ ਕਿਹਾ ਸੀ। ਉਹਨਾਂ ਇਸ ਮਾਮਲੇ ਦੀ ਜਾਂਚ ਕਰਵਾਉਣ ਦੀ ਮੰਗ ਕੀਤੀ ਹੈ। ਕਾਂਗਰਸ ਦੇ ਸਾਬਕਾ ਪ੍ਰੈਜ਼ੀਡੈਂਟ ਰਾਹੁਲ ਗਾਂਧੀ ਪੰਜਾਬ ਦੌਰੇ 'ਤੇ ਆਏ। ਉਹਨਾਂ 117 ਉਮੀਦਵਾਰਾਂ ਦੇ ਨਾਲ ਦਰਬਾਰ ਸਾਹਿਬ, ਦਰਗਿਆਣਾ ਮੰਦਰ ਅਤੇ ਰਾਮਤੀਰਥ ਅਸਥਾਨ ਪਹੁੰਚ ਕੇ ਮੱਥਾ ਟੇਕਿਆ ਅਤੇ ਜਲਿਆਂਵਾਲਾ ਬਾਗ਼ ਵਿੱਚ ਸ਼ਹੀਦਾਂ ਨੂੰ ਯਾਦ ਕੀਤਾ। ਭਾਰਤ ਵਿੱਚ ਰਾਜਨੀਤਕ ਦਲ-ਬਦਲੂਆਂ ਦਾ ਇਧਰੋਂ-ਉੱਧਰ ਜਾਣ ਦਾ ਸਿਲਸਿਲਾ ਜਾਰੀ ਹੈ ਤੇ ਇਸੇ ਸਿਲਸਿਲੇ ਵਿੱਚ ਕਾਂਗਰਸ ਦੇ ਸਾਬਕਾ ਕੇਂਦਰੀ ਮੰਤਰੀ ਤੇ ਪਾਰਟੀ ਦੇ ਸਟਾਰ ਪ੍ਰਚਾਰਕ ਆਰਪੀਐਨ ਸਿੰਘ ਨੇ ਭਾਰਤੀ ਜਨਤਾ ਪਾਰਟੀ ਦਾ ਲੜ ਫੜ ਲਿਆ ਹੈ। ਉਨ੍ਹਾਂ ਕਿਹਾ ਕਿ ਉਹ 32 ਸਾਲ ਇੱਕੋ ਸਿਆਸੀ ਪਾਰਟੀ, ਕਾਂਗਰਸ ਵਿੱਚ ਰਹੇ ਪਰ ਹੁਣ ਉਹ ਪਾਰਟੀ ਪਹਿਲਾਂ ਵਰਗੀ ਨਹੀਂ ਰਹੀ। ਇਸ ਨੂੰ ਕਾਂਗਰਸ ਲਈ ਵੱਡਾ ਝਟਕਾ ਮੰਨਿਆ ਜਾ ਰਿਹਾ ਹੈ। ਸੰਯੁਕਤ ਸੰਯੁਕਤ ਸਮਾਜ ਮੋਰਚਾ ਨੇ ਆਪਣੇ ਐਲਾਨੇ ਗਏ ਦੋ ਉਮੀਦਵਾਰਾਂ ਦੇ ਨਾਮ ਵਾਪਸ ਲੈ ਲਏ ਹਨ। ਜਿਨ੍ਹਾਂ ਦੀਆਂ ਟਿਕਟਾਂ ਰੱਦ ਕੀਤੀਆਂ ਗਈਆਂ ਹਨ, ਉਨ੍ਹਾਂ ਵਿੱਚ ਅਕਾਲੀ ਆਗੂ ਪ੍ਰੇਮ ਸਿੰਘ ਚੰਦੂਮਾਜਰਾ ਦੇ ਭਤੀਜੇ ਹਰਵਿੰਦਰ ਸਿੰਘ ਹਰਪਾਲਪੁਰ, ਰਾਜਪੁਰਾ ਤੋਂ ਉਮੀਦਵਾਰ ਸਨ ਅਤੇ ਕਾਦੀਆਂ ਤੋਂ ਬਲਰਾਜ ਸਿੰਘ ਠਾਕੁਰ ਸ਼ਾਮਿਲ ਹਨ। ਪਾਰਟੀ ਬੁਲਾਰੇ ਦਾ ਕਹਿਣਾ ਹੈ ਕਿ ਇਨ੍ਹਾਂ ਉਮੀਦਵਾਰਾਂ ਨੂੰ ਬਦਲਣ ਲਈ ਲੋਕਾਂ ਵੱਲੋਂ ਵਿਆਪਕ ਫੀਡਬੈਕ ਮਿਲਿਆ ਸੀ ਅਤੇ ਉਨ੍ਹਾਂ ਨੇ ਬਿਹਤਰ ਉਮੀਦਵਾਰਾਂ ਦੇ ਨਾਮ ਦੇ ਸੁਝਾਅ ਵੀ ਦਿੱਤੇ ਹਨ। ਇਸ ਲਈ, ਉਨ੍ਹਾਂ ਨੂੰ ਬਦਲ ਦਿੱਤਾ ਗਿਆ ਹੈ।

# ਚੰਨੀ ਅਤੇ ਮਜੀਠੀਆ ਦੋ ਦੋ ਥਾਵਾਂ ਤੋਂ ਚੋਣ ਲੜਨਗੇ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਪੰਜਾਬ ਵਿਧਾਨਸਭਾ ਚੋਣਾਂ ਦੇ ਮੱਦੇਨਜ਼ਰ ਪੰਜਾਬ ਕਾਂਗਰਸ ਨੇ ਆਪਣੇ ਉਮੀਦਵਾਰਾਂ ਦੀ ਤੀਜੀ ਤੇ ਆਖ਼ਰੀ ਸੂਚੀ ਜਾਰੀ ਕਰ ਦਿੱਤੀ ਹੈ। ਇਸ ਵਿੱਚ ਬਾਕੀ ਰਹਿੰਦੇ 8 ਉਮੀਦਵਾਰਾਂ ਨੂੰ ਟਿਕਟ ਦਿੱਤੀ ਗਈ ਹੈ। ਪਟਿਆਲਾ ਤੋਂ ਸਾਬਕਾ ਮੇਅਰ ਵਿਸ਼ਨੂੰ ਸ਼ਰਮਾ ਨੂੰ ਪਾਰਟੀ ਨੇ ਉਮੀਦਵਾਰ ਬਣਾਇਆ ਹੈ। ਮੁੱਖ ਮੰਤਰੀ ਨੂੰ ਭਦੌੜ ਸੀਟ ਤੋਂ ਵੀ ਉਮੀਦਵਾਰ ਐਲਾਨ ਦਿੱਤਾ ਗਿਆ ਹੈ। ਜਲਾਲਾਬਾਦ ਤੋਂ ਮੋਹਨ ਸਿੰਘ ਫ਼ਲੀਆਂਵਾਲਾ ਨੂੰ ਉਮੀਦਵਾਰ ਬਣਾਇਆ ਗਿਆ ਹੈ ਤੇ ਨਵਾਂਸ਼ਹਿਰ ਤੋਂ ਮੌਜੂਦਾ ਵਿਧਾਇਕ ਅੰਗਦ ਸਿੰਘ ਦੀ ਉਮੀਦਵਾਰ ਰੱਦ ਕਰ ਦਿੱਤੀ ਗਈ ਹੈ ਤੇ ਉਹਨਾਂ ਅਜ਼ਾਦ ਚੋਣ ਲੜਣ ਦਾ ਐਲਾਨ ਵੀ ਕਰ ਦਿੱਤਾ ਹੈ। ਜਲਾਲਾਬਾਦ ਤੋਂ ਵਿਧਾਇਕ ਰਮਿੰਦਰ ਆਵਲਾ ਅਤੇ ਅਟਾਰੀ ਤੋਂ ਐਮ.ਐਲ.ਏ. ਤਰਸੇਮ ਸਿੰਘ ਡੀ ਸੀ ਨੂੰ ਵੀ ਟਿਕਟ ਨਹੀਂ ਦਿੱਤੀ ਗਈ ਹੈ। ਸਭ ਤੋਂ ਹੈਰਾਨ ਕਰਨ ਵਾਲਾ ਫੈਸਲਾ ਚਰਨਜੀਤ ਸਿੰਘ ਚੰਨੀ ਨੂੰ ਦੋ ਥਾਵਾਂ ਤੋਂ ਚੋਣ ਲੜਾਉਣ ਦਾ ਰਿਹਾ ਹੈ। ਉਹ ਚਮਕੌਰ ਸਾਹਿਬ ਤੋਂ ਵੀ ਚੋਣ ਲੜਨਗੇ। ਹੁਣ ਪੰਜਾਬ ਵਿੱਚ ਬਿਕਰਮ ਸਿੰਘ ਮਜੀਠੀਆ ਅਤੇ ਚਰਨਜੀਤ ਸਿੰਘ ਚੰਨੀ ਹੀ ਅਜਿਹੇ ਉਮੀਦਵਾਰ ਹਨ ਜਿਹੜੇ ਦੋ-ਦੋ ਸੀਟਾਂ ਤੋਂ ਚੋਣ ਲੜਨਗੇ। ਉੱਧਰ, ਭਾਰਤੀ ਚੋਣ ਕਮਿਸ਼ਨ ਨੇ ਰੋਡ ਸ਼ੋਅ, ਪਦ-ਯਾਤਰਾ, ਸਾਈਕਲ/ਬਾਈਕ/ਵਾਹਨ ਰੈਲੀਆਂ ਅਤੇ ਜਲੂਸਾਂ 'ਤੇ 11 ਫਰਵਰੀ ਤੱਕ ਪਾਬੰਦੀ ਵਧਾ ਦਿੱਤੀ ਹੈ। ਜਨਤਕ ਮੀਟਿੰਗਾਂ, ਬੰਦ ਥਾਵਾਂ 'ਤੇ ਮੀਟਿੰਗਾਂ ਅਤੇ ਘਰ-ਘਰ ਪ੍ਰਚਾਰ ਲਈ ਲੋਕਾਂ ਦੇ ਇਕੱਠ 'ਤੇ ਲੱਗੀ ਪਾਬੰਦੀ ਵਿੱਚ ਛੋਟ ਦਿੱਤੀ ਗਈ ਹੈ। ਹੁਣ ਪਾਰਟੀ ਅਤੇ ਉਮੀਦਵਾਰ ਹੁਣ ਇਨਡੋਰ ਅਤੇ ਆਊਟਡੋਰ ਥਾਵਾਂ 'ਤੇ 50 ਫੀਸਦ ਭੀੜ ਇਕੱਠੀ ਕਰ ਸਕਦੇ ਹਨ। ਘਰ-ਘਰ ਚੋਣ ਪ੍ਰਚਾਰ ਲਈ ਹੁਣ 10 ਤੋਂ ਵਧਾ 20 ਲੋਕਾਂ ਦੀ ਇਜਾਜ਼ਤ ਦੇ ਦਿੱਤੀ ਗਈ ਹੈ। ਜਿਸ ਵਿੱਚ ਸੁਰੱਖਿਆ ਕਰਮੀ ਵੀ ਸ਼ਾਮਿਲ ਹੋਣਗੇ।

# ਕਾਰ ਚਾਲਕਾਂ ਵੱਲੋਂ ਕੀਤੀ ਫਾਇਰਿੰਗ ਵਿੱਚ ਇੱਕ ਜ਼ਖ਼ਮੀ ਹੋਇਆ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਲੰਘੇ ਸ਼ਨੀਵਾਰ 29 ਜਨਵਰੀ ਦੀ ਰਾਤ ਸਵਾ ਦਸ ਵਜੇ ਦੇ ਕਰੀਬ 14 ਸਟ੍ਰੀਟ ਨੌਰਥ ਈਸਟ ਦੇ 2400 ਬਲੌਕ ਵਿੱਚ ਰੰਡਲ ਕਮਿਉਨਿਟੀ ਵਿੱਚ ਗੋੱਲੀ ਚੱਲਣ ਦੀ ਸੂਚਨਾ ਹੈ। ਅੱਖੀਂ ਵੇਖਣ ਵਾਲਿਆਂ ਨੇ ਪੁਲਿਸ ਨੂੰ ਦੱਸਿਆ ਕਿ 4 ਗੋਲੀਆਂ ਚਲਾਈਆਂ ਗਈਆਂ ਤੇ ਮੌਕੇ ਤੋਂ ਹਮਲਾਵਰ ਇੱਕ ਤੇਜ਼ ਰਫ਼ਤਾਰ ਕਾਰ ਰਾਹੀਂ ਉਥੋਂ ਫ਼ਰਾਰ ਹੋ ਗਏ। ਜਿਸ ਵਿਅਕਤੀ ਨੂੰ ਗੋਲੀ ਦਾ ਨਿਸ਼ਾਨਾ ਬਣਾਇਆ ਗਿਆ, ਉਹ ਮਾਮੂਲੀ ਜ਼ਖ਼ਮੀ ਹੋਇਆ ਦੱਸਿਆ ਗਿਆ ਹੈ ਤੇ ਉਸ ਦੀ ਹਾਲਤ ਖ਼ਤਰੇ ਤੋਂ ਬਾਹਰ ਦੱਸੀ ਗਈ ਹੈ। ਉਸ ਦੀ ਲੱਤ ਵਿੱਚ ਗੋਲੀ ਲੱਗੀ ਦੱਸੀ ਜਾ ਰਹੀ ਹੈ। ਵੇਰਵੇ ਇਕੱਠੇ ਕੀਤੇ ਜਾ ਰਹੇ ਹਨ ਤੇ ਪੁਲਿਸ ਵੱਲੋਂ ਇਸ ਦੀ ਅਪਡੇਟ ਬਾਦ ਵਿੱਚ ਜਾਰੀ ਕੀਤੀ ਜਾਵੇਗੀ। ਕਿਸੇ ਦੀ ਵੀ ਗ੍ਰਿਫ਼ਤਾਰੀ ਨਹੀਂ ਹੋ ਸਕੀ ਹੈ।

# ਕਰੋਨਾ ਤੋਂ ਬਚਾਅ ਲਈ ਹੁਣ ਗੋਲੀ ਆ ਗਈ ਹੈ




ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਐਲਬਰਟਾ ਦੇ ਹੈਲਥ ਮਨਿਸਟਰ ਜੇਸਨ ਕੌਪਿੰਗ ਦਾ ਕਹਿਣਾ ਹੈ ਕਿ ਕੋਵਿਡ-19 ਤੋਂ ਬਚਾਅ ਵਾਸਤੇ ਖਾਣ ਵਾਲੀ ਗੋਲੀ ਪੈਕਸਲੋਵਿਡ ਹੁਣ ਸੂਬਾ ਵਾਸੀਆਂ ਨੂੰ ਮਿਲਣੀ ਸ਼ੁਰੂ ਹੋ ਜਾਵੇਗੀ। ਫਾਇਜ਼ਰ ਕੰਪਨੀ ਵੱਲੋਂ ਇਹ ਗੋਲੀ ਤਿਆਰ ਕੀਤੀ ਗਈ ਹੈ ਤੇ ਜਿਹੜੇ ਲੋਕ ਵੈਕਸਿਨ ਨਹੀਂ ਲੈ ਰਹੇ, ਉਹਨਾਂ ਨੂੰ ਇਹ ਗੋਲੀ ਲੈਣ ਵਾਸਤੇ ਕਿਹਾ ਜਾ ਰਿਹਾ ਹੈ। ਪਹਿਲੀ ਖੇਪ ਵਿੱਚ ਟ੍ਰੀਟਮੈਂਟ ਦੇ 3200 ਕੋਰਸ ਸੂਬੇ ਵਿੱਚ ਆ ਰਹੇ ਹਨ। ਮਨਿਸਟਰ ਕੌਪਿੰਗ ਨੇ ਦੱਸਿਆ ਕਿ ਸੂਬੇ ਭਰ ਵਿੱਚ ਵੇਸਟ-ਵਾਟਰ ਤੋਂ ਲਏ ਜਾ ਰਹੇ ਸੈਂਪਲਾਂ ਵਿੱਚ ਕੋਰੋਨਾ ਵਾਇਰਸ ਦੇ ਪੱਧਰ ਵਿੱਚ ਲਗਾਤਾਰ ਗਿਰਾਵਟ ਦਰਜ ਕੀਤੀ ਜਾ ਰਹੀ ਹੈ ਜਿਸ ਤੋਂ ਸਾਫ਼ ਸੰਕੇਤ ਮਿਲ ਰਹੇ ਹਨ ਕਿ ਇਹ ਵਾਇਰਸ ਹੁਣ ਘਟਣਾ ਸ਼ੁਰੂ ਹੋ ਗਿਆ ਹੈ। ਉਹਨਾਂ ਕਿਹਾ ਕਿ ਇਸ ਦਾ ਮਤਲਬ ਇਹ ਨਹੀਂ ਹੈ ਕਿ ਮੁਸੀਬਤ ਟਲ਼ ਗਈ ਹੈ ਪਰ ਹਸਪਤਾਲਾਂ ਉੱਤੇ ਬੋਝ ਹੋਰ ਵਧਣ ਵਾਲਾ ਹੈ ਤੇ ਆਉਂਦੇ ਕੁੱਝ ਹੋਰ ਦਿਨ ਖ਼ਤਰਨਾਕ ਹੋ ਸਕਦੇ ਹਨ।

# ਹੁਣ ਮਫਲਰ ਆਲੇ ਬਾਊ ਨੂੰ ਚੰਨੀ ਕਚਹਿਰੀਆਂ ਵਿੱਚ ਮਿਲੇਗਾ



ਰੀਜਾਇਨਾ (ਪੰਜਾਬੀ ਅਖ਼ਬਾਰ ਬਿਊਰੋ) ਪੰਜਾਬ ਦੇ ਮੁੱਖਮੰਤਰੀ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਕਿਹਾ ਹੈ ਕਿ ਉਹ ਅਰਵਿੰਦ ਕੇਜਰਵਾਲ 'ਤੇ ਮਾਣਹਾਨੀ ਦਾ ਦਾਅਵਾ ਕਰਨਗੇ। ਚੰਨੀ ਨੇ ਕਿਹਾ, ਹਰ ਇੱਕ ਚੀਜ਼ ਦੀ ਸੀਮਾ ਹੁੰਦੀ ਹੈ। ਅਰਵਿੰਦ ਕੇਜਰੀਵਾਲ ਹਰ ਵਾਰ ਉਸ ਸੀਮਾ ਨੂੰ ਲੰਘ ਜਾਂਦੇ ਹਨ। ਉਨ੍ਹਾਂ ਨੇ ਪਹਿਲਾਂ ਨਿਤਿਨ ਗਡਕਰੀ 'ਤੇ ਝੂਠੇ ਇਲਜ਼ਾਮ ਲਗਾਏ ਸਨ ਤੇ ਫਿਰ ਉਨ੍ਹਾਂ ਤੋਂ ਮਾਫੀ ਮੰਗੀ ਸੀ ਤੇ ਅਰੁਣ ਜੇਤਲੀ ਤੇ ਬਿਕਰਮ ਮਜੀਠਿਆ ਤੋਂ ਵੀ ਉਨ੍ਹਾਂ ਨੇ ਮਾਫੀ ਮੰਗੀ ਹੈ। ਅਰਵਿੰਦ ਕੇਜਰੀਵਾਲ ਨੇ ਕਿਹਾ ਸੀ ਕਿ ਚਰਨਜੀਤ ਚੰਨੀ ਚਮਕੌਰ ਸਾਹਿਬ ਦੀ ਸੀਟ ਹਾਰ ਰਹੇ ਹਨ। ਇਸ ਦੇ ਨਾਲ ਹੀ ਉਨ੍ਹਾਂ ਨੇ ਈਡੀ ਦੀਆਂ ਕਥਿੱਤ ਰੇਡਾਂ ਨੂੰ ਜੋੜ ਕੇ ਚਰਨਜੀਤ ਚੰਨੀ 'ਤੇ ਹਮਲਾ ਕੀਤਾ ਸੀ। ਉਧਰ ਪੰਜਾਬ ਵਿਧਾਨ ਸਭਾਂ ਦੀਆਂ ਚੋਣਾਂ ਦੇ ਸਬੰਧ ਵਿੱਚ ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਨੇ ਆਪਣੇ ਉਮੀਦਵਾਰਾਂ ਦੀ ਪਹਿਲੀ ਸੂਚੀ ਜਾਰੀ ਕਰ ਦਿੱਤੀ ਹੈ। ਪਾਰਟੀ ਦੇ ਪ੍ਰਧਾਨ ਅਤੇ ਰਾਜ ਸਭਾ ਮੈਂਬਰ ਸੁਖਦੇਵ ਸਿੰਘ ਢੀਂਡਸਾ ਦੇ ਦਸਤਖਤਾਂ ਹੇਠ ਜਾਰੀ ਪਹਿਲੀ ਸੂਚੀ ਵਿੱਚ 12 ਉਮੀਦਵਾਰਾਂ ਦਾ ਐਲਾਨ ਕੀਤਾ ਗਿਆ ਹੈ। ਵਿਧਾਨ ਸਭਾ ਹਲਕਾ ਲਹਿਰਾਗਾਗਾ ਤੋਂ ਪਰਮਿੰਦਰ ਸਿੰਘ ਢੀਂਡਸਾ, ਜੈਤੋ ਤੋਂ ਬੀਬੀ ਪਰਮਜੀਤ ਕੌਰ ਗੁਲਸ਼ਨ, ਬਾਘਾ ਪੁਰਾਣਾ ਤੋਂ ਸ: ਜਗਤਾਰ ਸਿੰਘ ਰਾਜੇਆਣਾ, ਫਿਲੌਰ ਤੋਂ ਸ: ਸਰਵਣ ਸਿੰਘ ਫਿਲੌਰ ਨੂੰ ਚੋਣ ਮੈਦਾਨ ਵਿਚ ਉਤਾਰਿਆ ਗਿਆ ਹੈ। ਭਾਰਤੀ ਜਨਤਾ ਪਾਰਟੀ ਨੇ ਵੀ 34 ਉਮੀਦਵਾਰਾਂ ਦੀ ਆਪਣੀ ਪਹਿਲੀ ਸੂਚੀ ਜਾਰੀ ਕਰ ਦਿੱਤੀ ਹੈ।

PUNJABI SWEETS
HOUSE & RESTAURANT

ALL KINDS OF SWEETS NON-VEG & VEGI FOOD
FAST & BEST FRIENDLY SERVICE
TAKE OUT
We do catering also
ਤਾਜਾ ਅਤੇ ਸਵਾਦੀ ਖਾਣਾ ਜਿਵੇਂ ਸਮੌਸੇ, ਗੋਲਗੱਪੇ, ਚਾਟ, ਤਾਜ਼ਾ ਮਠਿਆਈ ਬਰਫੀ, ਗੁਲਾਬ ਜਾਮਣ, ਰਸਗੁੱਲੇ, ਲੱਡੂ ਅਤੇ ਜਲੇਬੀਆਂ ਖਾਣ ਜਾਂ ਲਿਜਾਣ ਲਈ ਅੱਜ ਹੀ ਸਾਡੇ ਰੈਸਟੋਰੈਂਟ 'ਤੇ ਪਹੁੰਚੋ ਜਾਂ ਫੋਨ ਕਰੋ।
Open 7 Days a Week
403-293-5252
Bay 113 216 Saddle Towne Cir. N.E. T3J 0C9

Bains Vision Centre

ਅੱਖਾਂ ਦੇ ਮਸ਼ਹੂਰ ਡਾਕਟਰ ਜਸਵਿੰਦਰ ਸਿੰਘ ਬੈਂਸ ਹੁਣ ਨਾਰਥ ਈਸਟ ਕੈਲਗਰੀ ਵਿੱਚ ਆ ਗਏ ਹਨ।
ਹਰ ਕਿਸਮ ਦੀਆਂ ਬਰੈਂਡਡ ਐਨਕਾਂ ਵੀ ਮਿਲਦੀਆਂ ਹਨ
Dr.Jaswinder S Bains
Ph.D., OD.
Tel: 403-274-4514
Fax: 403-274-4680
5218 Falsbridge Dr NE Calgary AB T3J 3G1

ਮੇਰੇ ਰਾਹੀਂ ਆਪਣਾ ਘਰ ਵੇਚੋ ਅਤੇ ਕਮਿਸ਼ਨ ਉੱਪਰ ਹਜਾਰਾਂ ਡਾਲਰ ਬਚਾਓ!
Call for your home BUYING & SELLING needs
ਭਾਵੇਂ ਤੁਸੀਂ ਘਰ ਖਰੀਦ ਰਹੇ ਹੋ ਜਾਂ ਵੇਚ ਰਹੇ ਹੋ ਪਰ ਡਾਲਰਾਂ ਦੀ ਬੱਚਤ ਤੋਂ ਸਿਰਫ ਇੱਕ ਫੋਨ ਕਾਲ ਦੂਰ ਹੀ ਹੋ!
urban
Real Estate Services Ltd.


Akshay Kapoor
REALTOR®
403 891 0005


An Efficient Mortgage / Home Financing Process Contact Kulwant Manhas
ਕਨੇਡਾ ਵਿੱਚ ਨਵੇਂ ਆਏ ਹੋ, ਘਰ ਖਰੀਦਣਾ ਚਾਹੁੰਦੇ ਹੋ ਜਾਂ ਰੀ ਫਾਇਨਾਂਸ ਕਰਵਾਉਣਾ ਹੈ ਤਾਂ ਕੁਲਵੰਤ ਮਨਹਾਸ ਨੂੰ ਮਿਲੋ
Scotiabank
Kulwant S. Manhas
Home Financing Advisor
C: (587)-899-2093
E: kulwant.Manhas@scotiabank.com
Specializing in:
• Home Buyers
• Refinancing
• New to Canada
• Construction Draws

Asia Pacific Immigration Consulting Ltd.
ਏਸ਼ੀਆ ਪੈਸੇਫਿਕ ਇਮੀਗਰੇਸ਼ਨ ਕੰਸਲਟਿੰਗ ਲਿਮਟਡ

ਇਮੀਗ੍ਰੇਸ਼ਨ ਸੇਵਾਵਾਂ
• ਮਾਪਿਆਂ ਲਈ ਸੁਪਰ ਵੀਜ਼ਾ • ਪਰਿਵਾਰਕ ਸਪਾਂਸਰਸ਼ਿਪ
• ਐਲ ਐਮ ਓ ਐਪਲੀਕੇਸ਼ਨ • ਵਰਕ ਪਰਮਿਟ
• ਰੱਦ ਕੀਤੇ ਕੇਸਾਂ ਵਾਸਤੇ ਅਪੀਲ
iccrc crcic
Call for an appointment
Maninder S. Dhillon
Regulated Immigration Consultant of Canada
Member ICCRC #R 409807
Member CAPIC
Commissioner for Oaths (Alberta)
Fax: 1-877-557-2001
403-225-1111
Toll Free 1-855-723-0001
Unit 144, 3670, 63rd Ave, NE, Calgary, AB (Behind ATB Head Office)
Email: info@apacimmigration.ca Website : www.apacimmigration.ca

# ਮਾੜੇ ਮੌਸਮ ਵਿੱਚ ਦਰਜਨਾ ਬੱਤਖਾਂ ਦੀ ਮੌਤ ਹੋਈ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਸਾਊਥ ਈਸਟ ਕੈਲਗਰੀ ਦੇ ਐਲਿਸਟਨ ਪਾਰਕ ਵਿਚਲੇ ਸਟੌਰਮ-ਵੌਟਰ ਰੈਜ਼ਰਵੌਇਰ ਵਿੱਚ ਦਰਜਨਾਂ ਬੱਤਖਾਂ ਦੇ ਮਾਰੇ ਜਾਣ ਦੀ ਸੂਚਨਾ ਹੈ। 68 ਸਟ੍ਰੀਟ ਅਤੇ 17 ਐਵੇਨਿਊ ਸਾਊਥ ਈਸਟ ਦੇ ਇੰਟਰਸੈਕਸ਼ਨ ਨੇੜੇ ਪੈਂਦੇ ਇਸ ਸਟੌਰਮ-ਵੌਟਰ ਰੈਜ਼ਰਵੌਇਰ ਵਿੱਚ ਬੱਤਖਾਂ ਦੇ ਮਾਰੇ ਜਾਣ ਪਿਛੇ ਬਹੁਤ ਜ਼ਿਆਦਾ ਦੇਰ ਤੱਕ ਚੱਲਿਆ ਕੜਾਕੇ ਦੀ ਠੰਡ ਦਾ ਦੌਰ, ਬੈਕਟੀਰੀਅਲ ਇਨਫੈਕਸ਼ਨ ਅਤੇ ਭੋਜਨ ਦਾ ਨਾ ਮਿਲਣਾ ਕਾਰਨ ਹੋ ਸਕਦੇ ਹਨ। ਐਲਬਰਟਾ ਐਨਵਾਇਰਨਮੈਂਟ ਐਂਡ ਪਾਰਕਸ ਦਾ ਕਹਿਣਾ ਹੈ ਕਿ ਉਹਨਾਂ ਵੱਲੋਂ ਇਸ ਮਾਮਲੇ ਵਿੱਚ ਕੋਈ ਐਨਕੁਆਇਰੀ ਕੀਤੇ ਜਾਣ ਦੀ ਕੋਈ ਸੰਭਾਵਨਾ ਨਹੀਂ ਹੈ।

# ਪੁਲਿਸ ਕਾਲ ਦੀ ਚਰਚਾ ਕਾਰਣ ਹੁਣ ਮੰਤਰੀ ਜੀ ਆਹ ਸਫਾਈਆਂ ਦੇ ਰਹੇ ਹਨ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਐਲਬਰਟਾ ਦੇ ਜਸਟਿਸ ਮਨਿਸਟਰ ਵੱਜੋਂ ਸਸਪੈਂਡ ਕੀਤੇ ਗਏ ਕੇਅਸੀ ਮੈਡੂ ਦਾ ਕਹਿਣਾ ਹੈ ਕਿ ਉਹਨਾਂ ਨੇ ਐਡਮੰਟਨ ਪੁਲਿਸ ਚੀਫ਼ ਨੂੰ ਇਸ ਕਰਕੇ ਕਾਲ ਨਹੀਂ ਕੀਤੀ ਸੀ ਕਿ ਉਹ 300 ਡਾਲਰ ਦੀ ਜੁਰਮਾਨਾ ਟਿਕਟ ਤੋਂ ਬਚਣਾ ਚਾਹੁੰਦੇ ਸਨ ਸਗੋਂ ਉਹਨਾਂ ਦਾ ਪੁਲਿਸ ਮੁਖੀ ਨੂੰ ਕਾਲ ਕਰਨ ਦਾ ਮੁੱਖ ਕਾਰਨ ਹੋਰ ਸੀ ਪਰ ਮੀਡੀਆ ਵਿੱਚ ਇਸ ਮਾਮਲੇ ਨੂੰ ਕੁੱਝ ਹੋਰ ਹੀ ਬਣਾ ਦਿੱਤਾ ਗਿਆ ਹੈ। ਟਵੀਟ ਕੀਤੇ ਆਪਣੇ ਕਈ ਸੁਨੇਹਿਆਂ ਵਿੱਚ ਉਹਨਾਂ ਕਿਹਾ ਹੈ ਕਿ ਲੈਥਬਰਿਜ ਪੁਲਿਸ ਦੇ ਖਿਲਾਫ਼ ਕੀਤੀ ਜਾ ਰਹੀ ਉਹਨਾਂ ਦੀ ਕਾਰਵਾਈ ਅਤੇ ਕਾਲੇ ਮੂਲ ਦੇ ਲੋਕਾਂ ਨੂੰ ਨਿਸ਼ਾਨਾ ਬਣਾ ਕੇ ਜਾਂਚ ਕਰਨ ਦਾ ਮਾਮਲਾ ਉਹਨਾਂ ਦਿਨਾਂ ਵਿੱਚ ਸਿਖ਼ਰਾਂ 'ਤੇ ਸੀ। ਉਹਨਾਂ ਪੁਲਿਸ ਚੀਫ਼ ਨੂੰ ਪੱਛਿਆ ਸੀ ਕਿ ਲੈਥਬਰਿਜ ਪੁਲਿਸ ਦੇ ਮਾਮਲੇ ਵਿੱਚ ਕਿਤੇ ਉਹਨਾਂ ਦਾ ਪਿੱਛਾ ਤਾਂ ਨਹੀਂ ਸੀ ਕੀਤਾ ਜਾ ਰਿਹਾ। ਹੁਣ ਪ੍ਰੀਮੀਅਰ ਜੇਸਨ ਕੈਨੀ ਨੇ ਕਿਹਾ ਹੈ ਕਿ ਇਸ ਮਾਮਲੇ ਦੀ ਜਾਂਚ ਕਰਵਾਈ ਜਾਵੇਗੀ। ਐਨਡੀਪੀ ਦੇ ਜਸਟਿਸ ਕ੍ਰਿਟਿਕ ਐਮ.ਐਲ.ਏ. ਇਰਫਾਨ ਸਾਬਿਰ ਨੇ ਕਿਹਾ ਹੈ ਕਿ ਕੇਅਸੀ ਮੈਡੂ ਨੂੰ ਅਸਤੀਫਾ ਦੇਣਾ ਚਾਹੀਦਾ ਹੈ ਤੇ ਜਿਹੜੇ ਸਵਾਲ ਉਠ ਰਹੇ ਹਨ, ਮੈਡੂ ਉਹਨਾਂ ਦਾ ਜਵਾਬ ਨਹੀਂ ਦੇਣਾ ਚਾਹੁੰਦੇ। ਸਾਬਿਰ ਨੇ ਕਿਹਾ ਹੈ ਕਿ ਪ੍ਰੀਮੀਅਰ ਨੂੰ ਦੱਸਣਾ ਚਾਹੀਦਾ ਹੈ ਕਿ ਉਹਨਾਂ ਨੂੰ ਇਸ ਘਟਨਾ ਦਾ ਕਦੋਂ ਤੇ ਕੀ ਪਤਾ ਲੱਗਿਆ ਸੀ।



# ਇੰਗਲੈਂਡ ਵਾਸੀ ਹੁਣ ਬਿਨਾ ਮਾਸਕ ਨੰਗੇ ਮੂੰਹ ਘੁੰਮ ਸਕਣਗੇ



ਸੈਸਕਾਟੂਨ (ਪੰਜਾਬੀ ਅਖ਼ਬਾਰ ਬਿਊਰੋ) ਇੰਗਲੈਂਡ ਦੀ ਸਰਕਾਰ ਨੇ ਦੇਸ਼ ਭਰ ਵਿੱਚ 28 ਜਨਵਰੀ 2022 ਤੋਂ ਮਾਸਕ ਪਾਉਣ ਦੀ ਹਿਦਾਇਤ ਖ਼ਤਮ ਕਰਨ ਦਾ ਐਲਾਨ ਕਰ ਦਿੱਤਾ ਹੈ। ਹੁਣ ਤੱਕ ਇਨਡੋਰ ਫੈਸਿਲਿਟੀਜ਼ ਵਿੱਚ ਮਾਸਕ ਪਾਉਣਾ ਲਾਜ਼ਿਮ ਸੀ ਪਰ ਹੁਣ ਇਹ ਨਿਯਮ ਖ਼ਤਮ ਕਰ ਦਿੱਤਾ ਗਿਆ ਹੈ। ਘਰ ਤੋਂ ਕੰਮ ਕਰਨ ਦੀ ਸਥਿਤੀ ਵੀ ਖ਼ਤਮ ਕਰ ਦਿੱਤੀ ਗਈ ਹੈ। ਦੇਸ਼ ਵਿੱਚ 84% ਲੋਕਾਂ ਨੇ ਵੈਕਸਿਨ ਦੀ ਦੂਜੀ ਡੋਜ਼ ਅਤੇ 81% ਜਨਤਾ ਨੇ ਬੂਸਟਰ ਡੋਜ਼ ਲਗਵਾ ਲਈ ਹੈ।

# ਗੁਆਂਢੀ ਦੇ ਅਪਾਰਟਮੈਂਟ ਵੱਲ ਗੋਲੀ ਚਲਾਉਣ ਵਾਲੇ ਦੋ ਸ਼ੱਕੀ ਪੁਲਿਸ ਨੇ ਫੜ੍ਹ ਲਏ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਦੇ ਬੈਲਟ-ਲਾਇਨ ਇਲਾਕੇ ਵਿੱਚ 2 ਵਿਅਕਤੀਆਂ ਨੂੰ ਪੁਲਿਸ ਨੇ ਗ੍ਰਿਫ਼ਤਾਰ ਕਰਕੇ ਉਹਨਾਂ ਕੋਲੋਂ ਕਈ ਗੰਨਾਂ ਬਰਾਮਦ ਕੀਤੀਆਂ ਹਨ ਤੇ ਉਹਨਾਂ ਖਿਲਾਫ਼ ਚਾਰਜ਼ ਲਗਾ ਦਿੱਤੇ ਗਏ ਹਨ। ਪੁਲਿਸ ਤੋਂ ਹਾਸਲ ਜਾਣਕਾਰੀ ਮੁਤਾਬਕ 14 ਐਵੇਨਿਊ ਸਾਊਥ ਵੈਸਟ ਦੇ 900 ਬਲੌਕ ਵਿੱਚ ਬੀਤੇ ਦਿਨੀ ਤੜਕੇ 3 ਵਜੇ ਇੱਕ ਵਿਅਕਤੀ ਨੇ ਗੋਲੀ ਚੱਲਣ ਦੀ ਅਵਾਜ਼ ਸੁਣ ਕੇ 9-1-1 ਕਾਲ ਕਰ ਦਿੱਤੀ। ਉਸ ਦੇ ਆਪਣੇ ਬੈਡਰੂਮ ਦੀ ਕੰਧ ਵਿੱਚ ਬਾਹਰੋਂ ਗੋਲੀ ਮਾਰੀ ਗਈ ਜਿਹੜੀ ਅੰਦਰ ਆ ਕੇ ਡਿੱਗੀ। ਗੋਲੀ ਨਾਲ ਲੱਗਦੇ ਅਪਾਰਟਮੈਂਟ ਵਿੱਚੋਂ ਚਲਾਈ ਗਈ ਸੀ। ਉਸ ਅਪਾਰਟਮੈਂਟ ਵਿੱਚ ਪੁਲਿਸ ਦੇ ਟੈਕਟਿਕਲ ਯੁਨਿਟ ਜਦੋਂ ਛਾਪਾਮਾਰੀ ਕਰਨ ਲਈ ਉੱਥੇ ਗਏ ਤਾਂ ਇੱਕ ਵਿਅਕਤੀ ਚੌਥੀ ਮੰਜ਼ਿਲ ਤੋਂ ਬਾਹਰਲੇ ਪਾਸੇ ਲਟਕ ਕੇ ਹੇਠਾਂ ਉਤਰਨ ਦੀ ਕੋਸ਼ਿਸ਼ ਕਰ ਰਿਹਾ ਸੀ। ਦੂਜਾ ਵਿਅਕਤੀ ਅਪਾਰਟਮੈਂਟ ਦੇ ਅੰਦਰ ਸੀ। ਦੋਹਾਂ ਕੋਲੋਂ ਇੱਕ ਲੋਡਿਡ ਸ਼ੌਟ-ਗੰਨ, ਇੱਕ ਲੋਡਿਡ ਰਾਇਫ਼ਲ, ਪੰਪ ਐਕਸ਼ਨ ਸ਼ੌਟਗੰਨ, ਦੋ ਬੀ.ਬੀ. ਗੰਨਾਂ, ਦਰਜਨਾਂ ਕਾਰਤੂਸ, ਤਲਵਾਰ, ਮੀਥਮਫੀਟਾਮਾਇਨ, ਨਸ਼ੀਲੇ ਪਦਾਰਥਾਂ ਨਾਲ ਸੰਬੰਧਿਤ ਸਮਾਨ ਆਦਿ ਦੀ ਬਰਾਮਦਗੀ ਕੀਤੀ ਗਈ ਹੈ। 39 ਸਾਲਾ ਮਾਇਕਲ ਸਟੌਫ਼ਲ ਅਤੇ 40 ਸਾਲਾ ਪੌਲ ਜੌਜ਼ੈਫ਼ ਫੈਟਿਗ ਨਾਮ ਦੇ ਦੋਹਾਂ ਵਿਅਕਤੀਆਂ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ ਹੈ ਤੇ ਚਾਰਜਿਜ਼ ਲਗਾ ਦਿੱਤੇ ਗਏ ਹਨ।

# ਖਾਲੀ ਬੰਦੂਕ ਕਹਿਕੇ ਘੋੜਾ ਦੱਬਣ ਵਾਲੇ ਕਾਤਲ ਨੂੰ ਹੋਈ 8 ਸਾਲ ਦੀ ਕੈਦ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ)ਨੌਰਥ ਈਸਟ ਕੈਲਗਰੀ ਦੀ ਮਾਰਲਬਰੋ ਕਮਿਊਨਿਟੀ ਦੇ ਇਕ ਘਰ ਵਿੱਚ 24 ਅਪ੍ਰੈਲ, 2020 ਵਾਲੇ ਦਿਨ ਬ੍ਰਿਟੇਨੀ ਮੇਜ਼ੈਰੋਜ਼ ਨਾਮ ਦੀ ਇੱਕ ਔਰਤ ਦੇ ਕਤਲ ਦੇ ਸੰਬੰਧ ਵਿੱਚ ਐਲੈਗਜ਼ੈਂਡਰ ਮੌਸਕੈਲੁਕ ਨਾਮ ਦੇ ਵਿਅਕਤੀ ਨੂੰ 8 ਸਾਲ ਦੀ ਕੈਦ ਦੀ ਸਜ਼ਾ ਸੁਣਾਈ ਗਈ ਹੈ। ਅਚਾਨਕ ਚੱਲੀ ਗੋਲੀ ਕਾਰਨ ਬ੍ਰਿਟੇਨੀ ਮੇਜ਼ੈਰੋਜ਼ ਦੀ ਮੌਤ ਹੋ ਗਈ ਸੀ ਪਰ ਐਲੈਗਜ਼ੈਂਡਰ ਮੌਸਕੁਲੈਕ ਕੋਲ ਇਹ ਗੰਨ ਗ਼ੈਰ ਕਾਨੂੰਨੀ ਸੀ। ਉਸ ਨੇ ਕਿਹਾ ਸੀ ਕਿ ਇਸ ਵਿੱਚ ਗੋਲੀ ਨਹੀਂ ਹੈ ਤੇ ਔਰਤ ਵੱਲ ਨਿਸ਼ਾਨਾ ਬਣਾ ਕੇ ਉਸ ਨੇ ਘੋੜਾ ਦੱਬਿਆ ਤਾਂ ਗੋਲੀ ਚੱਲ ਗਈ ਤੇ ਔਰਤ ਦੀ ਛਾਤੀ ਵਿੱਚ ਜਾ ਲੱਗੀ। ਗੋਲੀ ਲੱਗਣ ਤੋਂ ਬਾਦ ਉਸ ਨੇ ਪੁਲਿਸ ਨੂੰ ਕਾਲ ਨਹੀਂ ਕੀਤੀ ਤੇ ਨਾ ਹੀ ਕੋਈ ਡਾਕਟਰੀ ਸਹਾਇਤਾ ਦੇਣ ਦੀ ਕੋਸ਼ਿਸ਼ ਕੀਤੀ ਤੇ ਮੌਕੇ ਤੋਂ ਫ਼ਰਾਰ ਹੋ ਗਿਆ। ਜਾਣ ਤੋਂ ਪਹਿਲਾਂ ਉਹ ਉਸ ਦੀ ਲਾਸ਼ ਬੇਸਮੈਂਟ ਵਿੱਚ ਛੱਡ ਗਿਆ ਜਿਹੜੀ ਮਗਰੋਂ ਉਸ ਦੇ ਘਰਦਿਆਂ ਨੂੰ ਲੱਭੀ। ਅਦਾਲਤ ਨੇ ਉਸ ਨੂੰ 465 ਦਿਨ ਦਾ ਕ੍ਰੈਡਿਟ ਦਿੱਤਾ ਹੈ ਤੇ 8 ਸਾਲ ਦੀ ਕੈਦ ਦੀ ਸਜ਼ਾ ਸੁਣਾਈ ਹੈ।

# ਹੁਣ 9 ਅਪਰੈਲ ਵਾਲੇ ਦਿਨ ਕੈਨੀ ਦੀ ਲੀਡਰਸ਼ਿੱਪ ਬਾਰੇ ਫੈਸਲਾ ਹੋਵੇਗਾ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਯੁਨਾਇਟਿਡ ਕੰਜ਼ਰਵੇਟਿਵ ਪਾਰਟੀ ਦਾ ਲੀਡਰਸ਼ਿਪ ਰਿਵਿਊ ਕਰਵਾਉਣ ਵਾਸਤੇ ਰੈਡ ਡੀਅਰ ਦੀ ਚੋਣ ਕੀਤੀ ਗਈ ਹੈ। ਪਾਰਟੀ ਦੇ ਬੋਰਡ ਔਫ਼ ਡਾਇਰੈਕਟਰਜ਼ ਵੱਲੋਂ ਜਾਰੀ ਸੂਚਨਾ ਵਿੱਚ ਦੱਸਿਆ ਗਿਆ ਹੈ ਕਿ ਇਹ ਸਪੈਸ਼ਲ ਜਨਰਲ ਮੀਟਿੰਗ ਕੈਂਬਰਿਜ ਹੌਟੈਲ ਐਂਡ ਕੌਂਫ਼ਰੰਸ ਸੈਂਟਰ ਵਿੱਚ 9 ਅਪ੍ਰੈਲ ਨੂੰ ਹੋਵੇਗੀ। ਇਸ ਮੌਕੇ ਇਲੈਕਸ਼ਨ ਕੈਂਪੇਨ ਟ੍ਰੇਨਿੰਗ ਵਰਕਸ਼ਾਪ ਵੀ ਲਗਾਏ ਜਾਣ ਦੇ ਪ੍ਰਬੰਧ ਕੀਤੇ ਗਏ ਹਨ। ਇਸ ਲੀਡਰਸ਼ਿਪ ਰਿਵਿਊ ਵਿੱਚ ਇੱਕ ਸਵਾਲ ਪੁੱਛਿਆ ਜਾਣਾ ਹੈ ਜਿਸ ਦਾ ਜਵਾਬ ਹਾਂ ਜਾਂ ਨਾ ਵਿੱਚ ਦੇਣਾ ਹੋਵੇਗਾ। ਸਵਾਲ ਹੋਵੇਗਾ ਕਿ ਕੀ ਤੁਸੀਂ ਮੌਜੂਦਾ ਲੀਡਰ ਨੂੰ ਪ੍ਰਵਾਨ ਕਰਦੇ ਹੋ? ਪਿਛਲੇ ਕਈ ਮਹੀਨਿਆਂ ਤੋਂ ਪ੍ਰੀਮੀਅਰ ਅਤੇ ਪਾਰਟੀ ਲੀਡਰ ਜੇਸਨ ਕੈਨੀ ਦੀ ਐਪਰੂਵਲ ਰੇਟਿੰਗ ਲਗਾਤਾਰ ਗਿਰਾਵਟ ਵੱਲ ਚੱਲ ਰਹੀ ਹੈ।

# ਬੇਘਰਿਆਂ ਦੇ ਸਟੇਸ਼ਨਾਂ ਉੱਪਰ ਰਾਤ ਕੱਟਣ ਕਾਰਣ ਅਫਰਾ ਤਫਰੀ ਤਾਂ ਫੈਲੀ ਹੀ ਹੈ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਟ੍ਰਾਂਜ਼ਿਟ ਅਧਿਕਾਰੀਆਂ ਦਾ ਕਹਿਣਾ ਹੈ ਕਿ ਸ਼ਹਿਰ ਦੇ ਕਈ ਐਲ.ਆਰ.ਟੀ. ਸਟੇਸ਼ਨਾਂ ਉੱਪਰ ਲੋਕਾਂ ਦੀ ਬਹੁਤ ਭੀੜ ਇਕੱਠੀ ਹੋਣ ਲੱਗੀ ਹੈ ਇਸ ਕਾਰਨ ਸਮਾਜਕ-ਅਫ਼ਰਾ-ਤਫ਼ਰੀ ਫੈਲਣ ਦੀਆਂ ਖ਼ਬਰਾਂ ਦਰਮਿਆਨ ਇਹਨਾਂ ਰੇਲ ਸਟੇਸ਼ਨਾਂ ਨੂੰ 24 ਘੰਟਿਆਂ ਲਈ ਬੰਦ ਕੀਤਾ ਜਾ ਰਿਹਾ ਹੈ। ਇਸ ਤੋਂ ਪਹਿਲਾਂ ਇਸ ਮਹੀਨੇ ਦੇ ਸ਼ੁਰੂ ਵਿੱਚ ਕਈ ਸਟੇਸ਼ਨ ਰਾਤ ਦਸ ਵਜੇ ਤੋਂ ਸਵੇਰੇ ਰੇਲ ਸੇਵਾ ਸ਼ੁਰੂ ਹੋਣ ਤੱਕ ਬੰਦ ਕਰ ਦਿੱਤੇ ਗਏ ਸਨ। ਹੁਣ ਨਵੀਨਤਮ ਜਾਣਕਾਰੀ ਵਿੱਚ ਦੱਸਿਆ ਗਿਆ ਹੈ ਕਿ ਇੱਕ ਸਟੇਸ਼ਨ 'ਤੇ 170 ਅਤੇ ਇੱਕ ਹੋਰ 'ਤੇ 130 ਲੋਕ ਰਾਤ ਕੱਟਣ ਲਈ ਇਕੱਠੇ ਹੋ ਗਏ ਸਨ। ਇਸ ਸਟੇਸ਼ਨ 'ਤੇ ਕੋਈ ਵਾਸ਼ਰੂਮ ਅਤੇ ਰੈਗੂਲਰ ਟੈਂਪਰੇਚਰ ਕੰਟਰੋਲ ਦਾ ਕੋਈ ਪ੍ਰਬੰਧ ਨਹੀਂ ਸੀ ਤੇ ਮਾਹੌਲ ਖ਼ਰਾਬ ਹੋਇਆ ਪਿਆ ਸੀ। ਹੁਣ ਸਿਟੀ ਨੇ ਐਂਡਰਸਨ, ਸਾਊਥਲੈਂਡ, ਹੈਰਿਟੇਜ ਅਤੇ ਸਟੈਂਪੀਡ ਪਾਰਕ ਸਟੇਸ਼ਨਾਂ ਨੂੰ 24-24 ਘੰਟਿਆਂ ਲਈ ਬੰਦ ਕਰ ਦਿੱਤਾ ਹੈ।

# ਘਰ ਲੁੱਟਣ ਆਏ ਲੁਟੇਰੇ ਗਲਤੀ ਨਾਲ ਹੋਰ ਘਰ ਹੀ ਜਾ ਵੜੇ , ਪਰ ਦੋਵੇਂ ਮੌਕੇ ਉੱਪਰ ਗਏ ਫੜੇ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਦੇ ਇਕ ਘਰ ਵਿੱਚ ਜ਼ਬਰਦਸਤੀ ਵੜ ਕੇ ਹਥਿਆਰਬੰਦ ਹਮਲਾ ਕਰਨ ਅਤੇ ਉਸ ਵਿੱਚ ਰਹਿਣ ਵਾਲੇ ਵਿਅਕਤੀਆਂ ਡਰਾਉਣ ਧਮਕਾਉਣ ਦੇ ਮਾਮਲੇ ਵਿੱਚ ਕੈਲਗਰੀ ਪੁਲਿਸ ਨੇ ਦੋ ਵਿਅਕਤੀਆਂ ਦੇ ਖਿਲਾਫ਼ ਮਾਮਲਾ ਦਰਜ ਕਰ ਲਿਆ ਹੈ ਤੇ ਦੱਸਿਆ ਗਿਆ ਹੈ ਕਿ ਇਹ ਹਮਲਾ ਜਿਸ ਘਰ ਨੂੰ ਨਿਸ਼ਾਨਾ ਬਣਾ ਕੇ ਕੀਤਾ ਗਿਆ ਸੀ, ਉਹ ਅਸਲ ਘਰ ਨਹੀਂ ਸੀ ਤੇ ਕਿਸੇ ਹੋਰ ਹੀ ਘਰ ਨੂੰ ਨਿਸ਼ਾਨਾ ਬਣਾ ਦਿੱਤਾ ਗਿਆ। ਸਾਊਥ ਈਸਟ ਕੈਲਗਰੀ ਦੀ ਮੇਕੈਂਜ਼ੀ ਟਾਊਨ ਕਮਿਊਨਿਟੀ ਵਿੱਚ ਦਿਨ ਦੇ ਟਾਈਮ 2 ਵਿਅਕਤੀ ਸੈਮਾਇ-ਔਟੋਮੈਟਿਕ ਰਾਇਫ਼ਲ ਲੈ ਕੇ ਇੱਕ ਘਰ ਵਿੱਚ ਜ਼ਬਰਦਸਤੀ ਜਾ ਵੜੇ ਤੇ ਘਰ ਦੇ ਮੈਂਬਰਾਂ ਨੂੰ ਨਿਸ਼ਾਨੇ 'ਤੇ ਲੈ ਕੇ ਉਹਨਾਂ ਕੋਲੋਂ ਨਕਦੀ, ਜਿਊਲਰੀ ਅਤੇ ਨਸ਼ੀਲੇ ਪਦਾਰਥਾਂ ਦੀ ਮੰਗ ਕਰਨ ਲੱਗੇ। ਦੋ ਵੱਡੇ ਵਿਅਕਤੀਆਂ ਨੂੰ ਉਹਨਾਂ ਬੰਨ੍ਹ ਦਿੱਤਾ ਤੇ 4 ਬੱਚਿਆਂ ਨੂੰ ਵੱਖਰੇ ਕਮਰੇ 'ਚ ਬੰਦ ਕਰ ਦਿੱਤਾ। ਬੰਨ੍ਹੇ ਹੋਇਆ ਵਿੱਚੋਂ ਇੱਕ 9-1-1 ਕਾਲ ਕਰਨ ਵਿੱਚ ਕਾਮਯਾਬ ਹੋ ਗਿਆ ਤੇ ਪੁਲਿਸ ਨੂੰ ਉੱਥੇ ਚੱਲ ਰਹੀ ਸਾਰੀ ਗੱਲਬਾਤ ਸੁਣ ਗਈ। ਪੁਲਿਸ ਨੇ ਕਾਰਵਾਈ ਕਰਦਿਆਂ ਦੋਵੇਂ ਹਮਲਾਵਰਾਂ ਨੂੰ ਮੌਕੇ 'ਤੇ ਹੀ ਕਾਬੂ ਕਰ ਲਿਆ। ਵਿਨਿਪੈਗ ਨਿਵਾਸੀ 34 ਸਾਲਾ ਟਾਇਲਰ ਜਸਟਿਨ ਕੋਵੈਲ ਅਤੇ ਸਰੀ ਨਿਵਾਸੀ 32 ਸਾਲਾ ਜੈਸੀ ਲੈਜ਼ਲੀ ਲਿਊਨੈਨ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ ਤੇ ਉਹਨਾਂ ਖਿਲਾਫ਼ ਕਈ ਚਾਰਜਿਜ਼ ਲਗਾ ਦਿੱਤੇ ਗਏ ਹਨ। ਦੱਸਿਆ ਗਿਆ ਹੈ ਕਿ ਜਿਸ ਘਰ ਨੂੰ ਉਹਨਾਂ ਨਿਸ਼ਾਨਾ ਬਣਾਇਆ, ਉਹ ਉਹਨਾਂ ਦੇ ਨਿਸ਼ਾਨੇ 'ਤੇ ਨਹੀਂ ਸੀ ਸਗੋਂ ਕੋਈ ਹੋਰ ਹੀ ਘਰ ਗ਼ਲਤੀ ਨਾਲ ਘੇਰ ਲਿਆ ਗਿਆ। ਮਾਮਲਾ ਅਦਾਲਤ ਵਿੱਚ ਪਹੁੰਚ ਗਿਆ ਹੈ।

# ਅਲਬਰਟਾ ਸਰਕਾਰ ਅਤੇ ਨਰਸਾਂ ਵਿਚਾਲੇ ਆਖਿਰ ਸਮਝੌਤਾ ਹੋ ਹੀ ਗਿਆ



ਐਡਮੰਟਨ (ਪੰਜਾਬੀ ਅਖ਼ਬਾਰ ਬਿਊਰੋ) ਐਲਬਰਟਾ ਦੀ ਜੇਸਨ ਕੈਨੀ ਸਰਕਾਰ ਨਾਲ ਸੂਬੇ ਦੀ ਨਰਸ ਯੂਨੀਅਨ ਨਾਲ ਹੋਇਆ ਤਨਖਾਹ ਸੰਬੰਧੀ ਸਮਝੌਤਾ ਯੂਨੀਅਨ ਨੇ ਸਵੀਕਾਰ ਕਰ ਲਿਆ ਹੈ। 4 ਸਾਲ ਦੇ ਇਸ ਕਰਾਰ ਨੂੰ 87% ਮੈਂਬਰਾਂ ਨੇ ਸਮਰਥਨ ਦਿੱਤਾ ਹੈ ਤੇ ਇਸ ਮਗਰੋਂ ਨਰਸਾਂ ਦੀ ਤਨਖਾਹ ਵਿੱਚ ਸਵਾ ਚਾਰ ਪਰਸੈਂਟ ਵਾਧਾ ਹੋ ਜਾਵੇਗਾ। ਯੂਨਾਇਟਿਡ ਨਰਸਿਜ਼ ਯੂਨਿਅਨ ਔਫ਼ ਐਲਬਰਟਾ ਦੀ ਮੁਖੀ ਹੈਦਰ ਸਮਿਥ ਦਾ ਕਹਿਣਾ ਹੈ ਕਿ ਬੀਤੇ ਮਹੀਨੇ ਸਾਲਸ ਵੱਲੋਂ ਕੀਤੀ ਗਈ ਸਿਫਾਰਿਸ਼ ਨੂੰ ਦੋਹਾਂ ਧਿਰਾਂ ਨੇ ਮੰਨ ਲਿਆ ਹੈ। ਮੌਜੂਦਾ ਤਨਖਾਹ ਸਮਝੌਤਾ ਸਾਲ 2020 ਤੋਂ ਲਾਗੂ ਹੋਵੇਗਾ ਤੇ 31 ਮਾਰਚ 2024 ਤੱਕ ਲਾਗੂ ਰਹੇਗਾ। ਇਸ ਵਿੱਚ ਇੱਕ ਵਾਰ ਉੱਕੀ-ਪੁੱਕੀ ਰਕਮ ਵੀ ਜਾਰੀ ਕੀਤੀ ਜਾਵੇਗੀ ਜਿਹੜੀ ਤਨਖਾਹ ਦਾ 1% ਹੋਵੇਗੀ ਤੇ ਉਹਨਾਂ ਦੇ ਕੰਮ ਦੀ ਤਾਰੀਫ਼ ਵੱਜੋਂ ਦਿੱਤੀ ਜਾਵੇਗੀ। ਪੇਂਡੂ ਇਲਾਕਿਆਂ ਵਿੱਚ ਭਰਤੀ ਵਾਸਤੇ ਹਰ ਸਾਲ 5 ਮਿਲੀਅਨ ਡੌਲਰ ਦੀ ਰਕਮ ਰਾਖ਼ਵੀਂ ਰੱਖੀ ਜਾਇਆ ਕਰੇਗੀ ਤੇ ਢਾਈ ਮਿਲੀਅਨ ਡੌਲਰ ਦੀ ਰਕਮ ਨਰਸਾਂ ਦੀ ਰੀ-ਲੋਕੇਸ਼ਨ ਉੱਪਰ ਖ਼ਰਚ ਹੋਵੇਗੀ।

# ਕੈਥੀ ਕਲੈਸਨ ਚੈਸਟਰਮੀਅਰ ਆਰ ਸੀ ਐਮ ਪੀ ਦੀ ਨਵੀਂ ਮੁਖੀ ਬਣੀ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਐਲਬਰਟਾ ਨਿਵਾਸੀ ਅਤੇ ਪਿਛਲੇ 17 ਸਾਲ ਤੋਂ ਆਰ.ਸੀ.ਐਮ.ਪੀ. ਵਿੱਚ ਸੇਵਾਵਾਂ ਦਿੰਦੀ ਆ ਰਹੀ ਸਟਾਫ਼ ਸਾਰਜੰਟ ਕੈਥੀ ਕਲੈਸਨ ਨੂੰ ਚੈਸਟਰਮੀਅਰ ਆਰ.ਸੀ.ਐਮ.ਪੀ. ਦੀ ਨਵੀਂ ਮੁਖੀ ਨਿਯੁਕਤ ਕੀਤਾ ਗਿਆ ਹੈ। ਚੈਸਟਰਮੀਅਰ ਦੀ 17 ਮੈਂਬਰੀ ਡਿਟੈਚਮੈਂਟ ਦੀ ਕਮਾਂਡਰ ਵਜੋਂ ਕੈਥੀ ਕਲੈਸਨ ਆਪਣਾ ਕੰਮ ਸੰਭਾਲਣ ਤੋਂ ਸਾਲ 2005 ਵਿੱਚ ਉਹਨਾਂ ਬੈਸੈਨੋ ਤੋਂ ਆਪਣੀ ਪੁਲਿਸ ਸੇਵਾ ਸ਼ੁਰੂ ਕੀਤੀ ਸੀ ਤੇ ਸੂਬੇ ਦੇ ਵੱਖ ਵੱਖ ਹਿੱਸਿਆਂ ਵਿੱਚ ਨੌਕਰੀ ਕਰ ਚੁੱਕੀ ਕਲੈਸਨ ਮੂਲ ਰੂਪ ਵਿੱਚ ਨਿਊਫਿਨਲੈਂਡ ਐਂਡ ਲੈਬ੍ਰੇਡਰ ਤੋਂ ਸੰਬੰਧ ਰੱਖਦੀ ਹੈ। ਚੈਸਟਰਮੀਅਰ ਮੇਅਰ ਜੈਫ਼ ਕੌਲਵਿਨ ਨੇ ਕਲੈਸਨ ਦੀ ਨਿਯੁਕਤੀ ਦਾ ਸਵਾਗਤ ਕੀਤਾ ਹੈ।

# ਇੱਕੋ ਘਰ ਅੰਦਰ ਚਾਰ ਵਿਅਕਤੀ ਗੋਲੀਆ ਨਾਲ ਭੁੰਨ ਸੁਟੇ

ਸੈਸਕਾਟੂਨ (ਪੰਜਾਬੀ ਅਖ਼ਬਾਰ ਬਿਊਰੋ)ਬ੍ਰਿਟਿਸ਼ ਕੋਲੰਬੀਆ ਦੇ ਰਿਚਮੰਡ ਸ਼ਹਿਰ ਵਿੱਚ ਗਾਰਡਨ ਸਿਟੀ ਰੋਡ ਦੇ 4500 ਬਲੌਕ ਵਿਚਲੇ ਇੱਕ ਘਰ ਵਿੱਚ 4 ਵਿਅਕਤੀਆਂ ਨੂੰ ਗੋਲੀਆਂ ਮਾਰ ਕੇ ਹਲਾਕ ਕਰ ਦਿੱਤੇ ਜਾਣ ਦੀ ਖ਼ਬਰ ਹੈ। ਉਹਨਾਂ ਨੂੰ ਸੋਮਵਾਰ ਨੂੰ ਗੋਲੀ ਮਾਰੀ ਗਈ ਤੇ ਮੰਗਲਵਾਰ ਦੇਰ ਰਾਤ ਨੂੰ ਇਸ ਦਾ ਪਤਾ ਲੱਗਿਆ। ਇਸ ਨੂੰ ਟਾਰਗੈਟਿਡ ਸ਼ੂਟਿੰਗ ਦਾ ਮਾਮਲਾ ਮੰਨਿਆ ਜਾ ਰਿਹਾ ਹੈ। ਜਾਂਚ ਕੀਤੀ ਜਾ ਰਹੀ ਹੈ।

# ਮੂਲ ਨਿਵਾਸੀ ਭਾਈਚਾਰੇ ਦੇ ਬਜ਼ੁਰਗਾਂ ਲਈ ਬਿਰਧ ਆਸ਼ਰਮ ਖੁੱਲਣ ਲੱਗਾ ਹੈ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ)ਕੈਲਗਰੀ ਵਿੱਚ ਮੂਲ ਨਿਵਾਸੀ ਭਾਈਚਾਰੇ ਦੇ ਬਜ਼ੁਰਗਾਂ ਵਾਸਤੇ ਰਿਹਾਇਸ਼ ਦਾ ਪ੍ਰਬੰਧ ਕੀਤਾ ਜਾ ਰਿਹਾ ਹੈ ਜਿੱਥੇ ਉਹਨਾਂ ਨੂੰ ਉਹਨਾਂ ਦੀ ਭਾਸ਼ਾ ਅਤੇ ਭੋਜਨ ਮਿਲਣਗੇ ਅਤੇ ਉਹਨਾਂ ਦੇ ਕਲਚਰ ਵਿੱਚ ਰਹਿਣ ਦਾ ਪ੍ਰਬੰਧ ਕੀਤਾ ਜਾਵੇਗਾ। ਹਾਇਲੈਂਡ ਪਾਰਕ ਵਿੱਚ ਇਹਨਾਂ ਘਰਾਂ ਦੀ ਉਸਾਰੀ ਸ਼ੁਰੂ ਹੋ ਰਹੀ ਹੈ ਜਿਸ ਉੱਪਰ 5.7 ਮਿਲੀਅਨ ਡਾਲਰ ਦਾ ਖ਼ਰਚਾ ਆਉਣ ਦੀ ਸੰਭਾਵਨਾ ਹੈ। ਇਸ ਫੈਸਿਲਿਟੀ ਨੂੰ ਸਾਲ 2023 ਵਿੱਚ ਖੋਲ੍ਹ ਦਿੱਤਾ ਜਾਵੇਗਾ।

ਨਵੇਂ ਪੁਰਾਣੇ ਘਰਾਂ ਅੰਦਰ ਕਿਚਨ ਕੈਬਿਨੇਟ ਦਾ ਕੰਮ
ਕੋਈ ਮੈਟਲ ਡੋਰ, ਜਾਂ ਸਾਧਾਰਣ ਡੋਰ ਲਗਾਉਣਾ ਹੈ ਜਾਂ ਮੋਲਡਿੰਗ, ਬੁੱਕ ਸੈਲਫ, ਪੌੜੀਆਂ ਦੀ ਰੇਲਿੰਗ, ਜਾਂ ਹਾਰਡਵੁੱਡ ਦਾ ਕੰਮ ਕਰਵਾਉਣਾ ਹੈ ਤਾਂ ਸੰਪਰਕ ਕਰੋ।
Specialist In:
All Type of Residential & Commercial Woodwork
Interior Finishing: Kitchen Cabinets:
Railing & Decorating
Manpreet Thind
Ph: (403) 455-1000
www.perfectfinishing.ca
Perfect Finishing Corp.
NewStar Cabinets Ltd.
3341 19 St NE Calgary AB T2E 6S8

ਕੋਰੋਨਾ ਵਾਇਰਸ ਦੇ ਚੱਲਦਿਆਂ ਹੁਣ ਤੁਸੀਂ ਰੋਮੀ ਸਿੱਧੂ ਕੋਲੋਂ ਇੰਸ਼ੋਰੈਂਸ ਫੋਨ ਉੱਪਰ ਵੀ ਕਰਵਾ ਸਕਦੇ ਹੋ
Call Romi Sidhu For Insurance & Financial Needs
StateFarm IS NOW Desjardins Insurance
Monday-Friday
9:00 am to 5:30 PM
Weekends: All Other Times Appointments only
4851 Westwinds Drive NE, Suite 217, Calgary, AB T3J 4L4
B:403-568-4330 C:403 615 7664
Email:romi.sidhu@desjardins.com
* HOME * DISABILTY * VEHICLE FINANCE
* AUTO * RRSP * CRITICAL ILLNESS
* LIFE * RESP * MUTUAL FUNDS
Romi Sidhu, Agent

SSSS IMMIGRATION SERVICES
www.ssssimmigration.com
SERVICES
LMIA APPROVALS, EXPRESS ENTRY
INVESTOR & BUSINESS CLASS
SKILLED WORKER & FAMILY CLASS
STUDENT VISA & WORK PERMIT
PNP (ALL PROVINCES)
PR CARD & CITIZENSHIP
GREAT OPPORTUNITY
FOR STUDENTS & POST GRADUATE
WORK PERMIT HOLDERS
HEAD OFFICE
Ph: 403 351 5355
Fax: 403 789 8222
116, 3770 Westwinds Dr NE Calgary AB T3J 5H3
info@ssssimmigration.com

HMP CUSTOM CABINETS
SPECIALIST IN
CUSTOM KITCHEN, BARS, WASHROOM VANITY, CLOSET & ALL COMMERCIAL MIL WORK
BUILT GARAGE, GARAGE DOOR INSTALL, NEW HOUSES FARMING, OLD HOUSE EXTENSION & ANY OTHER ADD ON CONSTRUCTION WORK, BASEMENT DEVELOPMENT
HMP PROFESSIONAL CONSTRUCTION LTD.
PAUL SEKHON
403 701 4947, 403 829 5000
www.hmphone.com

# ਜ਼ੁਰਮਾਨਾਂ ਟਿਕਟਾਂ ਦੇ ਨਵੇਂ ਨਿਯਮ ਹੋਰ ਰਾਇ ਮਸ਼ਵਰਾ ਕਰਨ ਲਈ ਹਾਲ ਦੀ ਘੜੀ ਟਾਲ ਦਿੱਤੇ ਹਨ -ਰਾਜਨ ਸਾਹਨੀ



ਐਡਮੰਟਨ(ਪੰਜਾਬੀ ਅਖ਼ਬਾਰ ਬਿਊਰੋ) ਲੋਕਾਂ ਵੱਲੋਂ ਵਿਆਪਕ ਵਿਰੋਧ ਕੀਤੇ ਜਾਣ ਅਤੇ ਐਲਬਰਟਾ ਦੀ ਵਿਰੋਧੀ ਧਿਰ ਐਨਡੀਪੀ ਵੱਲੋਂ ਜ਼ੋਰਦਾਰ ਮੰਗ ਕੀਤੇ ਜਾਣ ਮਗਰੋਂ ਜੇਸਨ ਕੈਨੀ ਸਰਕਾਰ ਨੇ ਸੂਬਾਈ ਕਚਹਿਰੀਆਂ ਵਿੱਚ ਟ੍ਰੈਫਿਕ ਨਿਯਮਾਂ ਦਾ ਉਲੰਘਣ ਕਰਨ ਵਾਲਿਆਂ ਨਾਲ ਨਜਿੱਠੇ ਜਾਣ ਦੇ ਬਦਲੇ ਸਿਸਟਮ ਨੂੰ ਲਾਗੂ ਕਰਨ 'ਤੇ ਫਿਲਹਾਲ ਰੋਕ ਲਗਾ ਦਿੱਤੀ ਹੈ। ਜੁਰਮਾਨਾ ਟਿਕਟਾਂ ਨੂੰ ਚੈਲੇਂਜ ਕਰਨ ਲਈ ਸਿਰਫ਼ ਇੱਕ ਹਫ਼ਤਾ ਦਿੱਤੇ ਜਾਣ, ਟ੍ਰੈਫਿਕ ਕੋਰਟਾਂ ਨੂੰ ਖ਼ਤਮ ਕਰਕੇ ਇਹਨਾਂ ਦੀ ਥਾਂ ਐਡਜਿਉਡਿਕੇਟਰ ਨਿਯੁਕਤ ਕਰਨ, ਜੁਰਮਾਨਾ ਟਿਕਟ ਨੂੰ ਚੈਲੇਂਜ ਕਰਨ ਵਾਸਤੇ ਫੀਸ ਲਏ ਜਾਣ ਆਦਿ ਦੀਆਂ ਤਬਦੀਲੀਆਂ ਪਹਿਲੀ ਫ਼ਰਬਰੀ 2022 ਤੋਂ ਲਾਗੂ ਹੋਣੀਆਂ ਸਨ। ਐਲਬਰਟਾ ਦੀ ਟ੍ਰਾਂਸਪੋਰਟੇਸ਼ਨ ਮਨਿਸਟਰ ਰਾਜਨ ਸਾਹਨੀ ਅਤੇ ਜਸਟਿਸ ਮਨਿਸਟਰ ਸੋਨਿਆ ਸੈਵੇਜ ਨੇ ਦੱਸਿਆ ਕਿ ਅਗਲੇ 3 ਤੋਂ 4 ਮਹੀਨਿਆਂ ਦੌਰਾਨ ਸਰਕਾਰ ਲੋਕਾਂ ਨਾਲ ਇਸ ਮਾਮਲੇ 'ਤੇ ਰਾਇ-ਮਸ਼ਵਰਾ ਕਰੇਗੀ ਤੇ ਨਵੀਆਂ ਤਬਦੀਲੀਆਂ ਬਾਰੇ ਪਹਿਲਾਂ ਸੂਬਾ ਵਾਸੀਆਂ ਨੂੰ ਜਾਗਰੂਕ ਕੀਤਾ ਜਾਵੇਗਾ। ਉਹਨਾਂ ਕਿਹਾ ਕਿ ਇਹਨਾਂ ਤਬਦੀਲੀਆਂ ਦੇ ਫਾਇਦਿਆਂ ਤੋਂ ਵੀ ਸੂਬਾ ਵਾਸੀਆਂ ਨੂੰ ਜਾਣੂ ਕਰਵਾਇਆ ਜਾਵੇਗਾ।

## ਛੋਟੇ ਬੱਚੇ ਦੀ ਸ਼ੱਕੀ ਹਾਲਾਤ ਵਿੱਚ ਹੋਈ ਮੌਤ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ ਦੇਰ ਨਾਲ ਪ੍ਰਾਪਤ ਜਾਣਕਾਰੀ ਅਨੁਸਾਰ ਕੈਲਗਰੀ ਨੌਰਥ ਈਸਟ ਦੀ ਫੌਲਕਨਰਿਜ ਕਮਿਉਨਿਟੀ ਵਿਚਲੇ ਇੱਕ ਘਰ ਵਿੱਚ ਬੀਤੇ ਦਿਨੀ ਇੱਕ ਛੋਟੇ ਬੱਚੇ ਦੀ ਸ਼ੱਕੀ ਹਾਲਾਤ ਵਿੱਚ ਮੌਤ ਹੋਣ ਦੀ ਸੂਚਨਾ ਹੈ। ਕੈਲਗਰੀ ਪੁਲਿਸ ਵੱਲੋਂ ਇਸ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ। ਫੌਲਸ਼ਾਇਰ ਪਲੇਸ ਵਿੱਚ ਪੈਂਦੇ ਇਸ ਘਰ ਵਿੱਚ ਪੁਲਿਸ ਨੂੰ ਘਰਦਿਆਂ ਵੱਲੋਂ ਹੀ ਸੱਦਿਆ ਗਿਆ ਸੀ। ਇੱਕ ਔਰਤ ਨੂੰ ਗ੍ਰਿਫ਼ਤਾਰ ਕਰਕੇ ਲੈ ਜਾਂਦਿਆਂ ਵੇਖਿਆ ਗਿਆ ਹੈ ਤੇ ਔਟੋਪਸੀ ਮਗਰੋਂ ਹੋਰ ਜਾਣਕਾਰੀ ਜਾਰੀ ਕੀਤੇ ਜਾਣ ਦੀ ਸੰਭਾਵਨਾ ਹੈ।

## ਡਾਊਨ ਟਾਊਨ ਦੀ ਦਸ ਮੰਜ਼ਿਲਾ ਬਿਲਡਿੰਗ ਰਿਹਾਇਸੀ ਯੂਨਿਟਾਂ ਵਿੱਚ ਤਬਦੀਲ ਹੋਣੀ ਸ਼ੂਰੂ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਡਾਉਨ-ਟਾਉਨ ਕੈਲਗਰੀ ਦੀ ਸੱਤ ਐਵੇਨਿਉ 'ਤੇ ਸਥਿੱਤ 10 ਮੰਜ਼ਿਲਾ ਇੱਕ ਔਫਿਸ ਬਿਲਡਿੰਗ ਨੂੰ ਅਫੌਰਡੇਬਲ ਐਂਡ ਸਪੈਸ਼ੇਲਾਇਜ਼ਡ ਹਾਉਜ਼ਿੰਗ ਵਾਸਤੇ ਤਬਦੀਲ ਕਰਨ ਦਾ ਕੰਮ ਸ਼ੁਰੂ ਕੀਤੇ ਜਾਣ ਦੀ ਸੂਚਨਾ ਹੈ। ਇਸ ਕੰਮ ਵਾਸਤੇ ਐਲਬਰਟਾ ਅਤੇ ਫੈਡਰਲ ਸਰਕਾਰਾਂ ਵੱਲੋਂ ਫੰਡਿੰਗ ਜਾਰੀ ਕੀਤੀ ਗਈ ਹੈ। ਇਹ ਕੰਮ ਨੌਨ-ਪ੍ਰੌਫਿਟ ਹਾਉਜ਼ਿੰਗ ਪ੍ਰੋਵਾਇਡਰ ਸੰਸਥਾ 'ਦ ਹੋਮ ਸਪੇਸ ਸੁਸਾਇਟੀ' ਵੱਲੋਂ ਕਰਵਾਇਆ ਜਾਵੇਗਾ। 10 ਮੰਜ਼ਿਲਾ ਇਸ ਇਮਾਰਤ ਦੀਆਂ ਪਹਿਲੀਆਂ 6 ਮੰਜ਼ਿਲਾਂ ਉੱਪਰ 82 ਅਜਿਹੇ ਰਿਹਾਇਸ਼ੀ ਯੂਨਿਟ ਸਥਾਪਿਤ ਕੀਤੇ ਜਾਣਗੇ। 2 ਹੋਰਨਾਂ ਮੰਜ਼ਿਲਾਂ 'ਤੇ ਸ਼ੈਲਟਰਜ਼ ਅਤੇ ਟ੍ਰੈਂਜ਼ਿਸ਼ਨਲ ਯੂਨਿਟਸ ਹੋਣਗੇ ਅਤੇ ਬਾਕੀ ਦੋ ਮੰਜ਼ਿਲਾਂ ਉੱਪਰ ਚਾਇਲਡ ਕੇਅਰ ਅਤੇ ਦਫ਼ਤਰੀ ਕੰਮ ਦਾ ਪ੍ਰਬੰਧ ਕੀਤਾ ਜਾਵੇਗਾ। ਕੈਲਗਰੀ ਮੇਅਰ ਡਾ. ਜੋਤੀ ਗੌਂਡੇਕ ਦਾ ਕਹਿਣਾ ਹੈ ਕਿ 30 ਮਿਲੀਅਨ ਡਾਲਰ ਦਾ ਇਹ ਪ੍ਰੋਜੈਕਟ ਸੂਬੇ ਦੀ ਅਫੌਰਡੇਬਲ ਹਾਉਜ਼ਿੰਗ ਦੀ 10 ਸਾਲਾ ਯੋਜਨਾ ਦਾ ਵਿਸਥਾਰ ਹੈ। ਫੈਡਰਲ ਹਾਉਜ਼ਿੰਗ ਐਂਡ ਡਾਇਵਰਸਿਟੀ ਐਂਡ ਇਨਕਲੂਯਨ ਮਨਿਸਟਰ ਅਹਿਮਦ ਹੁਸੈਨ ਨੇ ਦੱਸਿਆ ਕਿ ਫੈਡਰਲ ਸਰਕਾਰ ਦੇ ਰੈਪਿਡ ਹਾਉਜ਼ਿੰਗ ਇਨਿਸ਼ਿਏਟਿਵ ਤਹਿਤ ਇਸ ਪ੍ਰੋਜੈਕਟ ਲਈ 16.6 ਮਿਲੀਅਨ ਡਾਲਰ ਦੀ ਰਕਮ ਜਾਰੀ ਕੀਤੀ ਜਾ ਰਹੀ ਹੈ। ਬਾਕੀ ਰਕਮ ਐਲਬਰਟਾ ਸਰਕਾਰ ਵੱਲੋਂ ਦਿੱਤੀ ਜਾਵੇਗੀ।

## ਕਰੋਨਾਂ ਸਬੰਧੀ ਨਿੱਤ ਨਿੱਤ ਦੇ ਗੈਰ ਯਕੀਨੀ ਮਾਹੌਲ ਤੋਂ ਸਕੂਲੀ ਮਾਸਟਰ ਵੀ ਅੱਕ ਥੱਕ ਗਏ ਹਨ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਐਲਬਰਟਾ ਟੀਚਰਜ਼ ਐਸੋਸਿਏਸ਼ਨ - ਏ.ਟੀ.ਏ. ਦਾ ਕਹਿਣਾ ਹੈ ਕਿ ਉਹਨਾਂ ਵੱਲੋਂ ਕਰਵਾਏ ਗਏ ਹਾਲੀਆ ਸਰਵੇਖਣ ਵਿੱਚ ਸਾਹਮਣੇ ਆਇਆ ਹੈ ਕਿ ਸੂਬੇ ਦੇ ਅਧਿਆਪਕ, ਚਾਲੂ ਪੈਨਡੈਮਿਕ ਦੌਰਾਨ ਮੌਜੂਦ ਗ਼ੈਰ-ਯਕੀਨੀ ਦੇ ਮਹੌਲ ਤੋਂ ਅੱਕ-ਥੱਕ ਗਏ ਹਨ। ਇਸ ਸਰਵੇਖਣ ਵਿੱਚ 1000 ਐਕਟਿਵ ਅਧਿਆਪਕਾਂ ਅਤੇ 200 ਸਕੂਲ ਲੀਡਰਾਂ ਨੇ ਹਿੱਸਾ ਲਿਆ ਦੱਸਿਆ ਗਿਆ ਹੈ। ਸਕੂਲਾਂ ਉੱਪਰ ਇਸ ਪੈਨਡੈਮਿਕ ਦੇ ਪਏ ਅਸਰ ਨੂੰ ਦੇਖਣ ਲਈ ਇਹ ਸਰਵੇਖਣ ਸਾਲ 2020 ਤੋਂ ਕਰਾਵਇਆ ਜਾ ਰਿਹਾ ਹੈ ਤੇ ਇਹ ਇਸ ਦੀ ਛੇਵੀਂ ਰਿਪੋਰਟ ਹੈ। 92% ਸਕੂਲ ਸਟਾਫ਼ ਦਾ ਕਹਿਣਾ ਹੈ ਕਿ ਉਹ ਇਸ ਵਾਇਰਸ ਤੋਂ ਥੱਕ ਗਏ ਹਨ ਤੇ ਸਟ੍ਰੈਸ ਅਤੇ ਚਿੰਤਾ ਆਦਿ ਰੋਗਾਂ ਤੋਂ ਪਰੇਸ਼ਾਨ ਹਨ। ਘਬਰਾਹਟ ਹੋਣਾ ਅਤੇ ਕਾਹਲ ਪੈਣਾ ਆਦਿ ਦੀ ਸਮੱਸਿਆਵਾਂ ਨੇ ਉਹਨਾਂ ਨੂੰ ਘੇਰ ਲਿਆ ਹੈ। ਇੱਕ ਤਿਹਾਈ ਨੇ ਤਾਂ ਇੱਥੋਂ ਤੱਕ ਕਿਹਾ ਹੈ ਕਿ ਉਹਨਾਂ ਨੂੰ ਨਹੀਂ ਪਤਾ ਕਿ ਉਹ ਅਗਲੇ ਸੈਸ਼ਨ ਦੌਰਾਨ ਪੜ੍ਹਾਉਣ ਦਾ ਕੰਮ ਕਰਨਗੇ ਵੀ ਜਾਂ ਨਹੀਂ।

The Alberta Teachers' Association

# ਡਾਕਟਰ ਦੀ ਉਡੀਕ ਕਰਦਾ ਕਰਦਾ ਮਰੀਜ਼ ਆਖਿਰ ਦਮ ਤੋੜ ਗਿਆ



ਰੈਡ ਡੀਅਰ (ਪੰਜਾਬੀ ਅਖ਼ਬਾਰ ਬਿਊਰੋ) ਪਿਛਲੇ ਦਿਨੀਂ ਰੈਡ ਡੀਅਰ ਵਿੱਚ ਹਸਪਤਾਲ ਦੇ ਐਮਰਜੰਸੀ ਵਾਰਡ ਵਿੱਚ ਡਾਕਟਰ ਦੀ ਉਡੀਕ ਕਰਦੇ ਹੋਏ ਇੱਕ ਮਰੀਜ਼ ਦੀ ਮੌਤ ਹੋ ਜਾਣ ਦੇ ਸਨਸਨੀਖੇਜ਼ ਮਾਮਲੇ ਦੇ ਸਾਹਮਣੇ ਆਉਣ ਮਗਰੋਂ ਹਸਪਤਾਲ ਸੇਵਾਵਾਂ ਵਿੱਚ ਵਿਸਥਾਰ ਦੀ ਮੰਗ ਜ਼ੋਰ ਫੜਣ ਲੱਗੀ ਹੈ। ਐਲਬਰਟਾ ਹੈਲਥ ਸਰਵਿਸਿਜ਼ ਵੱਲੋਂ ਇਸ ਘਟਨਾ ਦੀ ਜਾਂਚ ਕੀਤੀ ਜਾ ਰਹੀ ਹੈ। ਜਿਸ ਦਿਨ ਮਰੀਜ਼ ਦੀ ਹਸਪਤਾਲ ਵਿੱਚ ਮੌਤ ਹੋਈ, ਉਸ ਦਿਨ ਹਸਪਤਾਲ ਵਿੱਚ ਉਡੀਕ ਸਮਾਂ 14 ਘੰਟਿਆਂ ਦਾ ਸੀ। ਸਾਲ 2020 ਵਿੱਚ ਜੇਸਨ ਕੈਨੀ ਸਰਕਾਰ ਨੇ ਐਲਾਨ ਕੀਤਾ ਸੀ ਕਿ ਇਸ ਹਸਪਤਾਲ ਦੇ ਵਿਸਥਾਰ ਵਾਸਤੇ 100 ਮਿਲੀਅਨ ਡਾਲਰ ਦਿੱਤੇ ਜਾਣਗੇ ਪਰ ਪਿਛਲੇ ਸਾਲ ਇਹ ਰਕਮ ਘਟਾ ਕੇ 3 ਸਾਲਾਂ ਵਿੱਚ 59 ਮਿਲੀਅਨ ਡਾਲਰ ਕਰ ਦਿੱਤੀ ਗਈ ਸੀ। ਹੁਣ ਸਰਕਾਰ ਉੱਪਰ ਦਬਾਅ ਵਧਣ ਲੱਗਿਆ ਹੈ ਕਿ ਇਸ ਹਸਪਤਾਲ ਵਿੱਚ ਸੇਵਾਵਾਂ ਦਾ ਵਿਸਥਾਰ ਕੀਤਾ ਜਾਵੇ। ਹਸਪਤਾਲ ਸਟਾਫ਼, ਮਰੀਜ਼ਾਂ ਅਤੇ ਉਹਨਾਂ ਦੇ ਘਰਦਿਆਂ ਦੇ ਨਾਲ ਨਾਲ ਹੈਲਥ ਕੇਅਰ ਐਡਵੋਕੇਟਸ ਵੱਲੋਂ ਇਹ ਮੰਗ ਕੀਤੀ ਜਾ ਰਹੀ ਹੈ।

# ਐਡਮੰਟਨ ਦੀ ਜੇਲ ਅੰਦਰ ਕੈਦੀ ਫਿਰ ਭਿੜ ਪਏ



ਐਡਮੰਟਨ (ਪੰਜਾਬੀ ਅਖ਼ਬਾਰ ਬਿਊਰੋ) ਰਾਜਧਾਨੀ ਐਡਮੰਟਨ ਦੀ ਜੇਲ ਵਿੱਚ ਲਗਾਤਾਰ ਦੂਸਰੇ ਹਫ਼ਤੇ ਦੂਜੀ ਵਾਰ ਕੈਦੀਆਂ ਦਰਮਿਆਨ ਲੜਾਈ ਹੋਣ ਦੀ ਸੂਚਨਾ ਹੈ। 3 ਕੈਦੀਆਂ ਦੀ ਇਹ ਲੜਾਈ ਇੰਨੀ ਖ਼ਤਰਨਾਕ ਸੀ ਕਿ ਅਧਿਕਾਰੀਆਂ ਨੂੰ ਹਵਾਈ ਫਾਇਰ ਵੀ ਕਰਨਾ ਪਿਆ। ਇੱਕ ਕੈਦੀ ਨੂੰ ਗੰਭੀਰ ਜ਼ਖ਼ਮੀ ਹਾਲਤ ਵਿੱਚ ਹਸਪਤਾਲ ਲੈ ਜਾਇਆ ਗਿਆ ਹੈ। ਪਹਿਲੀ ਲੜਾਈ 8 ਜਨਵਰੀ ਨੂੰ ਹੋਈ ਸੀ ਤੇ ਉਸ ਦਿਨ ਕਈ ਰਾਊਂਡ ਹਵਾਈ ਫਾਇਰ ਕੀਤੇ ਗਏ ਸਨ ਤੇ ਉਸ ਦਿਨ ਦੋ ਕੈਦੀਆਂ ਨੂੰ ਹਸਪਤਾਲ ਲੈ ਜਾਣਾ ਪਿਆ ਸੀ। 21 ਜਨਵਰੀ ਦੀ ਲੜਾਈ ਦੀ ਪੁਸ਼ਟੀ ਵੀ ਕੁਰੈਕਸ਼ਨਲ ਸਰਵਿਸਿਜ਼ ਵੱਲੋਂ ਕਰ ਦਿੱਤੀ ਗਈ ਹੈ। ਨੌਰਥ ਈਸਟ ਐਡਮੰਟਨ ਦੀ ਇਹ ਜੇਲ ਕਾਫੀ ਬਦਨਾਮ ਹੈ ਤੇ ਕੋਵਿਡ-19 ਦੀ ਪੰਜਵੀਂ ਲਹਿਰ ਦੌਰਾਨ ਸਟਾਫ਼ ਵੱਡੀਆਂ ਮੁਸੀਬਤਾਂ ਵਿੱਚੋਂ ਗੁਜ਼ਰ ਰਿਹਾ ਹੈ। ਕੈਦੀਆਂ ਵਿੱਚੋਂ 3 ਦੇ ਇੱਕ ਵਕੀਲ ਦਾ ਕਹਿਣਾ ਹੈ ਕਿ ਜਦੋਂ ਜੇਲ੍ਹ ਅੰਦਰ ਲੜਾਈਆਂ ਹੋਣ ਲੱਗ ਪੈਣ ਅਤੇ ਗੋਲੀਆਂ ਚਲਾਉਣ ਦੀ ਨੌਬਤ ਬਣ ਜਾਵੇ ਤਾਂ ਸਮਝਣਾ ਮੁਸ਼ਕਿਲ ਨਹੀਂ ਕਿ ਉੱਥੇ ਹਾਲਾਤ ਕਾਫੀ ਖ਼ਰਾਬ ਹੋਣਗੇ।


Sidhu Accounting & Financial Services



Accounting Services
Personal Tax Returns
• Corporate Tax Returns
• Computerized Bookkeeping
• T4's
• Record of Employment

Financial Services
• RRSP
• Life Insurance
Term Life
Universal Life
• Critical Illness Insurance
• Segregated Funds

IQBAL SIDHU
(403) 568-2667
ਛੋਟੇ ਵੱਡੇ ਕਿਸੇ ਵੀ ਤਰ੍ਹਾਂ ਦੇ ਬਿਜ਼ਨਸ ਲਈ ਅਕਾਉਂਟਿੰਗ ਦੀ ਹਰ ਤਰ੍ਹਾਂ ਦੀ ਸੇਵਾਵਾਂ ਲਈ ਇਕਬਾਲ ਸਿੱਧੂ ਨੂੰ ਕਾਲ ਕਰੋ।
#202, 4656 Weswinds Drive NE. Calgary AB T3J 3Z5



NORTHEAST AUTOMOTIVE



Bring your vehicle into NorthEast Automotive and be on smoother, stress free roads
First Choice for Engine Repair
ਆਪਣੀ ਕਾਰ ਦੀ ਤਸੱਲੀਬਖਸ਼ ਰਿਪੇਅਰ ਅਤੇ ਇੰਜਣ ਦੇ ਨੰਬਰ 1 ਕੰਮ ਲਈ ਸਾਡੇ ਨਾਲ ਸੰਪਰਕ ਕਰੋ।
Contact: DEEP
4205-17 Ave SE
Calgary (AB)
Fax: 403 313 9993
Email: deep@neauto.ca
www.neauto.ca Ph. 403-263-1000, 403-250-7038



PEEL FINANCIAL
LEASING & FINANCE
Experts in
Commercial & Industrial Finance
Heavy Equipment Tranportation
ਪੀਲ ਫਾਇਨਾਂਸੀਅਲ ਵਾਲੇ ਹੀ ਤੁਹਾਨੂੰ ਬਣਾ ਸਕਦੇ ਨੇ ਹੈਵੀ ਡਿਊਟੀ ਟਰੱਕ ਟ੍ਰੈਲਰ, ਟਰੱਕ ਦੇ ਮਾਲਕ
Jatinder Gill
Jay@peelfinancial.ca
306 880 3869
(Winnipeg)
ਘੱਟ ਰੇਟ ਉੱਪਰ ਕੁਝ ਹੀ ਮਿੰਟਾਂ ਵਿੱਚ ਟਰੱਕ ਲੋਨ ਦੀ ਅਪਰੂਵਲ ਲਵੋ।
Davinder Gill
Lease Account Manager
dave@peelfinancial.ca
306 490 2205



ਪੁਰਾਣੀ ਕਾਰ ਘਰੋਂ ਚੁੱਕਵਾਓ-ਵਧੀਆ ਡਾਲਰ ਜੇਬ ਵਿੱਚ ਪਾਓ
ਡਾਲੇ ਵਾਲੇ ਗਿੱਲ ਭਰਾਵਾਂ ਦੀਆਂ ਸੇਵਾਵਾਂ ਤੁਹਾਡੀ ਸੇਵਾ ਵਿੱਚ
BLACK DIAMOND
Auto Parts & Recycling
We sell quality used Auto Parts for Cars, Trucks and Vans
We Buy Scrap Cars



#2, 168 Street W
Black Diamond, AB
www.RetireMyCar.com
Ph: 403-561-0126
Ph: 403-999-0127
ਇੰਜਣ, ਟਰਾਂਸਮਿਸ਼ਨ, ਟਾਇਰ ਗੱਲ ਕੀ ਹਰ ਕਿਸਮ ਦੀਆਂ ਗਡੀਆ ਦੇ ਹਰ ਕਿਸਮ ਦੇ ਸਪੇਅਰ ਪਾਰਟਸ ਅਤੇ ਨਵੀਂ ਨਕੋਰ ਲੁੱਕ ਵਾਲੀਆ ਪੁਰਾਣੀਆਂ ਕਾਰਾਂ ਤੁਹਾਡੇ ਬੱਜਟ ਅਨੁਸਾਰ ਲਵੋ।
ਰਾਜ ਗਿੱਲ ਨੂੰ ਫੋਨ ਘੁੰਮਾਓ - ਝੱਟ ਕਾਰ ਦੇ ਮਾਲਕ ਬਣ ਜਾਓ



SUPERVISA INSURANCE
RESP & RRSP
CRITICAL ILLNESS INSURANCE
LIFE INSURANCE
MORTGAGE INSURANCE
TRAVEL INSURANCE
Punjab Insurance Inc
"Your Local Insurance Advisor"
VISITOR INSURANCE
ਘਰ ਬੈਠੇ ਹੀ ਆਨ ਲਾਈਨ ਸੇਵਾਵਾਂ ਵੀ ਲੈ ਸਕਦੇ ਹੋ
90 DAYS NEW IMMIGRANT INSURANCE



NAVDEEP JASWAL
Financial Advisor
403 909 4141



INDIA PALACE
Restaurant & Sweets



ਤੁਹਾਡੇ ਏਰੀਏ ਵਿੱਚ ਈਸਟ ਇੰਡੀਅਨ ਰੈਸਟੋਰੈਂਟ ਜਿੱਥੇ ਤੁਸੀਂ ਸਵਾਦੀ ਖਾਣੇ ਤਾਜੇ ਸਮੋਸੇ, ਗੋਲਗੱਪੇ, ਚਾਟ ਬਗੈਰਾ ਅਤੇ ਤਾਜ਼ੀਆਂ ਮਠਿਆਈਆਂ ਦੇ ਨਾਲ-ਨਾਲ ਮਸਾਲਾ-ਡੋਸਾ ਅਤੇ ਇਡਲੀ ਸਾਂਬਰ ਆਦਿ ਦਾ ਆਨੰਦ ਮਾਣ ਸਕਦੇ ਹੋ।
ਮੱਕੀ ਦੀ ਰੋਟੀ ਸਰੋਂ ਦਾ ਸਾਗ
We do Catering for all Occasions Call us for Advance Booking!
Lunch Special : 7 Days A Week
10% OFF for Catering only
Now We Open 7 Days a week
Ph : 403-285-3097
Cell : 403-870-3227
Bay #10, 5700, Falsbridge Dr. N.E Calgary, T3J 3H4



Punjabi Chulha ਪੰਜਾਬੀ ਚੁੱਲ੍ਹਾ Restaurant & Sweet Shop
We Do Take-Out & Catering For All Events
ਪੰਜਾਬੀ ਚੁੱਲ੍ਹਾ ਰੈਸਟੋਰੈਂਟ



ਕੈਲਗਰੀ ਸਕਾਈਵਿਊ ਦੇ ਰੈਡ ਸਟੋਨ ਏਰੀਆ ਵਿੱਚ ਖੁੱਲ ਗਿਆ ਹੈ।
ਫੋਨ ਆ ਗਿਆ ਕਿ ਘਰ ਪ੍ਰਾਹੁਣੇ ਆ ਰਹੇ ਨੇ ਐਵੇ ਨਾ ਡਰੋ!
"ਪੰਜਾਬੀ ਚੁੱਲੇ" ਦੇ ਖਾਣਿਆਂ ਨਾਲ ਮਹਿਮਾਨਾ ਦੀ ਆਓ ਭਗਤ ਕਰੋ!
ਦਿਲ ਚਾਹੇ ਉੱਥੇ ਬੈਠ ਕੇ ਖਾਓ-ਦਿਲ ਚਾਹੇ ਘਰ ਲੈ ਜਾਓ!
ਆਪਣੇ ਘਰ ਵੇਲਣੇ ਨੂੰ ਛੁੱਟੀ, ਬੱਸ ਵੇਲਣੇ ਦੀ ਥਾਂ ਫੋਨ ਘੁਮਾਓ!
83 Martindale Blvd NE Calgary, AB T3J 3M7
P: 403-453-9000 / C:403-477-5142



## ਸੰਪਾਦਕੀ



ਸਿਆਸਤ ਵਿੱਚ ਸੰਕੇਤ ਦਾ ਸਿਆਸਤ ਦਾ ਹੁੰਦਾ ਹੈ। -ਔਡਰੇ ਲੌਰਡ

# ਕੈਨੇਡਾ ਦੇ ਟਰੱਕ ਡਰਾਈਵਰ ਬਨਾਮ ਟਰੂਡੋ

ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੇ ਨਿਵਾਸ ਸਥਾਨ ਨੂੰ ਡਰਾਈਵਰਾਂ ਦੁਆਰਾ ਘੇਰਨਾ ਅਤੇ ਉਸ ਤੋਂ ਬਾਅਦ ਪ੍ਰਧਾਨ ਮੰਤਰੀ ਵੱਲੋਂ ਉਥੋਂ ਬਚ ਕੇ ਨਿਕਲ ਜਾਣ ਦੀ ਖ਼ਬਰ ਦੁਨੀਆ ਭਰ ਦੇ ਮੀਡੀਆ ਵਿੱਚ ਛਾਈ ਹੋਈ ਹੈ। ਭਾਰਤ ਖਾਸ ਕਰਕੇ ਪੰਜਾਬ ਵਿਚ ਇਸ ਲਈ ਚਰਚਾ ਦਾ ਵਿਸ਼ਾ ਬਣੀ ਹੋਈ ਹੈ ਕਿਉਂਕਿ ਪੰਜਾਬ ਦੇ ਬਹੁਤ ਸਾਰੇ ਲੋਕ ਕੈਨੇਡਾ ਗਏ ਹੋਏ ਹਨ ਅਤੇ ਉਨ੍ਹਾਂ ਨੇ ਕਿੱਤਾ ਵੀ ਡਰਾਈਵਿੰਗ ਦਾ ਹੀ ਅਪਣਾਇਆ ਹੋਇਆ ਹੈ। ਲਿਬਰਲ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ ਸਰਕਾਰ ਵਿਰੁੱਧ ਇਸ ਵੇਲੇ ਕੈਨੇਡਾ ਦੇ ਹਜ਼ਾਰਾਂ ਟਰੱਕ ਆਪ੍ਰੇਟਰ ਜ਼ੋਰਦਾਰ ਪ੍ਰਦਰਸ਼ਨ ਕਰ ਰਹੇ ਹਨ। ਕੈਨੇਡਾ ਤੇ ਅਮਰੀਕਾ 'ਚ ਪੰਜਾਬੀ ਟਰੱਕ ਡਰਾਈਵਰਾਂ ਦੀ ਵੱਡੀ ਗਿਣਤੀ ਹੈ। ਦਰਅਸਲ, ਇਸੇ ਮਹੀਨੇ ਕੈਨੇਡਾ ਸਰਕਾਰ ਨੇ ਕੋਰੋਨਾ ਮਹਾਮਾਰੀ ਕਾਰਨ ਇੱਕ ਹੁਕਮ ਲਾਗੂ ਕਰ ਦਿੱਤਾ ਸੀ ਕਿ ਜਿਹੜੇ ਵੀ ਡਰਾਈਵਰ ਟਰੱਕ ਅਮਰੀਕਾ ਤੋਂ ਲੈ ਕੇ ਆਉਣਗੇ, ਉਨ੍ਹਾਂ ਨੂੰ ਬਾਰਡਰ 'ਤੇ ਕੋਵਿਡ-19 ਵੈਕਸੀਨ ਲੱਗੇ ਹੋਣ ਦਾ ਸਰਟੀਫਿਕੇਟ ਵਿਖਾਉਣਾ ਹੋਵੇਗਾ। ਟਰੱਕ ਆਪ੍ਰੇਟਰ ਟਰੂਡੋ ਸਰਕਾਰ ਦੀ ਇਸੇ ਹਦਾਇਤ ਤੋਂ ਔਖੇ-ਭਾਰ ਹਨ। ਉਹ ਇਸ ਵਿਰੁੱਧ ਸਮੁੱਚੇ ਦੇਸ਼ 'ਚ ਜ਼ੋਰਦਾਰ ਰੋਸ ਮੁਜ਼ਾਹਰੇ ਕਰ ਰਹੇ ਹਨ। ਉਨ੍ਹਾਂ ਨੇ ਕੈਨੇਡੀਅਨ ਸੰਸਦ ਦੇ ਸਾਹਮਣੇ ਵੀ ਪ੍ਰਦਰਸ਼ਨ ਕੀਤਾ। ਕੁੱਝ ਟਰੱਕ ਡਰਾਈਵਰ 'ਵਾਰ ਮੈਮੋਰੀਅਲ' 'ਤੇ ਨੱਚਦੇ-ਟੱਪਦੇ ਵੀ ਵਿਖਾਈ ਦਿੱਤੇ, ਜਿਸ ਦਾ ਫ਼ੌਜੀ ਅਧਿਕਾਰੀਆਂ ਨੇ ਜ਼ੋਰਦਾਰ ਵਿਰੋਧ ਵੀ ਕੀਤਾ ਹੈ। ਇਨ੍ਹਾਂ ਪ੍ਰਦਰਸ਼ਨਾਂ ਕਾਰਨ ਹੀ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੂੰ ਹੁਣ ਰਾਜਧਾਨੀ ਓਟਾਵਾ ਸਥਿਤ ਆਪਣੀ ਸਰਕਾਰੀ ਰਿਹਾਇਸ਼ਗਾਹ ਨੂੰ ਛੱਡ ਕੇ ਕਿਸੇ ਗੁਪਤ ਸਥਾਨ 'ਤੇ ਰਹਿਣਾ ਪੈ ਰਿਹਾ ਹੈ। ਦੂਜੀਆਂ ਰਾਜਨੀਤਕ ਪਾਰਟੀਆਂ ਐਨ ਡੀ ਪੀ ਅਤੇ ਲਿਬਰਲ ਨੇ ਇਸ ਮਾਮਲੇ ਵਿੱਚ ਮੁਜ਼ਾਹਰਾਕਾਰੀਆਂ ਤੋਂ ਦੂਰੀ ਬਣਾ ਲਈ ਹੈ ਪਰ ਕੰਜ਼ਰਵੇਟਿਵ ਲੀਡਰ ਐਰਿਨ ਓ ਟੂਲ ਵੱਲੋਂ ਪ੍ਰਦਰਸ਼ਨਕਾਰੀਆਂ ਦੇ ਹੱਕ ਵਿਚ ਨਿਭਾਏ ਰੋਲ ਦੀ ਚਰਚਾ ਹੋ ਰਹੀ ਹੈ ਹੋ ਸਕਦਾ ਹੈ ਕਿ ਉਹਨਾਂ ਹੱਥੋਂ ਇਸ ਵਜਾਹ ਕਰਣ ਪਾਰਟੀ ਦੀ ਲੀਡਰਸ਼ਿਪ ਵੀ ਜਾਂਦੀ ਲੱਗੇ। ਕੋਰੋਨਾ ਮਹਾਮਾਰੀ ਨੇ ਪਿਛਲੇ ਦੋ ਸਾਲਾਂ ਦੌਰਾਨ ਪੂਰੀ ਦੁਨੀਆ ਨੂੰ ਬਿਲਕੁਲ ਨਵੀਂ ਕਿਸਮ ਦੇ ਰੰਗ ਵਿਖਾਏ ਹਨ। ਕਦੇ ਕਿਸੇ ਨੇ ਸੋਚਿਆ ਸੀ ਕਿ ਪੂਰੀ ਦੁਨੀਆ ਨੂੰ ਇੱਕੋ ਵੇਲੇ ਲਾਕਡਾਊਨ 'ਚ ਰਹਿਣਾ ਪਵੇਗਾ ਤੇ ਬਹੁਤ ਸਾਰੇ ਕਾਰੋਬਾਰ ਠੱਪ ਹੋ ਕੇ ਰਹਿ ਜਾਣਗੇ। ਟਰੱਕ ਆਪ੍ਰੇਟਰਜ਼ ਦੀਆਂ ਸਮੱਸਿਆਵਾਂ ਜਾਇਜ਼ ਹਨ। ਉਨ੍ਹਾਂ ਨੂੰ ਸਖ਼ਤ ਬਰਫ਼ਾਨੀ ਠੰਢ 'ਚ ਵੀ ਉਸ ਵੇਲੇ ਵੀ ਆਪਣੀਆਂ ਸੇਵਾਵਾਂ ਜਾਰੀ ਰੱਖਣੀਆਂ ਪੈਂਦੀਆਂ ਹਨ ਜਦੋਂ ਸੜਕਾਂ ਹਰ ਪਾਸੇ ਸੁੰਨੀਆਂ ਹੁੰਦੀਆਂ ਹਨ ਅਤੇ ਜ਼ਿਆਦਾਤਰ ਸਰਕਾਰੀ ਤੇ ਗ਼ੈਰ-ਸਰਕਾਰੀ ਸੰਸਥਾਵਾਂ ਬੰਦ ਹੁੰਦੀਆਂ ਹਨ। ਇਹ ਟਰੱਕ ਡਰਾਈਵਰ ਦੇਸ਼ ਦੀ ਅਰਥ ਵਿਵਸਥਾ ਨੂੰ ਚੱਲਦਾ ਰੱਖਣ ਵਿਚ ਆਪਣਾ ਵਡੇਰਾ ਯੋਗਦਾਨ ਪਾਉਂਦੇ ਹਨ। ਉਹ ਬਾਰਡਰ 'ਤੇ ਵੈਕਸੀਨ ਸਰਟੀਫਿਕੇਟ ਵਿਖਾਉਣ ਦੇ ਨਵੇਂ ਕਾਨੂੰਨ ਦਾ ਵਿਰੋਧ ਇਸ ਲਈ ਨਹੀਂ ਕਰ ਰਹੇ ਕਿ ਉਹ ਇਹ ਟੀਕਾ ਲਗਵਾਉਣਾ ਨਹੀਂ ਚਾਹੁੰਦੇ। ਦਰਅਸਲ, ਉਨ੍ਹਾਂ ਨੂੰ ਇਹ ਟੀਕਾ ਲਗਵਾਉਣ ਦਾ ਸਮਾਂ ਹੀ ਨਹੀਂ ਮਿਲ ਪਾਉਂਦਾ।ਜ਼ਿਆਦਾਤਰ ਵਿਅਕਤੀਆਂ ਨੂੰ ਇਹ ਟੀਕਾ ਲਗਵਾਉਣ ਤੋਂ ਬਾਅਦ ਦੋ-ਤਿੰਨ ਦਿਨ ਆਰਾਮ ਕਰਨ ਦੀ ਲੋੜ ਪੈਂਦੀ ਹੈ ਪਰ ਟਰੱਕਰਜ਼ ਦੀਆਂ ਆਪਣੀਆਂ ਸਮੱਸਿਆਵਾਂ ਹਨ। ਉਹ ਇੰਨੇ ਦਿਨ ਦੀ ਉਡੀਕ ਕਿੱਥੇ ਕਰ ਸਕਦੇ ਹਨ। ਉਨ੍ਹਾਂ ਦੀਆਂ ਕਈ-ਕਈ ਮਹੀਨੇ ਪਹਿਲਾਂ ਤੋਂ ਬੁਕਿੰਗਜ਼ ਹੋਈਆਂ ਹੁੰਦੀਆਂ ਹਨ ਜਿਨ੍ਹਾਂ ਨੂੰ ਉਨ੍ਹਾਂ ਨੇ ਹਰ ਹਾਲਤ ਵਿਚ ਨੇਪਰੇ ਚਾੜ੍ਹਨਾ ਹੁੰਦਾ ਹੈ। ਉੱਪਰੋਂ ਟਰਾਂਸਪੋਰਟ ਦੇ ਖ਼ਰਚੇ ਬਹੁਤ ਜ਼ਿਆਦਾ ਵਧ ਗਏ ਹਨ। ਉਨ੍ਹਾਂ ਨੂੰ ਪੂਰੇ ਕਰਨ ਲਈ ਕਿਸੇ ਵੀ ਤਰ੍ਹਾਂ ਦਾ ਨਾਗਾ ਡਰਾਈਵਰਾਂ ਤੇ ਉਨ੍ਹਾਂ ਦੇ ਸਹਾਇਕਾਂ ਲਈ ਅਸੰਭਵ ਹੀ ਹੈ। ਜੇ ਕੋਵਿਡ ਨਿਯਮਾਂ ਦੀ ਗੱਲ ਕਰੀਏ ਤਾਂ ਇੰਗਲੈਂਡ 'ਚ ਸਾਰੀਆਂ ਪਾਬੰਦੀਆਂ ਤੇ ਸਖ਼ਤੀਆਂ ਲਗਪਗ ਖ਼ਤਮ ਕਰ ਦਿੱਤੀਆਂ ਗਈਆਂ ਹਨ। 'ਵਰਕ ਫਰਾਮ ਹੋਮ' ਦਾ ਨਿਯਮ ਖ਼ਤਮ ਕਰ ਦਿੱਤਾ ਗਿਆ ਹੈ। ਹੁਣ ਉੱਥੇ ਕਿਸੇ ਨੂੰ ਮਾਸਕ ਲਾਉਣ ਦੀ ਵੀ ਲੋੜ ਨਹੀਂ ਹੈ ਅਤੇ ਕਿਸੇ ਵੀ ਥਾਂ 'ਤੇ ਜਿੰਨੇ ਮਰਜ਼ੀ ਲੋਕਾਂ ਦਾ ਇਕੱਠ ਕੀਤਾ ਜਾ ਸਕਦਾ ਹੈ। ਇਸ ਸਭ ਦੌਰਾਨ ਕੈਨੇਡੀਅਨ ਸਰਕਾਰ ਵੱਲੋਂ ਕੋਵਿਡ ਬਾਬਤ ਸਖ਼ਤੀਆਂ ਲਾਗੂ ਕਰਨ 'ਤੇ ਲੋਕਾਂ ਵਿਚ ਡਾਢਾ ਰੋਸ ਪਾਇਆ ਜਾ ਰਿਹਾ ਹੈ। ਪ੍ਰਧਾਨ ਮੰਤਰੀ ਟਰੂਡੋ ਨੂੰ ਕਿਸੇ ਗੁਪਤ ਜਗ੍ਹਾ ਲੁਕਣ ਦੀ ਥਾਂ ਸਾਹਮਣੇ ਆ ਕੇ ਹਮਦਰਦੀ ਨਾਲ ਟਰੱਕ ਚਾਲਕਾਂ ਦੇ ਮਸਲਿਆਂ ਨੂੰ ਸੁਣ ਕੇ ਉਨ੍ਹਾਂ ਨੂੰ ਹੱਲ ਕਰਨਾ ਚਾਹੀਦਾ ਹੈ।

**ਸੁਖਜਿੰਦਰ ਸਮਰਾ**
**ਮੋ. 95835-92000**

403 640 2000
punjabiakhbaar@gmail.com

This disclaimer informs the readers of 'the Punjabi Akhbaar' that the views, thoughts, and opinions expressed in the texts belong solely to their authors, and not necessarily to the author's employer, organization, committee or other group or individual, and the Editor and Publisher of this Newspaper. The concerned companies that advertise in this News Paper are responsible for the content, information, price, warranty, guaranty, quality etc. and not 'the Punjabi Akhbaar'. The Editor reserves the right to edit or not the articles, reports and/or news published herein.
-Editor

ਨੋਟ: "ਪੰਜਾਬੀ ਅਖ਼ਬਾਰ" ਵਿੱਚ ਛਪਣ ਵਾਲੀ ਸਮੱਗਰੀ ਵਿਚਲੇ ਵਿਚਾਰ ਉਹਨਾਂ ਦੇ ਲੇਖਕਾਂ ਦੇ ਹੀ ਸਮਝੇ ਜਾਣ , ਸੰਪਾਦਕ ਜਾਂ ਪਬਲਿਸ਼ਰ ਦਾ ਉਹਨਾਂ ਨਾਲ ਸਹਿਮਤ ਜਾਂ ਅਸਹਿਮਤ ਹੋਣਾ ਕੋਈ ਜਰੂਰੀ ਨਹੀਂ। "ਪੰਜਾਬੀ ਅਖ਼ਬਾਰ" ਵਿੱਚ ਛਪਦੇ ਇਸਤਿਹਾਰਾਂ ਸਬੰਧੀ , ਸਬੰਧਤ ਚੀਜਾਂ ਪ੍ਰਤੀ ਜਾਣਕਾਰੀ, ਕੀਮਤ, ਵਾਰੰਟੀ,ਕੁਆਲਿਟੀ, ਸਬੰਧੀ ਇਸਤਿਹਾਰ ਦੇਣ ਵਾਲੀ ਕੰਪਨੀ ਹੀ ਜ਼ਿੰਮੇਬਾਰ ਹੈ। 'ਪੰਜਾਬੀ ਅਖ਼ਬਾਰ' ਨੂੰ ਭੇਜੀ ਗਈ ਹਰ ਰਚਨਾਂ, ਰਿਪੋਰਟ, ਜਾਂ ਖਬਰ ਨੂੰ ਪ੍ਰਕਾਸਿਤ ਕਰਨ ਤੋਂ ਪਹਿਲਾਂ ਆਡਿਟ ਜਾਂ ਨਾ ਆਡਿਟ ਕਰਨ ਦਾ ਪੂਰਾ ਅਧਿਕਾਰ ਹੈ। – ਸੰਪਾਦਕ

# ਚੋਣਾਂ ਜਾਂ ਜ਼ਮਹੂਰੀਅਤ ਦਾ ਕਤਲ



ਸ. ਦਲਵਿੰਦਰ ਸਿੰਘ ਘੁੰਮਣ

ਭਾਰਤ ਵਿੱਚ ਸਿਰਫ ਇੱਕ ਦਿਨ ਦਾ ਹੀ ਜ਼ਮਹੂਰੀਅਤ ਰਹਿ ਗਿਆ ਜਾਪਦਾ ਹੈ ਉਹ ਹੈ ਚੋਣਾਂ ਵਾਲਾ ਦਿਨ। ਜੋ ਦਰਸਾਉਂਦਾ ਹੈ ਲੋਕਤੰਤਰ ਦੇ ਛਾਇਆ ਹੇਠ ਜਨਤਾ ਨੂੰ ਇੰਨਸਾਫ , ਸਿਹਤ, ਸਿਖਿਆ, ਬੇਰੁਜਗਾਰੀ, ਗਰੀਬੀ ਤੋਂ ਨਿਜਾਤ ਦੀ ਗੱਲ ਤਾਂ ਹੋ ਰਹੀ ਹੈ। ਲੱਗਦਾ ਹੈ ਚੋਣਾਂ ਦੀ ਪ੍ਰਕਿਆ ਖਤਮ ਹੁੰਦੇ ਅਤੇ ਜਿੱਤ ਦੇ ਐਲਾਨ ਹੁੰਦੇ ਸਾਰ ਚੰਗੇ ਦਿਨਾਂ ਦਾ ਆਗਾਜ਼ ਸ਼ੁਰੂ ਹੋ ਜਾਵੇਗਾ। ਪਰ ਅਸੰਭਵ ਜਿਹਾ ਵਾਪਰ ਰਿਹਾ। ਚੋਣਾਂ ਵਿੱਚ ਹੋਏ ਸਮਾਂ, ਧਨ ਦੀ ਬਰਬਾਦੀ, ਲੜਾਈਆਂ ਨਾਲ ਹੋਈ ਨਫਰਤ ਦੀ ਭਰਪਾਈ ਕਦੇ ਨਹੀ ਹੋ ਸਕਣੀ। ਭਾਰਤੀ ਰਾਜਨੀਤੀ ਵਿੱਚ ਇਸ ਚਲਣ ਦਾ ਪਰਚਲਨ ਬਹੁਤ ਭਾਰੂ ਹੁੰਦਾ ਜਾ ਰਿਹਾ ਹੈ ਕਿ ਕੇਂਦਰ ਜਾਂ ਰਾਜ ਸਰਕਾਰ ਵਿੱਚ ਜਿੱਤੀ ਹੋਈ ਪਾਰਟੀ ਤਰੁੰਤ ਬਾਅਦ ਆਪਣੀ ਅਗਲੀਆਂ ਚੋਣਾਂ ਨੂੰ ਜਿੱਤਣ ਵਾਸਤੇ ਰਣਨੀਤੀ ਘੜਣ ਵਿੱਚ ਮਸਰੂਫ ਹੋ ਜਾਦੀ ਹੈ। ਸਤਾਧਾਰੀ ਪਾਰਟੀ ਨੂੰ ਇਹ ਯਾਦ ਕਰਨਾ ਅਫਸੋਸਨਾਕ ਲੱਗਣ ਲੱਗ ਪੈਂਦਾ ਹੈ। ਕਿ ਲੋਕ ਸਾਡੇ ਕੋਲੋਂ ਇਹ ਤਵੱਕੋ ਕਿਉ ਕਰ ਰਹੇ ਹਨ ਕਿ ਅਸੀ ਹੀ ਦੇਸ ਜਾਂ ਰਾਜ ਦੇ ਵਿਕਾਸ ਕਰਨ ਦੇ ਜਿੰਮੇਵਾਰ ਹਾਂ। ਦੋ ਵਾਰ ਲੱਗਾਤਾਰ ਚੁਣੀ ਪਾਰਟੀ ਦੀ ਬਹੁਮੱਤ ਵਾਲੀ ਸਰਕਾਰ ਦੀ ਸ਼ਾਨਦਾਰ ਜਿੱਤ, ਇਹ ਨਾਹਰੇ ਮਾਰਨ ਲੱਗ ਪੈਂਦੀ ਹੈ... ਕਿ ਅਗਲੇ ਪੱਚੀ ਸਾਲ ਹੁਣ ਰਾਜ ਅਸੀ ਕਰਨਾ ਹੈ ਜੇ ਦੂਜੀਆਂ ਪਾਰਟੀ ਜਾਂ ਲੀਡਰ ਚਾਹੁੰਣ ਤਾਂ ਸਾਡੀ ਪਾਰਟੀ ਨੂੰ ਹੀ ਸਦੀਵੀ ਜਾਂ ਸਥਾਈ ਪਾਰਟੀ ਦੀ ਤਰਾਂ ਮੰਨਣ। .....

ਹੁਣ ਕੱਖਾਂ ਤੋ ਹੌਲਾ ਹੋ ਗਿਆ ਹੈ.. " ਵਿਕਾਸ ਦਾ ਨਾਹਰਾ " ਸਿਰਫ ਆਪਣਾ ਵਿਕਾਸ ਕਰਨ ਤੱਕ ਲੁੱਟਣ, ਕੁੱਟਣ ਹੈ। ਸਰਕਾਰ ਬਣਦੇ ਹੀ "ਵਿਕਾਸ" ਨੂੰ ਜੰਮਣ ਲਾ ਦਿੰਦੇ ਹਨ ਪਰ ਟਾਇਮ ਨਹੀ ਦੱਸਿਆ ਜਾਂਦਾ ਕਿ ਇਹ ਅਗਲੇ ਪੰਜਾਂ ਸਾਲਾ ਵਿੱਚ ਜੰਮੇਗਾ ਜਾਂ ਪੱਚੀ ਸਾਲਾ ਤੱਕ। ਹੁਣ ਤਾਂ ਲੋਕ ਵੀ ਹੌਲੀ ਹੌਲੀ ਵਿਕਾਸ ਦਾ ਨਾਂ ਲੈਣਾ ਬੰਦ ਕਰੀ ਜਾ ਰਹੇ ਹਨ। ਉਹਨਾਂ ਨੂੰ ਆਪਣੀ ਬੇ-ਅਕਲੀ ਦਾ ਵਿਕਾਸ ਹੋਇਆ ਜਰੂਰ ਆਉਂਦਾ ਹੋਵੇਗਾ। ਅੱਜ ਦਾ ਵਿਕਾਸ ਉਹੀ ਹੈ ਜੋ ਚੋਣਾਂ ਹੋਣ ਤੋਂ ਪਹਿਲਾਂ ਪਹਿਲਾਂ ਰਾਤ ਦੇ ਹਨੇਰਿਆ ਵਿੱਚ ਘਰ ਦੇ ਕੇ ਗਏ ਸੀ...! ਅੱਜ ਇੱਕ ਵਿਧਾਨ ਸਭਾ ਦੀ ਚੋਣ ਉਪਰ ਔਸਤਨ ਡੇਢ ਕਰੋੜ ਖਰਚਿਆ ਜਾ ਰਿਹਾ ਹੈ। ਅਤੇ ਇੱਕ ਵਿਧਾਨ ਸਭਾ ਵਿੱਚ ਔਸਤਨ ਚਾਰ ਪੰਜ ਉਮੀਦਵਾਰ ਪਹਿਲੀ ਕਤਾਰ ਦੇ ਜਿੱਤ ਦੀ ਉਮੀਦ ਦੇ ਦਾਅਵੇਦਾਰ ਹੁੰਦੇ ਹਨ। ਉਹਨਾਂ ਵੱਲੋਂ ਵੀ ਖਰਚੇ ਨੂੰ ਜੋੜਿਆ ਜਾ ਸਕਦਾ ਹੈ। ਇੱਕ ਵਿਧਾਨ ਸਭਾ ਸਹਿਜੇ ਹੀ ਦਸ ਕਰੋੜੀ ਹੋ ਜਾਂਦੀ ਹੈ। ਸਧਾਰਨ ਜੋ ਦੇਸ਼ ਦੀ ਵਿਗੜੀ ਨੂੰ ਸਵਾਰਨ ਦੀ ਸੋਚ ਬਣਾਈ ਬੈਠਾ ਉਹ ਵਿਆਕਤੀ ਚਾਂਣਨੀਆਂ ਲਾਉਣ ਤੱਕ ਸੀਮਤ ਰਹਿ ਜਾਂਦਾ ਹੈ। ਭਾਰਤ ਦੀ ਰਾਜਨੀਤੀ ਨੇ ਲੋਕਾਂ ਦੀ ਔਕਾਤ ਦਾ ਪੈਮਾਨਾ ਮਿਥ ਲਿਆ ਹੈ। ਹੁਣ ਰਾਜਨੀਤੀ ਬਦਮਾਸ਼ੀ, ਪੁਲਿਸ ਅਤੇ ਅਦਾਲਤਾਂ ਦੀ ਛੱਤਰ ਸਾਇਆ ਹੇਠ ਪਰਵਾਨਿਤ ਧੰਦਾ ਹੈ। ਪ੍ਰਧਾਨ ਮੰਤਰੀ ਉਪਰ ਦੰਗਿਆਂ, ਕਤਲਾਂ ਦੇ ਕੇਸ ਦਰਜ਼ ਹਨ। ਅਮਰੀਕਾ ਵਰਗੇ ਦੇਸ਼ ਵੀਜਾ ਪਾਬੰਦੀ ਵੀ ਲਾਉਦੇ ਹਨ। ਪਰ ਇਹਨਾਂ ਦੇਸ਼ਾਂ ਦੇ ਅਖੌਤੀ "ਮਨੁੱਖਤਾ ਪੱਖੀ ਰਾਗ" ਗਾਉਣੇ ਵੀ ਬੇਸੁਰੇ ਲੱਗਣ ਲੱਗ ਪੈਦੇ ਹਨ ਜਦ ਵਿਉਪਾਰਕ ਸੰਧੀਆਂ ਲਈ ਜੱਫੀਆਂ ਪਾ ਕੇ ਕਾਤਲਾਂ ਨੂੰ ਵੀਜ਼ੇ ਦੇ ਕੇ ਹੱਲਾਸ਼ੇਰੀ ਦਿੰਦੇ ਨਜ਼ਰ ਆਉਦੇ ਹਨ। ਕਿਸੇ ਪੱਤਰਕਾਰ ਨੇ ਰਾਜਨੀਤਕ ਮਾਹਰ ਵਿਅਕਤੀ ਨੂੰ ਪੁੱਛ ਲਿਆ ਕਿ " ਸ਼੍ਰੀ ਨਰਿੰਦਰ ਮੋਦੀ ਚੰਗਾ ਹੈ ਜਾਂ ਅਮਰੀਕਾ ਦਾ ਰਾਸ਼ਟਰਪਤੀ ਜ਼ਾਰਜ ਬੁਸ਼ " ? ਬਹੁਤ ਕਮਾਲੀ ਜੁਆਬ ਸੀ ਕਿ ਫਰਕ ਇੰਨਾਂ ਹੈ... ਸੱਤਾ ਲਈ... ਮੋਦੀ ਨੇ ਆਪਣੇ ਦੇਸ਼ ਦੇ ਲੋਕਾਂ ਨੂੰ ਮਾਰਿਆ ਹੈ....ਬੁਸ਼ ਨੇ ਦੂਜੇ ਦੇਸ਼ ਦੇ ਲੋਕਾਂ ਨੂੰ...। ਅੱਸੀ ਫੀਸਦੀ ਤੋ ਵੱਧ ਲੀਡਰਾਂ ਦਾ ਚਾਲ ਚਲਣ ਰਾਜਨੀਤੀ ਦੇ ਅਨੁਕੂਲ ਨਹੀ ਹੈ। ਅੱਜ ਚੋਣਾਂ ਜਿੱਤਣ ਦੇ ਢੰਗ ਦੀ ਅਨੋਖੀ ਦੁਰਦਿਸ਼ਾ ਦਾ ਡਿਜੀਟਲ-ਕਰਨ ਹੋ ਗਿਆ ਹੈ। ਜਿਵੇਂ ਮੁਸਲਮਾਨ ਬੱਕਰੇ ਨੂੰ ਬਕਰੀਦ ਤੇ ਬਲੀ ਦਿੰਦੇ ਹਨ ਉਸੇ ਤਰਾਂ ਭਾਰਤ ਵਿੱਚ ਮੁਤੱਸਵੀ ਰਾਜਨੀਤੀ ਦੇ ਸਿਆਸਤਦਾਨ ਮੁਸਲਮਾਨਾਂ, ਸਿੱਖਾਂ, ਇਸਾਈਆਂ ਸਮੇਤ ਘੱਟ ਗਿਣਤੀਆਂ ਦੀ ਬਲੀ ਹਰ ਚੋਣਾਂ ਵੇਲੇ ਦਿੰਦੇ ਹਨ। ਚੋਣਾਂ ਵਿੱਚ ਘੱਟ ਗਿਣਤੀਆਂ ਦੇ ਕਤਲੇਆਮ ਨਾਲ ਹੀ ਸਰਕਾਰਾਂ ਬਣਦੀਆਂ ਆ ਰਹੀਆਂ ਹਨ। 1984 ਵਿੱਚ ਸਿੱਖਾਂ ਦੇ ਕਤਲੇਆਮ ਮਗਰੋ ਬਹੁਸੰਮਤੀ ਨਾਲ ਕੇਂਦਰ ਵਿੱਚ ਕਾਂਗਰਸ 542 ਵਿੱਚੋ 411 ਸੀਟਾਂ ਲੈ ਕੇ ਸਰਕਾਰ ਬਣੀ। ਇਵੇ ਹੀ ਗੁਜਰਾਤ ਵਿੱਚ 2002 ਦੇ ਕਤਲੇਆਮ ਤੋਂ ਬਾਅਦ ਨਰਿੰਦਰ ਮੋਦੀ ਨੇ ਭਾਰੀ ਬਹੁਮੱਤ ਨਾਲ ਸਰਕਾਰ ਬਣਾਈ ਅਤੇ ਲਗਾਤਾਰ ਬਣਾ ਰਿਹਾ ਹੈ॥ ਇਹ ਪੱਕਾ ਸੀ ਕਿ ਮੋਦੀ ਹੀ ਜਿੱਤੇਗਾ ਅਤੇ ਇਵੇ ਹੀ ਹੋਇਆ। ਹੈਰਾਨੀ ਵਿੱਚ ਪ੍ਰੇਸ਼ਾਨੀ ਹੈ ਕਿ ਇਹ ਕਿਵੇ ਹੋ ਸਕਦਾ ਹੈ ?.... ਕਿ ਦੁਨਿਆਂ ਦੇ ਵੱਡੇ ਲੋਕਤੰਤਰ ਅਖਵਾਉਦੇ ਭਾਰਤ ਵਿੱਚ ਲੋਕਾਂ ਨੂੰ ਭੇਡਾ ਬੱਕਰੀਆਂ ਵਾਂਗ ਮਾਰ ਕੇ ਸਰਕਾਰਾਂ ਬਣਦੀਆਂ ਹੋਣ ?ਪਰ ਸੱਚ ਨੂੰ ਮੂੰਹ ਮੋੜਦੇ ਹੋਏ ਵੀ ਅਮਰੀਕੀ ਮੈਗਜੀਨਾਂ ਵਿੱਚ ਭਾਰਤੀ ਲੀਡਰਾਂ ਨੂੰ ਪਹਿਲੇ ਨੰਬਰ ਤੇ ਵਿਖਾਇਆ ਜਾਦਾ ਹੈ। ....ਬਿਜਨੈਸ ਹੈ ਭਾਈ....! ਰਾਜਨੀਤੀ ਵਿੱਚ ਜਾਤੀਵਾਦ ਇਸ ਕਦਰ ਪੈਰ ਪਸਾਰ ਗਿਆ ਹੈ ਕਿ ਕਾਂਗਰਸ ਸੈਕੂਲਰ ਹੋ ਕੇ ਵੀ ਅੱਜ ਮੰਦਰਾਂ ਵਿੱਚ ਜਾ ਕੇ ਮੱਥੇ ਰਗੜਨ ਤੋ ਲੈ ਕੇ ਟਿੱਕੇ ਲੁਆ ਰਹੀ ਹੈ ਅਤੇ ਆਪਣੇ ਬਿਆਨਾਂ, ਭਾਸ਼ਣਾਂ ਵਿੱਚ ਗੰਥਾਂ ਦੇ ਸਲੋਕ ਪੜੇ ਜਾ ਰਹੇ ਹਨ। ਜਾਤੀ ਅਧਾਰਤ ਮੁੱਖ ਮੰਤਰੀ, ਜਾਤੀ ਅਧਾਰ ਇਲਾਕਾਈ ਵੰਡਾਂ ਕੀਤੀਆਂ ਜਾ ਰਹੀਆਂ ਹਨ। ਕਿਸ ਇਲਾਕੇ ਵਿੱਚ ਕਿਹੜੀ ਕੌਮ, ਧਰਮ ਦੇ ਲੋਕ ਰਹਿ ਰਹੇ ਹਨ। ਘੱਟਗਿਣਤੀ, ਬਹੁਗਿਣਤੀ ਅਧਾਰ ਦੇ ਚੋਣ ਹਲਕੇ ਦੀ ਵੰਡ ਕੀਤੀ ਜਾ ਰਹੀ ਹੈ ਚੋਣਾਂ ਤੋ ਪਹਿਲਾਂ ਲਿਸਟਾਂ ਬਨਣ ਦਾ ਪਧਲਣ ਹੈ। ਫਿਰ ਇਹ ਲਿਸਟਾਂ ਚਾਹੇ ਵੋਟਾਂ ਵੇਲੇ ਕੰਮ ਆਉਣ ਜਾਂ ਕਿਸੇ ਫਿਰਕੇ ਦੀ ਨਸ਼ਲਕੁਸ਼ੀ ਵੇਲੇ। ਹਥਿਆਰ, ਜਲਣਸ਼ੀਲ ਪਦਾਰਥ ਸਭ ਕੁੱਝ ਪਾਰਟੀਆਂ ਦੇ ਦਫਤਰ-ਭੰਡਾਰਾਂ ਵਿੱਚ ਮੌਜੂਦ ਹੈ। ਵਕਤ ਹੀ ਇਸ ਨੂੰ ਵਰਤਣ ਦੀ ਵਿਉਂਤ ਦੱਸੇਗਾ। ਪਰ ਇੱਥੇ ਘੱਟ ਗਿਣਤੀ ਦੀਆਂ ਜਾਤੀਆਂ, ਧਰਮਾਂ ਵਾਲੇ ਲੋਕ ਵੀ ਆਪਣੀ ਵੋਟ-ਹੋਂਦ ਦਾ ਫਾਇਦਾ ਲੈਣ ਵਿੱਚ ਕਾਮਯਾਬ ਨਹੀ ਹੋ ਰਹੇ। ਡਰ, ਪੈਸਾ, ਸ਼ੋਹਰਤ ਸਮਾਜ ਵਿੱਚ ਵੰਡੀਆਂ ਦਾ ਮੁੱਖ ਕਾਰਣ ਬਣਿਆ ਹੋਇਆ ਹੈ

ਪੰਜਾਬ ਵਿੱਚ ਖੇਤਰੀ ਪਾਰਟੀ ਸ਼ਰੋਮਣੀ ਅਕਾਲੀ ਦਲ ਨੂੰ ਪਹਿਲੀ ਵਾਰ ਆਪਣੇ ਇਤਿਹਾਸ ਦੇ ਸੌ ਸਾਲਾ ਦੇ ਸਭ ਤੋ ਅੰਧਕਾਰੀ-ਵਕਤ ਵਿੱਚੋ ਗੁਜਰਨਾ ਪੈ ਰਿਹਾ ਹੈ। ਮਹਾਨ ਸਿੱਖ ਸੰਸਥਾ ਸ਼ਰੋਮਣੀ ਗੁਰੁਦੁਆਰਾ ਪ੍ਰਬੰਧਕ ਕਮੇਟੀ ਅਤੇ ਅਕਾਲੀ ਦਲ ਸਿੱਖੀ ਦੀ ਹੋਂਦ ਦੇ ਪਹਿਲੇ ਦੋ ਥੰਮ ਸਨ। ਬਾਦਲ ਪਰਿਵਾਰ ਦੇ ਗਲਤ ਦਰ ਗਲਤ ਫੈਸਲਿਆਂ ਨੇ ਪੰਜਾਬ ਵਿੱਚ ਦੋਹਾਂ ਸੰਸਥਾਵਾ ਨੂੰ ਨਿਗਾਰ ਵੱਲ ਧੱਸਿਆ ਹੈ। ਸਿਤਾਰੇ ਗਰਦਸ਼ ਵਿੱਚ ਹਨ। ਆਪਣਾ ਵਕਾਰ ਖਤਮ ਕਰ ਚੁੱਕਿਆ ਹੈ। ਬਾਦਲ ਪਰਿਵਾਰ ਲਈ ਬੀਜੇਪੀ ਨਾਲ ਗੱਲਵੱਕੜੀ ਉਸ ਅਜਗਰ ਵਰਗੀ ਬਣ ਗਈ। ਜੋ ਵੱਡਾ ਸ਼ਿਕਾਰ ਕਰਨ ਤੋ ਪਹਿਲਾਂ ਭੁੱਖਾ ਰਹਿਣਾ ਸ਼ੁਰੂ ਕਰ ਦਿੰਦਾ ਹੈ। ਅਤੇ ਬਿਨਾਂ ਚਿੱਥੇ ਘੁੰਮ ਘੁੰਮ ਕੇ ਵਲੇ ਪਾ ਪੂਰਾ ਨਿਗਲ ਕੇ ਡਕਾਰ ਵੀ ਨਹੀ ਮਾਰਦਾ।

ਅੱਜ ਅਕਾਲੀ ਦਲ ਦੀ ਅਸਲ ਹੋਂਦ ਅਤੇ ਇਤਿਹਾਸ ਨੂੰ ਫਿਰ ਪੈਰਾਂ ਸਿਰ ਕਰਨ ਲਈ ਨਵੀ ਦਿਸ਼ਾ ਦੀ ਲੋੜ ਮਹਿਸੂਸ ਹੋ ਰਹੀ ਹੈ।

ਹੁਣ ਬਸਪਾ ਨਾਲ ਗੱਠਜੋੜ ਕਰਕੇ ਵੀ ਬੇੜੀ ਪਾਰ ਨਹੀ ਲੱਗਦੀ ਦਿਸਦੀ। ਭੈਣ ਮਾਇਆਵਤੀ ਦੀ ਸਿਆਸਤ ਦਾ ਮੂਲੋਂ ਖੁੰਡੀ ਹੋ ਜਾਣਾ, ਸਾਹਿਬ ਕਾਂਸੀ ਰਾਮ ਦੀ ਬਹੁਜਨ ਸਮਾਜ ਦੀ ਵਿਗੜੀ ਦਿਸ਼ਾ ਨੂੰ ਆਪਣੇ ਹੱਕਾਂ ਲਈ ਜਗਾਉਣ ਦੀ ਉਠੀ ਲਹਿਰ ਨਾਲ ਵਿਸ਼ਵਾਸਘਾਤ ਤੋ ਘੱਟ ਵੇਖਣਾ ਬੇਵਕੂਫੀ ਹੋਵੇਗੀ। ਪੰਜਾਬ, ਯੂਪੀ ਵਿੱਚ ਸਮੇਤ ਹੋਰ ਰਾਜਾਂ ਵਿੱਚ ਕਿਤੇ ਵੀ ਚੋਣ ਮੁਕਾਬਲੇ ਵਿੱਚ ਨਜ਼ਰ ਨਹੀ ਆ ਰਹੀ। ਖਾਸ ਕਰਕੇ ਆਪਣੇ ਗੜ੍ਹ ਯੂਪੀ ਵਿੱਚ ਪਾਣੀਉ ਪਤਲੀ ਹਾਲਤ ਵਿੱਚੋ ਬਾਹਰ ਨਿਕਲਣ ਦੇ ਆਸਾਰ ਵਿਖਾਈ ਨਹੀ ਦਿੰਦੇ। ਕਿਸੇ ਵੇਲੇ ਭਾਰਤ ਦੀ ਸਿਆਸਤ ਦਾ ਧੁਰਾ ਬਣੀ ਪ੍ਰਧਾਨ ਮੰਤਰੀ ਦੀ ਕੁਰਸੀ ਦੀ ਦਾਆਵੇਦਾਰ ਬਹੁਜਨ ਸਮਾਜ ਪਾਰਟੀ ਦੀ ਮੁਖੀ ਮਾਇਆਵਤੀ, ਆਪਣੇ ਸਖਤ ਰਵੀਏ, ਪਾਰਟੀ ਲਈ ਬ੍ਰਾਮਣ ਵੋਟ ਬੈਂਕ ਦੀ ਕੋਸ਼ਿਸ, ਪਰਿਵਾਰਕ ਭ੍ਰਿਸ਼ਟਾਚਾਰ ਨਾਲ ਮੋਦੀ ਸਰਕਾਰ ਦੀਆਂ ਏਜੰਸੀਆਂ ਤੋ ਡਰੀ ਅੱਜ ਰਾਜਨੀਤੀ ਦੇ ਹੁਣ ਤੱਕ ਦੇ ਸੱਭ ਤੋ ਹੇਠਲੇ ਪਾਏਦਾਨ ਉਪਰ ਆ ਗਈ ਹੈ। ਬ੍ਰਾਮਣ ਚਿਹਰਾ ਦੇਣ ਦੀ ਕੋਸਿਸ਼ ਵਿੱਚ ਪਾਰਟੀ ਦਾ ਕਰਤਾ ਧਰਤਾ ਮਿਸ਼ਰਾ ਵੀ ਇੱਕ ਵੱਡੇ ਵਰਗ ਵਿੱਚੋ ਲੈਣ ਦੇ ਫੈਸਲਿਆਂ ਨਾਲ ਬਹੁਜਨ ਸਮਾਜ ਵਿੱਚ ਪਾਰਟੀ ਪ੍ਰਤੀ ਦੂਰੀ ਵਧੀ ਹੈ। ਪੰਜਾਬ ਵਿੱਚ ਅਕਾਲੀ ਗੱਠਜੋੜ ਵਿੱਚ 20 ਸੀਟਾਂ ਦੀ ਭਾਈਵਾਲੀ ਵੀ ਸਿਰਫ ਦੁਆਬੇ ਜੋਨ ਤੱਕ ਸਿਮਟ ਗਈ ਹੈ। ਪਾਰਟੀ ਵਿੱਚ ਅੰਤਰ ਵਿਰੋਧ ਚਰਮ ਸੀਮਾਂ ਦੇ ਚਲਦੇ ਵੱਡੇ ਵੱਡੇ ਲੀਡਰ ਜਾਂ ਤਾਂ ਵੱਖ ਹੋ ਕੇ ਲੀਡਰਸ਼ਿੱਪ ਦਾ ਵਿਰੋਧ ਕਰ ਰਹੇ ਹਨ ਜਾਂ ਕਾਂਗਰਸ ਸਮੇਤ ਹੋਰ ਪਾਰਟੀਆਂ ਵਿੱਚ ਚਲੇ ਗਏ ਹਨ ਬ੍ਰਾਹਮਣਵਾਦ ਦੀ ਬਹੁਜਨ ਨਾਲ ਵਿਤਕਰੇ ਦੀ ਭਾਵਨਾ ਨੇ ਵੀ ਪਾਰਟੀ ਨੂੰ ਗੁੱਝਾ ਨੁਕਸਾਨ ਪਹੁੰਚਾਇਆ ਹੈ। ਵਕਤੀ ਤੌਰ ਤੇ ਬਾਬਾ ਭੀਮ ਰਾਉ ਅੰਬੇਦਕਰ ਦੇ ਸੁਪਨੇ ਅਧੂਰੇ ਰਹਿ ਜਾਣ ਦਾ ਅਭਾਸ ਪਬੀਤ ਹੁੰਦਾ ਹੈ। ਬਾਬੂ ਕਾਂਸ਼ੀ ਰਾਮ ਵਾਲੀ ਬਹੁਜਨ ਸਮਾਜ ਲਈ ਉਠੀ ਲਹਿਰ ਸੂੰਘੜ ਗਈ ਲੱਗਦੀ ਹੈ।

ਪੰਜਾਬ ਵਿਰੋਧੀ ਲਾਬੀ ਦਿੱਲੀ ਤੋ ਲਾਮ-ਲੱਸ਼ਕਰ ਲੈ ਕੇ ਧਾਵਾ ਬੋਲ ਚੁੱਕੀ ਹੈ। ਜਿਸ ਦਾ ਪਹਿਲਾ ਮਨੋਰਥ ਪੰਜਾਬ ਨੂੰ ਦਿੱਲੀ ਦਾ ਘਸਿਆਰਾ ਬਣਾਉਣਾ ਹੈ। ਕੇਜਰੀਵਾਲ ਦੀ ਆਮ ਆਦਮੀ ਪਾਰਟੀ ਪਿਛਲੀ ਵਾਰ ਵਾਂਗ ਪੰਜਾਬ ਵਿੱਚ ਜਿੱਤ ਦੀਆਂ ਟਾਹਰਾਂ ਮਾਰਨ ਵਿੱਚ ਸੱਭ ਤੋ ਅੱਗੇ ਹੈ। ਬਿਜਲੀ ਦੀ ਮੁਆਫੀ, ਬੀਬੀਆ ਨੂੰ ਹਜਾਰ-ਹਜਾਰ ਰੁਪਏ ਮਹੀਨਾਂ ਦੇ ਲਾਰੇ ਜਨਤਾ ਨੂੰ ਲੋਕਾਂ ਦੀਆ ਅਸਲ ਮੁਸ਼ਕਿਲਾਂ ਤੋ ਬਾਹਰ ਕੱਢਣ ਲਈ ਸਹੀ ਮਾਰਗ ਨਹੀ ਹੋ ਸਕਦਾ। ਰੁਜਗਾਰ ਦੀ ਗਰੰਟੀ ਨਹੀ, ਪੰਜਾਬ ਸਿਰ ਚੜਿਆ ਕਰਜਾ ਕਿਵੇ ਮੁਕਤੀ ਵਿੱਚ ਬਦਲੇਗਾ ? ਕੇਜਰੀਵਾਲ ਆਰ ਐਸ ਐਸ ਸਮੇਤ ਹਿੰਦੂਤਵੀ ਸੋਚ ਦੀ ਧਾਰਨਾਂ ਤੇ ਪੱਰਪੱਕ ਹੈ। ਕੇਜਰੀਵਾਲ ਵੱਲੋਂ ਆਪਣੇ ਪਿਤਾ ਦੇ ਆਰ ਐਸ ਐਸ ਦਾ ਸਰਗਰਮ ਮੈਂਬਰ ਹੋਣ ਦੇ ਬਾਰ ਬਾਰ ਦਾਅਵੇ ਕੀਤੇ ਜਾ ਰਹੇ ਹਨ। ਹਨੂੰਮਾਨ ਚਲੀਸੇ ਨੂੰ ਇੰਟਰਵਿਊ ਗਾਈਨ ਕਰਨਾ ਇੱਕ ਬਹੁਸੰਮਤੀ ਫਿਰਕੇ ਦੀ ਗੱਲ ਕਰਨੀ ਇਸ ਦਾ ਸੰਕੇਤਕ ਅਧਾਰ ਜਾਤੀਵਾਦ ਦੀ ਰਾਜਨੀਤੀ ਹੈ। ਪਿਛਲੇ ਦਿਨੀ ਪੰਜਾਬ ਵਿੱਚ ਜਦੋ ਕਿ ਕਿਸਾਨ ਮੋਰਚੇ ਦੀ ਫਤਿਹ ਦੀ ਲਈ ਪੰਜਾਬ, ਸਿੱਖਾਂ ਦੀ ਦੁਨਿਆਂ ਨੇ ਸ਼ਲਾਘਾ ਕੀਤੀ ਹੈ ਤਾਂ ਨਾ-ਬਰਦਾਸ਼ਤ ਸੋਚ ਰਾਹੀ ਪੰਜਾਬ ਵਿੱਚ ਤਿਰੰਗਾ ਯਾਤਰਾ ਹੀ ਨਫਰਤ ਦਾ ਸੰਕੇਤ ਹੈ। ਆਪਣੀ ਦਿੱਲੀ ਸਰਕਾਰ ਵਿੱਚ ਕਿਸੇ ਸਿੱਖ ਨੂੰ ਸ਼ਾਮਲ ਨਾ ਕਰਨਾ ਨਫਰਤੀ ਕਾਰਜ ਸੀ। ਪੰਜਾਬ ਨੇ ਚਾਰ ਐਮ ਪੀ, ਵੀਹ ਐਮ ਐਲ ਏ ਦਿੱਤੇ। ਜਿਹਨਾਂ ਵਿੱਚ ਜਰਨੈਲ ਸਿੰਘ ਦਿੱਲੀ ਨੂੰ ਬਾਦਲਾਂ ਖਿਲਾਫ ਚੋਣ ਲੜਾ ਕੇ ਹਾਰ ਕਰਵਾਈ, ਫਿਰ ਰਾਜ ਸਭਾ ਦੀ ਸੀਟ ਵੀ ਦੇਣ ਤੋ ਮਨਾਂ ਕੀਤਾ। ਜੋ ਕਰੋਨਾ ਕਾਲ 'ਚ ਹਸਪਤਾਲ ਵਿੱਚ ਆਕਸੀਜਨ ਨੂੰ ਗੁਹਾਰ ਲਾਉਦਾ, ਨਾ ਮਿਲਣ ਤੇ ਮੌਤ ਦੇ ਮੂੰਹ ਜਾ ਪਿਆ। ਧਰਮ ਪਾਲ ਗਾਂਧੀ, ਹਰਿੰਦਰ ਸਿੰਘ ਖਾਲਸਾ, ਵਕੀਲ ਫੂਲਕਾ, ਸੁੱਖਪਾਲ ਸਿੰਘ ਖਹਿਰਾ, ਸੁੱਚਾ ਸਿੰਘ ਛੋਟੇਪੁਰ, ਡਾ. ਦਲਜੀਤ ਸਿੰਘ, ਬਲਜੀਤ ਸਿੰਘ ਵਰਗੇ ਪੰਜਾਬ ਦੀਆਂ ਅਸਲ ਮੁਸ਼ਕਲਾਂ ਨੂੰ ਦਸਦੇ ਗੱਲਕਾਰ ਲੀਡਰਾਂ ਤੋ ਘਬਰਾ ਗਿਆ। ਵਾਰੋ-ਵਾਰੀ ਸਾਰੇ ਲੀਡਰ ਬਾਹਰ ਕੱਢ ਦਿਤੇ। ਸੰਜੇ, ਦੁਰਗੇਸ਼ ਵਰਗੇ ਬਲਾਤਕਾਰੀਆਂ ਵਲੋ ਬੀਬੀਆਂ ਦੀ ਇਜ਼ਤ ਨਾਲ ਖਿਲਵਾੜ ਕਰਨ ਦੇ ਇਲਜਾਮ ਵੀ ਲੱਗੇ। ਕੇਜਰੀਵਾਲ ਨੇ ਹੁਣ ਤੱਕ ਪੰਜਾਬ ਪੱਖੀ ਕੋਈ ਵੀ ਸਟੈਡ ਨਹੀ ਲਿਆ। ਪਾਣੀਆ ਦੇ ਮਸਲੇ ਸਮੇ ਇਹ ਪੰਜਾਬ ਦੇ ਵਿਰੋਧ ਵਿੱਚ ਸੀ। ਪੰਜਾਬੀ ਭਾਸ਼ਾ ਨੂੰ ਦਿੱਲੀ ਵਿੱਚ ਕੋਈ ਪ੍ਰਮੁੱਖਤਾ ਨਾ ਮਿਲਣੀ ਪੰਜਾਬੀ ਹਿਤੈਸ਼ੀ ਨਹੀ ਹੋ ਸਕਦੀ। ਕਿਸਾਨ ਅੰਦੋਲਨ ਵਿੱਚ 32 ਜਥੇਬੰਦੀਆਂ ਵੱਲੋਂ ਤਿੰਲ ਬਿੱਲ ਰੱਦ ਕਰਵਾਉਣ ਤੋ ਬਾਆਦ ਪੰਜਾਬ ਵਿੱਚ ਚੋਣਾਂ ਦਾ ਲੜਨਾ ਬਿਲਕੁਲ ਗਲਤ ਫੈਸਲਾ ਹੈ। ਸੰਯੂਕਤ ਸਮਾਜ ਮੋਰਚਾ ਕਦੇ ਵੀ ਚੋਣਾਂ ਜਿੱਤ ਨਹੀ ਸਕਦਾ। ਹੁਣ ਕੇਦਰ ਸਰਕਾਰਾਂ ਵੀ ਕਿਸਾਨ ਜਥੇਬੰਦੀਆਂ ਦੇ ਤੌਰ ਤੇ ਨਹੀ ਵੇਖਣ ਗਿਆਂ ਸਗੋ ਰਾਜਨੀਤਕ ਦਲ ਦੇ ਤੌਰ ਤੇ ਪੇਸ਼ ਆਉਣਗੀਆ। ਚੋਣਾਂ ਲੜਨ ਨਾਲ ਜਥੇਬੰਦੀਆਂ ਵਿੱਚ ਆਪਸੀ ਸ਼ੰਕੇ ਵੱਧਣਗੇ। ਏਕਤਾ ਕਮਜੋਰ ਹੋਵੇਗੀ। ਕਿਸਾਨ ਪੱਖੀ ਸੋਚ ਦਾ ਸਰਕਾਰਾ ਅੱਗੇ ਬਦਲ ਦੀ ਤਾਕਤ ਘਟੇਗੀ।

ਯੂ ਪੀ ਦੀ ਸਮਾਜਵਾਦੀ ਪਾਰਟੀ ਦੇ ਸੁਪਰੀਮੋ ਮੁਲਾਇਮ ਸਿੰਘ ਯਾਦਵ ਵੀ ਆਰ ਐਸ ਐਸ ਦੇ ਮੁੱਖੀ ਮੋਹਨ ਭਾਗਵੱਤ ਨਾਲ ਚੋਣਾਂ ਤੋ ਪਹਿਲਾਂ ਮੁਲਾਕਾਤ ਕੀਤੀ ਹੈ। ਇਹ ਦੱਸਣ ਦੀ ਕੋਸ਼ਿਸ ਕੀਤੀ ਕਿ ਭਾਵੇ ਪਾਰਟੀ ਮੁਸਲਮਾਨ ਵੋਟ-ਅਧਾਰਤ ਹੈ ਪਰ ਆਰ ਐਸ ਐਸ ਦੀ ਸਿਧਾਤਿਕ ਸੋਚ ਦੇ ਵੀ ਹਾਮੀ ਹਨ। ਮੁਸਲਮਾਨਾਂ ਦੀ ਚੋਣਾਂ ਸਮੇ ਸਿਰਫ ਵੋਟ ਬੈਂਕ ਤੋ ਵੱਧ ਦੀ ਪਰਿਭਾਸਾ ਨਹੀ ਉਲੀਕੀ ਜਾਦੀ। ਇਸ ਕਰਕੇ ਅਸਾਉਦੀਨ ਉਵੇਸੀ ਮੁਸਲਮਾਨਾਂ ਦਾ ਵੱਡਾ ਲੀਡਰ ਬਣ ਕੇ ਉਭਰਿਆ ਹੈ। ਧਾਰਮਿਕ ਤੌਰ ਤੇ ਪੱਕਾ ਨਿਮਾਜ਼ੀ ਹੋਣ, ਕਈ ਵਿਦਿਆਕ ਅਦਾਰਿਆਂ ਦਾ ਮੁਖੀ ਅਤੇ ਕਿੱਤੇ ਵੱਜੋਂ ਵਕੀਲ ਹੋਣਾ ਉਸ ਦਾ ਸਿਆਸਤ ਵਿੱਚ ਮੁਸਲਮਾਨਾਂ ਦਾ ਵੱਡਾ ਵਿਸ਼ਵਾਸੀ ਲੀਡਰ ਦੇ ਤੌਰ ਉਭਰਨਾ ਇੱਕ ਜਾਤੀਵਾਦ ਦੀ ਨਵੀ ਪੈ ਰਹੀ ਪਿਰਤ ਦਾ ਹਿੱਸਾ ਬਣਿਆ ਹੈ।

ਬੀਜੇਪੀ ਦੇ ਸ਼ਾਸਨ ਵਿੱਚ ਸਭ ਤੋ ਵੱਡੀ ਨਿਡੱਰਤਾ ਨਾਲ ਮਮਤਾ ਬੈਨਰਜੀ ਨੇ ਪੱਛਮੀ ਬੰਗਾਲ ਦੀਆਂ ਚੋਣਾਂ ਜਿੱਤ ਕੇ ਹਿੰਦੂਤਵੀ ਦੇ ਰੱਥ ਨੂੰ ਠੱਲ ਪਾਈ ਹੈ। ਜਿਸ ਤੋ ਬਾਆਦ ਕਿਸਾਨ ਅੰਦੋਲਨ ਨੇ ਮੋਦੀ ਦੇ ਇੱਕ ਵਾਰ ਲਏ ਫੈਸਲੇ ਨੂੰ ਵਾਪਸ ਨਾ ਲੈਣ ਦੇ ਧਾਰਨਾ ਨੂੰ ਵੱਡੀ ਸੱਟ ਮਾਰੀ ਹੈ। ਹੁਣ ਭਾਰਤ ਵਿੱਚ ਇਲੈਕਸ਼ਨਾ ਦੀ ਰੂਪ ਰੇਖਾ ਬਿਲਕੁਲ ਖੌਫਜ਼ਦਾ ਦੌਰ ਵਿੱਚ ਹੈ। ਇਸ ਨੂੰ ਕਾਨੂੰਨੀ ਵਿਧੀ ਰਾਹੀ ਨਵੇ ਕਾਨੂੰਨਾਂ ਨਾਲ ਸੁਧਾਰਣ ਦੇ ਉਪਰਾਲਿਆਂ ਦੀ ਜਰੂਰਤ ਹੈ। ਲੋਕਾਂ ਨੂੰ ਚੋਣਾਂ ਪ੍ਰਤੀ ਆਪਸੀ ਸੰਵਾਦ ਦੀ ਪ੍ਰਕਿਰਿਆ ਦੇ ਰਾਹ ਪੈਣਾ ਚਾਹੀਦਾ ਹੈ। ਲੜਾਈ ਝਗੜੇ ਨਾ ਕਰਕੇ ਲੀਡਰਾਂ ਦੇ ਕੰਨ ਪੁੱਟਣੇ ਚਾਹੀਦੇ ਹਨ। ਤਾਂ ਹੀ ਸੁੱਧ ਵਾਤਾਵਰਣ ਵਿੱਚ ਸੱਚੀ ਸੁੱਚੀ ਲੀਡਰਸ਼ਿੱਪ ਦੀ ਸੰਭਾਵਨਾ ਹੋ ਸਕੇਗੀ।

# ਬੱਸ ਸਟੈਂਡਾਂ ਦੀ ਦੁਨੀਆਂ



ਬਲਰਾਜ ਸਿੰਘ ਸਿੱਧੂ ਕਮਾਂਡੈਂਟ
ਮੋ. 9501100062



ਸ਼ਹਿਰਾਂ ਦੇ ਬੱਸ ਸਟੈਂਡਾਂ 'ਤੇ ਇੱਕ ਅਲੱਗ ਹੀ ਦੁਨੀਆਂ ਵੱਸਦੀ ਹੈ। ਮੈਂ 9ਵੀਂ ਤੋਂ ਲੈ ਕੇ 1990 ਵਿੱਚ ਪੁਲਿਸ ਵਿੱਚ ਭਰਤੀ ਹੋਣ ਤੱਕ ਅੰਮ੍ਰਿਤਸਰ ਪੜ੍ਹਿਆ ਹਾਂ। ਇਨ੍ਹਾਂ 9 – 10 ਸਾਲਾਂ ਵਿੱਚ ਪਹਿਲਾਂ ਪਿੰਡ ਮੰਨਣ ਜਾਂ ਗੋਹਲਵੜ੍ਹ ਦੇ ਅੱਡੇ ਦੀ ਕਿਸੇ ਦੁਕਾਨ 'ਤੇ ਸਾਈਕਲ ਲਗਾ ਕੇ ਉਥੋਂ ਰੋਡਵੇਜ਼ ਦੀ ਬੱਸ 'ਤੇ ਅੰਮ੍ਰਿਤਸਰ ਤੇ ਫਿਰ 2 – 4 ਕਿ.ਮੀ. ਤੁਰ ਕੇ ਸਕੂਲ ਜਾਂ ਕਾਲਜ ਪਹੁੰਚਦੇ ਸੀ। ਰੋਡਵੇਜ਼ ਦੀਆਂ ਬੱਸਾਂ ਵਿੱਚ ਸਫਰ ਕਰਨ ਲਈ ਵਿਦਿਆਰਥੀਆਂ ਦਾ ਨਾਮਤਾਰ ਪੈਸਿਆਂ ਨਾਲ ਤਿੰਨ ਮਹੀਨਿਆਂ ਦਾ ਪਾਸ ਬਣਦਾ ਹੁੰਦਾ ਸੀ। ਗੁਰੂ ਨਾਨਕ ਦੇਵ ਯੂਨੀਵਰਸਿਟੀ ਜਾਣ ਲਈ ਬੱਸ ਸਟੈਂਡ ਤੋਂ ਥਰੀ ਵ੍ਹੀਲਰ ਚੱਲਦੇ ਹੁੰਦੇ ਸਨ ਤੇ ਕਿਰਾਇਆ ਸਾਰਾ ਦੋ ਰੁਪਏ ਹੁੰਦਾ ਸੀ। ਬੱਸ ਸਟੈਂਡਾਂ 'ਤੇ ਅਤੇ ਬੱਸਾਂ ਵਿੱਚ ਰੋਜ਼ਾਨਾ ਨਵੇਂ ਤੋਂ ਨਵੇਂ ਦ੍ਰਿਸ਼ ਵੇਖਣ ਨੂੰ ਮਿਲਦੇ ਸਨ। ਕਈ ਲੜਕਿਆ ਦਾ ਸਭ ਤੋਂ ਮਨਭਾਉਂਦਾ ਸ਼ੁਗਲ ਕਿਸੇ ਲੜਕੀ ਨੂੰ ਬੱਸ ਸਟੈਂਡ ਤੋਂ ਕਾਲਜ ਛੱਡ ਕੇ ਆਉਣਾ ਤੇ ਕਾਲਜ ਤੋਂ ਬੱਸ ਸਟੈਂਡ ਤੱਕ ਲੈ ਕੇ ਆਉਣਾ ਹੁੰਦਾ ਸੀ। ਲੜਕੀ ਨਾਲ ਗੱਲ ਕਰਨ ਦੀ ਹਿੰਮਤ ਘੱਟ ਹੀ ਲੜਕਿਆਂ ਦੀ ਪੈਂਦੀ ਸੀ। ਲੜਕੀ ਨੂੰ ਡਿਗਰੀ ਮੁਕੰਮਲ ਹੋਣ ਤੱਕ ਵੀ ਪਤਾ ਨਹੀਂ ਸੀ ਚੱਲਦਾ ਕਿ ਇਹ ਰਾਂਝਾ ਉਸ ਦੇ ਪਿੱਛੇ ਰੋਜ਼ਾਨਾ ਜੁੱਤੀਆਂ ਕਿਉਂ ਤੁੜਵਾਉਂਦਾ ਫਿਰਦਾ ਹੈ ?

ਆਪਣੇ ਰੂਟ ਤੋਂ ਆਉਣ ਵਾਲੀ ਲੜਕੀ 'ਤੇ ਹੱਕ ਸਮਝਿਆ ਜਾਂਦਾ ਸੀ। ਇਸ ਕਾਰਨ ਲੜਾਈਆਂ ਵੀ ਹੋ ਜਾਂਦੀਆਂ ਸਨ ਕਿ ਦੂਸਰੇ ਰੂਟ ਦਾ ਲੜਕਾ ਸਾਡੇ ਰੂਟ ਦੀ ਲੜਕੀ ਦੇ ਪਿੱਛੇ ਕਿਉਂ ਜਾਂਦਾ ਹੈਂ ? ਸਾਡੇ ਨਾਲ ਮਜੀਠੇ ਵੱਲ ਦੇ ਕਿਸੇ ਪਿੰਡ ਦਾ ਇੱਕ ਲੜਕਾ ਪੜ੍ਹਦਾ ਹੁੰਦਾ ਸੀ ਜੋ ਫਤਿਹਗੜ੍ਹ ਚੂੜੀਆਂ ਵੱਲੋਂ ਆਉਂਦੀ ਇੱਕ ਲੜਕੀ ਦਾ ਸਵੈ ਘੋਸ਼ਿਤ ਆਸ਼ਿਕ ਸੀ। ਉਨ੍ਹੀਂ ਦਿਨੀ ਅੰਮ੍ਰਿਤਸਰ ਵਿੱਚ ਪਾਲੇ ਮੈਂਟਲ ਨਾਮਕ ਇੱਕ ਬਦਮਾਸ਼ ਦੀ ਬਹੁਤ ਤੂਤੀ ਬੋਲਦੀ ਸੀ। ਉਸ ਬਾਰੇ ਇਹ ਮਸ਼ਹੂਰ ਸੀ ਕਿ ਉਹ ਵਿਰੋਧੀ ਨੂੰ ਗੋਲੀ ਮਾਰਨ ਲੱਗਿਆਂ ਮਿੰਟ ਲਗਾਉਂਦਾ ਹੈ। ਮਜੀਠੇ ਵਾਲੇ ਲੜਕੇ ਨੂੰ ਕਿਸੇ ਨੇ ਭੜਕਾ ਦਿੱਤਾ ਕਿ ਇੱਕ ਸੁੱਕੜ ਜਿਹਾ ਸ਼ਹਿਰੀਆ ਲੜਕਾ (ਪਾਲਾ) ਤੇਰੀ ਮਾਸ਼ੂਕਾ ਪਿੱਛੇ ਚੱਕਰ ਲਗਾ ਰਿਹਾ ਹੈ। ਇੱਕ ਦਿਨ ਉਸ ਨੇ ਬੱਸ ਸਟੈਂਡ 'ਤੇ ਪਾਲੇ ਨੂੰ ਘੇਰ ਲਿਆ ਤੇ ਦੋਵਾਂ ਵਿੱਚ ਤੂੰ ਤੂੰ ਮੈਂ ਮੈਂ ਹੋ ਗਈ। ਮਜੀਠੇ ਵਾਲੇ ਨੂੰ ਇਹ ਪਤਾ ਨਹੀਂ ਸੀ ਕਿ ਉਹ ਪਾਲੇ ਮੈਂਟਲ ਨਾਲ ਪੰਗਾ ਲੈ ਰਿਹਾ ਹੈ। ਉਹ ਸਰੀਰੋਂ ਤਕੜਾ ਸੀ ਤੇ ਉਸ ਨੇ ਪਾਲੇ ਦੀ ਥਪੜਾਈ ਕਰ ਦਿੱਤੀ। ਪਾਲਾ ਮੌਕਾ ਵੇਖ ਉਸ ਨੂੰ ਧਮਕੀਆਂ ਦਿੰਦਾ ਹੋਇਆ ਉਥੋਂ ਖਿਸਕ ਗਿਆ। ਮਜੀਠੇ ਵਾਲਾ ਬਾਹਾਂ ਅਕੜਾਈ ਤਮਾਸ਼ਾ ਵੇਖ ਰਹੇ ਆਪਣੇ ਦੋਸਤਾਂ ਵੱਲ ਆ ਗਿਆ ਤੇ ਫੜ੍ਹਾਂ ਮਾਰਨ ਲੱਗਾ, ਉਹੁਣ ਨਹੀ ਇਹ ਸਾਲਾ ਬਾਂਦਰ ਜਿਹਾ ਤੁਹਾਡੀ ਭਾਬੀ ਨੂੰ ਤੰਗ ਕਰਦਾ।" ਉਸ ਦਾ ਇੱਕ ਦੋਸਤ ਜੋ ਪਾਲੇ ਨੂੰ ਜਾਣਦਾ ਸੀ ਬੋਲਿਆ, ਉਸਾਲਿਆ ਤੂੰ ਇਹ ਕੀ ਪੰਗਾ ਲੈ ਬੈਠਾ, ਤੈਨੂੰ ਪਤਾ ਨਹੀਂ ਇਹ ਪਾਲਾ ਮੈਂਟਲ ਹੈ ?" ਸੁਣ ਕੇ ਮਜੀਠੇ ਵਾਲੇ ਦੀ ਘਿੱਗੀ ਬੱਝ ਗਈ ਤੇ ਸਾਰੀ ਆਸ਼ਿਕੀ ਹਵਾ ਹੋ ਗਈ। ਉਹ ਰੋਣਹਾਕਾ ਹੋ ਕੇ ਬੋਲਿਆ, ਉਭੂਤਨੀ ਦਿਆ ਤੂੰ ਮੈਨੂੰ ਪਹਿਲਾਂ ਕਿਉਂ ਨਹੀਂ ਦੱਸਿਆ ? ਇਹ ਤਾਂ ਬਹੁਤ ਖਤਰਨਾਕ ਆਦਮੀ ਆ, ਇਹ ਨਈਂ ਛੱਡਦਾ ਮੈਨੂੰ ਹੁਣ।" ਮਜੀਠੇ ਵਾਲੇ ਵਿਚਾਰੇ ਨੇ ਪਾਲੇ ਦੇ ਘਰ ਜਾ ਕੇ, ਸਿਆਣੇ ਬੰਦੇ ਵਿੱਚ ਪਾ ਕੇ ਤੇ ਗੋਡੇ ਪਕੜ ਕੇ ਉਸ ਨਾਲ ਰਾਜ਼ੀਨਾਵਾਂ ਕੀਤਾ ਤੇ ਉਸ ਦਿਨ ਤੋਂ ਬਾਅਦ ਉਸ ਨੂੰ ਕਿਸੇ ਨੇ ਬੱਸ ਸਟੈਂਡ 'ਤੇ ਨਹੀਂ ਵੇਖਿਆ।

ਜਦੋਂ ਬੱਸ ਚੱਲਣ ਵਾਲੀ ਹੁੰਦੀ ਸੀ ਤਾਂ ਉਸ ਵਿੱਚ ਵੱਖ ਵੱਖ ਤਰਾਂ ਦੇ ਵਪਾਰੀ ਆਪਣਾ ਮਾਲ ਵੇਚਣ ਲਈ ਆ ਜਾਂਦੇ ਸਨ। ਇੱਕ ਬੰਦਾ ਮੋਗੇ ਦੇ ਕਿਸੇ ਸਵੈ ਘੋਸ਼ਿਤ ਹਕੀਮ ਦਾ ਸੁਰਮਾ ਵੇਚਦਾ ਹੁੰਦਾ ਸੀ। ਉਸ ਦਾ ਦਾਅਵਾ ਸੀ ਕਿ ਇੱਲ ਦੇ ਆਂਡੇ ਨਾਲ ਬਣਾਏ ਗਏ ਇਸ ਸੁਰਮੇ ਨਾਲ ਕਾਲੇ ਮੋਤੀਏ ਸਮੇਤ ਅੱਖਾਂ ਦੀ ਹਰ ਬਿਮਾਰੀ ਠੀਕ ਹੋ ਜਾਂਦੀ ਹੈ ਤੇ ਨਜ਼ਰ ਇੱਲ ਵਾਂਗ ਤੇਜ਼ ਹੋ ਜਾਂਦੀ ਹੈ। ਉਹ ਸਾਰੀਆਂ ਸਵਾਰੀਆਂ ਨੂੰ ਮੁਫਤ ਵਿੱਚ ਸੁਰਮੇ ਦੀਆਂ ਸਿਲਾਈਆਂ ਪਾ ਦਿੰਦਾ ਸੀ। ਪਤਾ ਨਹੀਂ ਸੁਰਮੇ ਵਿੱਚ ਉਹ ਕਿਹੜੀਆਂ ਲਾਲ ਮਿਰਚਾਂ ਕੁੱਟ ਕੇ ਪਾਉਂਦਾ ਸੀ ਕਿ ਦੋ – ਚਾਰ ਮਿੰਟ ਲਈ ਸਾਰੇ ਮੁਸਾਫਰ ਅੰਨ੍ਹੇ ਹੋ ਜਾਂਦੇ ਸਨ। ਉਸ ਵੇਲੇ ਮੁਸਾਫਰਾਂ ਦੀ ਹਾਲਤ ਇਹ ਹੋ ਜਾਂਦੀ ਸੀ ਕਿ ਭਾਵੇਂ ਕੋਈ ਜੇਬਕਤਰਾ ਜੇਬ ਕੱਟ ਕੇ ਲੈ ਜਾਂਦਾ, ਕਿਸੇ ਨੂੰ ਪਤਾ ਨਹੀਂ ਸੀ ਲੱਗਣਾ। ਇੱਕ ਹੋਰ ਬੰਦਾ ਪੰਜ ਰੁਪਏ ਵਿੱਚ ਪੇਚਕਸਾਂ ਦਾ ਪੂਰਾ ਸੈੱਟ ਵੇਚਦਾ ਹੁੰਦਾ ਸੀ। ਘਰ ਜਾ ਕੇ ਜਦੋਂ ਪੇਚ ਕੱਸਣ ਜਾਂ ਖੋਲ੍ਹਣ ਦੀ ਕੋਸ਼ਿਸ਼ ਕਰੀਦੀ ਸੀ ਤਾਂ ਪੇਚ ਤਾਂ ਨਹੀਂ ਸੀ ਖੁਲ੍ਹਦਾ, ਪੇਚਕਸ ਦੀ ਹੱਥੀ ਜਰੂਰ ਘੁੰਮ ਜਾਂਦੀ ਸੀ। ਇਕ ਰੁਪਏ ਵਿੱਚ ਪੰਜ ਬਾਲ ਪੈਂਨ ਵੇਚਣ ਵਾਲਾ ਵੀ ਆਉਂਦਾ ਸੀ ਜੋ ਪੰਜ ਅੱਖਰ ਵੀ ਨਹੀਂ ਸਨ ਲਿਖਦੇ। ਇੱਕ ਛੱਲੀਆਂ ਵੇਣ ਵਾਲਾ ਮਸਖਰਾ ਜਿਹਾ ਵਿਅਕਤੀ ਆਉਂਦਾ ਹੁੰਦਾ ਸੀ। ਉਸ ਦਾ ਛੱਲੀਆਂ ਵੇਚਣ ਦਾ ਸਟਾਈਲ ਸਾਰਿਆਂ ਤੋਂ ਵੱਖਰਾ ਸੀ। ਉਹ ਲਲਕਾਰ ਕੇ ਕਹਿੰਦਾ ਹੁੰਦਾ ਸੀ ਕਿ ਉਸ ਦੀਆਂ ਛੱਲੀਆਂ ਬਾਸੀ ਹਨ, ਉਭਾਵੇਂ ਅੱਜ ਖਾ ਲਉ ਭਾਵੇਂ ਕਲ੍ਹ ਖਾ ਲਿਉ, ਖਾਣੀਆਂ ਤੁਸਾਂ ਈ ਨੇ।" ਇਸ ਤੋਂ ਇਲਾਵਾ ਧੱਕੇ ਨਾਲ ਭੀਖ ਲੈਣ ਵਾਲੇ ਖੁਸਰੇ, ਬੱਚੇ ਦਾ ਹੱਥ ਪਕੜ ਕੇ ਦਰਦ ਭਰੀ ਅਵਾਜ਼ ਵਿੱਚ ਗਾਣਾ ਗਾਉਣ ਵਾਲੇ ਅੰਨ੍ਹੇ ਮੰਗਤੇ ਅਤੇ ਇੱਕ ਰੁਪਏ ਵਿੱਚ ਜੰਤਰੀਆਂ ਵੇਚਣ ਵਾਲੇ ਵੀ ਕੁਝ ਨਾ ਕੁਝ ਕਮਾਈ ਕਰ ਹੀ ਲੈਂਦੇ ਸਨ।

ਇੱਕ ਦਿਨ ਮੇਰਾ ਯੂਨੀਵਰਸਿਟੀ ਪੇਪਰ ਸੀ ਤੇ ਮੈਂ ਕੁਝ ਲੇਟ ਹੋ ਗਿਆ। ਮੈਂ ਥਰੀਵੀਲ੍ਹਰ ਵਿੱਚ ਬੈਠ ਗਿਆ ਪਰ ਉਹ ਸਵਾਰੀਆਂ ਨੂੰ ਅਵਾਜ਼ਾਂ ਮਾਰੀ ਜਾਵੇ, ਉਚਲੋ ਚਲੋ ਪੁਤਲੀਘਰ, ਖਾਲਸਾ ਕਾਲਜ, ਯੂਨੀਰਸਿਟੀ, ਛੇਹਰਟਾ।" ਮੈਨੂੰ ਕਾਹਲੀ ਸੀ ਤੇ ਮੈਂ ਉਸ ਨੂੰ ਪੁੱਛਿਆ, ਉ ਭਰਾ ਥਰੀਵੀਲ੍ਹਰ ਵਿੱਚ ਕਿੰਨੀਆਂ ਸਵਾਰੀਆਂ ਬੈਠਦੀਆਂ ਹਨ ?" ਉਸ ਨੇ ਬਿਨਾਂ ਮੇਰੇ ਵੱਲ ਵੇਖਿਆਂ ਜਵਾਬ ਦਿੱਤਾ, ਉਪੰਜ।" ਮੈਂ ਉਸ ਨੂੰ ਤਰਲਾ ਮਾਰਿਆ, ਉ ਯਾਰ ਮੈਂ ਲੇਟ ਹੋ ਰਿਹਾ ਹਾਂ। ਤੂੰ ਮੇਰੇ ਕੋਲੋਂ ਪੰਜ ਸਵਾਰੀਆਂ ਦੇ ਹਿਸਾਬ ਦਸ ਰੁਪਏ ਲੈ ਲਈਂ ਤੇ ਜੇ ਰਾਹ ਵਿੱਚ ਕੋਈ ਸਵਾਰੀ ਮਿਲ ਗਈ ਤਾਂ ਉਹ ਵੀ ਬਿਠਾ ਲਈਂ। ਮੈਨੂੰ ਕੋਈ ਇਤਰਾਜ਼ ਨਹੀਂ।" ਉਹ ਫੌਰਨ ਚੱਲ ਪਿਆ ਪਰ ਜਦੋਂ ਭੰਡਾਰੀ ਪੁਲ ਟੱਪਿਆ ਤਾਂ ਸੋਚਾਂ ਵਿੱਚ ਡੁੱਬ ਗਿਆ ਤੇ ਥਰੀਵੀਲ੍ਹਰ ਹੌਲੀ ਚਲਾਉਣ ਲੱਗ ਪਿਆ। ਮੈਂ ਕਾਰਨ ਪੁੱਛਿਆ ਤਾਂ ਨਿਮਾਣਾ ਜਿਹਾ ਬਣ ਕੇ ਬੋਲਿਆ, ਉਮੈਂ ਤੇਰੇ ਕਹਿਣ 'ਤੇ ਚੱਲ ਪਿਆਂ ਹਾਂ। ਪਰ ਕਈ ਵਾਰ ਯੂਨੀਵਰਸਿਟੀ ਤੋਂ ਛੇਹਰਟੇ ਦੀ ਸਵਾਰੀ ਨਹੀਂ ਮਿਲਦੀ। ਮੇਰਾ ਤਾਂ ਨੁਕਸਾਨ ਹੋ ਜਾਣਾ ਹੈ।" ਮੈਂ ਉਸ ਦੀ ਮਨੋਦਸ਼ਾ ਸਮਝ ਗਿਆ ਤੇ ਹੱਸ ਕੇ ਬੋਲਿਆ, ਉਅਸਲ ਵਿੱਚ ਗੱਲ ਇਹ ਹੈ ਕਿ ਤੇਰੇ ਮਨ ਵਿੱਚ ਹੁਣ ਖਿਆਲ ਆ ਰਹੇ ਹਨ ਕਿ ਐਵੇਂ ਦਸਾਂ ਰੁਪਈਆਂ ਵਿੱਚ ਮੰਨ ਗਿਆ। ਜੇ ਤੂੰ ਪੰਦਰਾਂ ਰੁਪਏ ਵੀ ਮੰਗ ਲੈਂਦਾ ਤਾਂ ਮੈਂ ਫਸੇ ਹੋਏ ਨੇ ਦੇ ਦੇਣੇ ਸਨ। ਚੱਲ ਬਾਰਾਂ ਰੁਪਏ ਲੈ ਲਈਂ, ਦੱਬ ਲੈ ਹੁਣ ਟੈਂਪੂ।"

ਇਹ ਸੁਣਦੇ ਸਾਰ ਉਸ ਨੇ ਥਰੀਵੀਲ੍ਹਰ ਹਨੇਰੀ ਬਣਾ ਦਿੱਤਾ। ਇੱਕ ਵਾਰ ਮੈਂ ਯੂਨੀਵਰਸਿਟੀ ਤੋਂ ਆਪਣੇ ਦੋਸਤ ਬਲਦੇਵ ਸਿੰਘ (ਹੁਣ ਡੀ.ਐਸ.ਪੀ.) ਦੇ ਘਰ ਪੁਤਲੀਘਰ ਜਾਣ ਲਈ ਰਿਕਸ਼ਾ ਕਰ ਲਿਆ। ਰਿਕਸ਼ੇ ਵਾਲਾ ਬਿਲਕੁਲ ਮਰਿਆਂ ਵਾਂਗ ਪੈਡਲ ਮਾਰ ਰਿਹਾ ਸੀ। ਖਾਲਸਾ ਕਾਲਜ ਤੋਂ ਇੱਕ ਸਟੂਡੈਂਟ ਲੜਕੀ ਰਿਕਸ਼ੇ ਵਿੱਚ ਬੈਠ ਗਈ। ਉਸ ਦੇ ਬੈਠਦੇ ਸਾਰ ਜੂੰ ਚਾਲੇ ਚੱਲ ਰਿਹਾ ਰਿਕਸ਼ਾ ਹਨੇਰੀ ਵਾਂਗ ਉੱਡਣ ਲੱਗ ਪਿਆ। ਕੁਝ ਦੂਰ ਜਾ ਕੇ ਲੜਕੀ ਉੱਤਰ ਗਈ ਤਾਂ ਸਪੀਡ ਫਿਰ ਪਹਿਲਾਂ ਵਾਲੀ ਹੋ ਗਈ। ਮੈਂ ਮਜ਼ਾਕ ਵਿੱਚ ਰਿਕਸ਼ੇ ਵਾਲੇ ਨੂੰ ਪੁੱਛਿਆ, ਉਆ ਕੁਝ ਦੇਰ ਪਹਿਲਾਂ ਤੈਨੂੰ ਕੀ ਹੋ ਗਿਆ ਸੀ। ਤੂੰ ਤਾਂ ਰਿਕਸ਼ਾ ਫਰੰਟੀਅਰ ਮੇਲ ਬਣਾ ਦਿੱਤਾ।" ਰਿਕਸ਼ੇ ਵਾਲਾ ਝੂਠਾ ਜਿਹਾ ਹੱਸ ਕੇ ਬੋਲਿਆ, ਉਕੁੜੀ ਨੂੰ ਵੇਖ ਕੇ ਐਵੇਂ ਬੱਸ ਜੋਸ਼ ਜਿਹਾ ਈ ਆ ਗਿਆ ਸੀ।"

**ਪੰਜਾਬੀ ਅਖ਼ਬਾਰ ਵਿੱਚ ਖ਼ਬਰਾਂ,ਇਸਤਿਹਾਰ, ਬਿਜਨਿਸ ਦੀ ਐਡਵਰਟਾਈਜ਼ਮੈਂਟ, ਵਿਆਹ ਸਬੰਧੀ ਜਾਂ ਆਪਣੀਆਂ ਰਚਨਾਵਾਂ ਛਪਵਾਉਣ ਲਈ ਸੰਪਰਕ ਕਰ ਸਕਦੇ ਹੋ।**


Edmonton
Sukhdev Singh Dhanoa
780 700 5022,
780 599 2000
Email:
sukhdevdhanoa@gmail.com


Regina
Gurbinder Singh Gagowal
306 520 4313,
639 999 1000
Email:
gur.gago@gmail.com


Saskatoon
Rishi Joshi
639 742 1200
639 999 1000
Rishijoshi1990 @hotmail.com


Winnipeg
Lakha Sehajpal Daudhar
204 891 0031
431 733 3000
lakhadaudhar007@gmail.com


Winnipeg
Amritpal Singh Kang
204 218 3852
431 733 3000
just4kang@gmail.com

ਮੁੱਖ ਦਫਤਰ ਕੈਲਗਰੀ 208 #10 -4774 Westwinds Drive NE Calgary (AB) T3J 0L7 Canada: 1 403 640 2000, editor@punjabiakhbaar.ca

# ਸਿਆਸਤਦਾਨ ਨਹੀਂ ਚਿੰਤਤ, ਅੱਵਲ ਪੰਜਾਬ ਤੋਂ ਫਾਡੀ ਪੰਜਾਬ ਵੱਲ ਵਧਦੇ ਕਦਮ ਮੁੱਦਿਆਂ ਰਹਿਤ 2022 ਪੰਜਾਬ ਵਿਧਾਨ ਸਭਾ ਚੋਣਾਂ



ਗੁਰਮੀਤ ਸਿੰਘ ਪਲਾਹੀ

ਸਿੱਧਾ ਮੁੱਦੇ ਵੱਲ ਆਉਂਦੇ ਹਾਂ। ਪੰਜਾਬ ਦੇ ਭਖਵੇਂ ਮੁੱਦਿਆਂ ਵਿਚ ਡਗਮਗਾ ਰਹੀ ਪੰਜਾਬ ਦੀ ਆਰਥਿਕਤਾ, ਬੇਰੁਜ਼ਗਾਰੀ, ਪ੍ਰਵਾਸ, ਪੰਜਾਬ ਦਾ ਪ੍ਰਦੂਸ਼ਿਤ ਵਾਤਾਵਰਨ, ਘਾਟੇ ਦੀ ਖੇਤੀ, ਨਸ਼ੇ ਦਾ ਪਸਾਰਾ, ਮਾਫੀਏ ਦਾ ਬੋਲਬਾਲਾ, ਦਰਿਆਈ ਪਾਣੀਆਂ ਦਾ ਮੁੱਦਾ ਅਤੇ ਸਭ ਤੋਂ ਵੱਡਾ ਮੁੱਦਾ ਪੰਜਾਬ ਦੇ ਧਰਤੀ ਹੇਠਲੇ ਪਾਣੀ ਦਾ ਹੈ, ਜਿਸ ਬਾਰੇ ਕਿਹਾ ਜਾ ਰਿਹਾ ਹੈ ਕਿ ਅਗਲੇ 20 ਸਾਲਾਂ ਦੇ ਅੰਦਰ-ਅੰਦਰ ਪੰਜਾਬ ਦਾ ਧਰਤੀ ਹੇਠਲਾ ਪਾਣੀ ਦਾ ਪੱਧਰ ਇੰਨਾ ਘੱਟ ਜਾਵੇਗਾ ਕਿ ਇਹ ਲੋੜ ਅਨੁਸਾਰ ਉਪਲੱਬਧ ਹੀ ਨਹੀਂ ਰਹੇਗਾ। ਕਿਹਾ ਜਾ ਰਿਹਾ ਹੈ ਕਿ ਪੰਜਾਬ ਮਾਰੂਥਲ ਬਣ ਜਾਵੇਗਾ।

ਪਹਿਲਾਂ ਪੰਜਾਬ ਨੂੰ ਹਰੀ ਕ੍ਰਾਂਤੀ ਨੇ ਤਬਾਹ ਕੀਤਾ, ਪੰਜਾਬ ਮਾਰੂਥਲ ਬਨਣ ਵੱਲ ਧਕੇਲ ਦਿੱਤਾ ਗਿਆ। ਖੇਤੀ ਮਸ਼ੀਨਰੀ ਦੀ ਵਰਤੋਂ ਨੇ ਬੇਰੁਜ਼ਗਾਰੀ 'ਚ ਵਾਧਾ ਕੀਤੀ। ਕਿਸਾਨਾਂ ਨੂੰ ਕਰਜ਼ਾਈ ਕੀਤਾ। ਖੁਦਕਸ਼ੀਆਂ ਵੱਲ ਧੱਕਿਆ। ਧਰਤੀ ਹੇਠਲੇ ਪਾਣੀ ਦੀ ਇੰਤਹਾ ਵਰਤੋਂ ਕੀਤੀ ਗਈ। ਕੀੜੇਨਾਸ਼ਕ ਦਵਾਈਆਂ ਅਤੇ ਖਾਦਾਂ ਦੀ ਵਰਤੋਂ ਨੇ ਪੰਜਾਬ ਨੂੰ ਕੈਂਸਰ ਵਰਗੀਆਂ ਭਿਆਨਕ ਬੀਮਾਰੀਆਂ ਦਿੱਤੀਆਂ। ਅੱਧਾ ਕੁ ਪੰਜਾਬ ਹਰੀ ਕ੍ਰਾਂਤੀ ਨੇ ਤਬਾਹ ਕੀਤਾ ਅਤੇ ਅੱਧਾ ਕੁ ਪੰਜਾਬ ਪ੍ਰਵਾਸ ਦੇ ਰਾਹ ਤੋਰ ਦਿੱਤਾ। ਪੰਜਾਬ ਦੇ ਵੱਡੀ ਗਿਣਤੀ ਨੌਜਵਾਨ ਪ੍ਰਵਾਸ ਕਰ ਰਹੇ ਹਨ ਅਤੇ ਇੰਜ ਪੰਜਾਬ ਬੁੱਢਾ ਹੋ ਰਿਹਾ ਹੈ।

ਸੂਬੇ ਪੰਜਾਬ ਦੀ ਆਰਥਿਕਤਾ ਡਗਮਗਾ ਚੁੱਕੀ ਹੈ। ਸੂਬੇ ਪੰਜਾਬ ਦੇ ਲੋਕ ਭੈੜੀ ਆਰਥਿਕਤਾ ਦੇ ਚੱਲਦਿਆਂ, ਮਨੋਂ ਡੋਲ ਚੁੱਕੇ ਹਨ। ਉਹਨਾਂ ਨੂੰ ਕੋਈ ਰਾਹ ਨਹੀਂ ਦਿਸਦਾ ਸਿਵਾਏ ਆਪ ਭਗੌੜੇ ਹੋਣ ਦੇ ਜਾਂ ਫਿਰ ਪੰਜਾਬ 'ਚੋਂ ਆਪਣੀ ਔਲਾਦ ਨੂੰ ਭਗੌੜਾ ਕਰਨ ਦੇ। ਜਿਵੇਂ ਡੁੱਬਦੀ ਬੇੜੀ 'ਚੋਂ ਲੋਕ ਛਾਲਾਂ ਮਾਰ ਜਾਨ ਬਚਾਉਣ ਲਈ ਭੱਜਦੇ ਹਨ, ਇਵੇਂ ਹੀ ਆਪਣੀ ਅਗਲੀ ਪੀੜੀ ਨੂੰ ਨਸ਼ਿਆਂ, ਬੇਰੁਜ਼ਗਾਰੀ ਤੋਂ ਬਚਾਉਣ ਲਈ ਪੰਜਾਬ ਦੇ ਲੋਕ ਆਪਣੇ ਨੌਜਵਾਨ ਬੱਚਿਆਂ ਨੂੰ ਪ੍ਰਵਾਸ ਦੇ ਰਾਹ ਤੋਰਨ 'ਤੇ ਮਜ਼ਬੂਰ ਕਰ ਦਿੱਤੇ ਗਏ ਹਨ।

ਪੰਜਾਬ ਮਾਫੀਏ ਦੀ ਜਕੜ 'ਚ ਹੈ। ਪੰਜਾਬ ਦੀਆਂ ਸਿਆਸੀ ਪਾਰਟੀਆਂ ਅਤੇ ਲਗਭਗ ਸਾਰੇ ਨੇਤਾ ਸਖਸ਼ੀ ਲੜਾਈ ਲੜ ਰਹੇ ਹਨ, ਮੁੱਦਿਆਂ ਦੀ ਸਿਆਸਤ ਨੂੰ ਉਹਨਾਂ ਜਿਵੇਂ ਤਿਲਾਂਜਲੀ ਦੇ ਦਿੱਤੀ ਹੈ। ਉਹਨਾਂ ਦਾ ਇਕੋ ਇਕ ਨਿਸ਼ਾਨਾ ਪੰਜਾਬ ਦੇ ਵੋਟਰਾਂ ਦੀ ਵੋਟ-ਪ੍ਰਾਪਤੀ ਹੈ। ਉਹ ਚੋਣਾਂ ਤੋਂ ਪਹਿਲਾਂ 'ਮੁੱਖ ਮੰਤਰੀ ਦਾ ਚਿਹਰਾ' ਉਭਾਰ ਰਹੇ ਹਨ। ਰਿਆਇਤਾਂ ਦੇ ਗੱਫੇ ਲੋਕਾਂ ਨੂੰ ਦੇ ਰਹੇ ਹਨ। ਗਰੰਟੀਆਂ ਪ੍ਰਦਾਨ ਕਰ ਰਹੇ ਹਨ। ਪਰ ਹੈਰਾਨੀ ਦੀ ਗੱਲ ਹੈ ਕਿ ਉਹ ਰੁਜ਼ਗਾਰ, ਉਦਯੋਗ, ਸਿੱਖਿਆ, ਸਿਹਤ ਸਹੂਲਤਾਂ, ਵਾਤਾਵਰਣ, ਪ੍ਰਵਾਸ ਦੇ ਮਸਲਿਆਂ 'ਤੇ ਚੁੱਪ ਸਾਧੀ ਬੈਠੇ ਹਨ। ਕੀ ਉਹ ਸਮਝਦੇ ਹਨ ਕਿ ਨੌਕਰੀਆਂ ਤੋਂ ਬਿਨਾਂ ਪੰਜਾਬ ਦਾ ਨੌਜਵਾਨ ਪੰਜਾਬ ਰਹਿ ਸਕੇਗਾ ਤੇ ਕੀ ਉਹ ਨੌਜਵਾਨਾਂ ਦੇ ਵੱਡੀ ਗਿਣਤੀ ਪ੍ਰਵਾਸ ਤੋਂ ਬਾਅਦ ਉਜੜੇ ਬੁੱਢੇ ਪੰਜਾਬ ਉਤੇ ਰਾਜ ਕਰਨ ਨੂੰ ਹੀ ਸੁਭਾਗਾ ਸਮਝਣ ਲੱਗ ਪਏ ਹਨ? "ਦੇਸ਼ ਜਲ ਰਹਾ ਹੈ, ਨੀਰੂ ਬੰਸਰੀ ਵਜਾ ਰਹਾ ਹੈ"।

ਮੁਫ਼ਤ ਸਹੂਲਤਾਂ, ਰਿਆਇਤਾਂ ਅਤੇ ਸਬਸਿਡੀਆਂ ਕੀ ਪੰਜਾਬ ਨੂੰ 'ਪੰਜਾਬ' ਬਣਿਆ ਰਹਿਣ ਦੇਣਗੀਆਂ? ਕੀ ਮਿਹਨਤੀ ਪੰਜਾਬੀਆਂ ਨੂੰ ਮੰਗਤੇ, ਮੁਫ਼ਤਖੋਰੇ ਬਣਾ ਕੇ ਤਬਾਹ ਨਹੀਂ ਕਰ ਦੇਣਗੀਆਂ? ਵਕਤੀ ਤੌਰ 'ਤੇ ਤਾਂ ਇਹ ਸਹੂਲਤਾਂ ਦਿਲ ਲੁਭਾਉਣੀਆਂ ਜਾਪਦੀਆਂ ਹਨ। ਪਰ ਕੀ ਇਹ ਸ਼ੋਸ਼ੇਬਾਜ਼ੀ, ਜੁਮਲੇਬਾਜ਼ੀ ਪੰਜਾਬ ਨੂੰ ਤਰੱਕੀ ਕਰਨ ਵਾਲਾ ਸੂਬਾ ਰਹਿਣ ਦੇਵੇਗੀ? ਸਿਹਤ ਸਹੂਲਤਾਂ, ਸਿੱਖਿਆ ਸਹੂਲਤਾਂ, ਪ੍ਰਤੀ ਜੀਅ ਆਮਦਨ 'ਚ ਦੇਸ਼ ਭਰ 'ਚ ਇਸ ਦਾ ਦਰਜਾ ਕਦੇ ਪਹਿਲਾ ਸੀ ਹੁਣ ਦੂਜਿਆਂ ਸੂਬਿਆਂ ਦੇ ਮੁਕਾਬਲੇ ਨੀਵਾਂ ਹੋਇਆ ਹੈ। ਇਸਦਾ ਦਰਜਾ 18ਵਾਂ ਹੋ ਗਿਆ ਹੈ। ਅੱਵਲ ਪੰਜਾਬ, ਹੁਣ ਫਾਡੀ ਪੰਜਾਬ ਵੱਲ ਕਦਮ ਵਧਾਉਂਦਾ ਦਿੱਸਦਾ ਹੈ।




ਪੰਜਾਬ ਦੇ ਪ੍ਰਾਈਵੇਟ ਪ੍ਰੋਫੈਸ਼ਨਲ ਯੂਨੀਵਰਸਿਟੀਆਂ, ਪ੍ਰੋਫੈਸ਼ਨਲ ਕਾਲਜਾਂ, ਇੰਜੀਨੀਅਰਿੰਗ ਕਾਲਜਾਂ ਦੇ ਪਿਛਲੇ ਦੋ ਦਹਾਕਿਆਂ 'ਚ ਜਿਵੇਂ ਹੜ ਹੀ ਆ ਗਿਆ। ਪਰ ਇਸ ਵੇਲੇ ਇਹਨਾਂ ਪ੍ਰੋਫੈਸ਼ਨਲ ਕਾਲਜਾਂ, ਯੂਨੀਵਰਸਿਟੀਆਂ ਅਤੇ ਆਰਟਸ ਕਾਲਜਾਂ 'ਚ ਪੜ੍ਹਾਕੂਆਂ ਦੀ ਗਿਣਤੀ ਮਸਾਂ ਅੱਧੀ ਰਹਿ ਗਈ ਹੈ। ਨੌਜਵਾਨ ਆਇਲਟ ਕਰਦੇ ਹਨ, ਵਿਦੇਸ਼ ਦੇ ਰਾਹ ਪੈਂਦੇ ਹਨ। ਸਰਕਾਰੀ ਵਿਦਿਅਕ ਅਤੇ ਸਿਹਤ ਅਦਾਰਿਆਂ ਖਾਸ ਕਰਕੇ ਪਿੰਡਾਂ ਦੀ ਅਤਿ ਦੀ ਦੁਰਦਸ਼ਾ ਹੋ ਚੁੱਕੀ ਹੈ। ਭ੍ਰਿਸ਼ਟਾਚਾਰ ਨੇ ਪੰਜਾਬ ਦਾ ਲੱਕ ਤੋੜ ਦਿੱਤਾ ਹੈ। ਰੇਤਾ-ਬੱਜਰੀ, ਪਾਸਪੋਰਟ, ਕੇਬਲ, ਸਮਾਜਿਕ ਸਕੀਮਾਂ 'ਚ ਹੇਰਾਫੇਰੀਆਂ, ਚੋਰ ਮੋਰੀਆਂ ਨੇ ਸਰਕਾਰੀ ਖਜ਼ਾਨੇ ਨੂੰ ਵੱਡੀ ਢਾਅ ਲਾਈ ਹੈ। ਨੇਤਾਵਾਂ, ਅਫ਼ਸਰਸ਼ਾਹੀ ਅਤੇ ਹੋਰ ਰਸੂਖਦਾਰ ਬੰਦਿਆਂ ਨੇ ਪੰਜਾਬ ਨੂੰ ਚੂੰਡ-ਚੂੰਡ ਕੇ ਖਾ ਲਿਆ ਹੈ। ਹੁਣ ਖਜ਼ਾਨਾ ਖਾਲੀ ਹੋਣ ਦੀ ਰੱਟ ਹੈ। ਸਿਹਤ ਸਹੂਲਤਾਂ, ਵਾਤਾਵਰਨ ਸ਼ੁਧਤਾ, ਸਿੱਖਿਆ ਸਹੂਲਤਾਂ ਲਈ ਸਰਕਾਰ ਕੋਲ ਪੈਸਾ ਨਹੀਂ ਬਚਦਾ। ਪ੍ਰਸ਼ਾਸਨਿਕ ਕੰਮ ਚਲਾਉਣ ਲਈ ਕਰਜ਼ਾ ਲੈਣ ਤੋਂ ਬਿਨਾਂ ਉਸ ਕੋਲ ਕੋਈ ਹੱਲ ਹੀ ਨਹੀਂ ਰਹਿੰਦਾ। ਕੁਲ ਮਿਲਾ ਕੇ 31 ਮਾਰਚ 2022 ਤੱਕ ਸਰਕਾਰੇ-ਪੰਜਾਬ ਤਿੰਨ ਲੱਖ-ਕਰੋੜ ਦਾ ਕਰਜ਼ਾਈ ਹੋ ਜਾਵੇਗਾ।

ਸਿਆਸੀ ਨੇਤਾਵਾਂ ਦੇ ਗ਼ੈਰ-ਜ਼ੁੰਮੇਵਾਰੀ ਵਾਲੇ ਪੰਜਾਬ ਦੀ ਨੌਕਰਸ਼ਾਹੀ ਦੇ ਕੰਮ ਚਲਾਊ ਵਤੀਰੇ ਨੇ ਪੰਜਾਬ ਨੂੰ ਆਰਥਿਕ, ਸਮਾਜਿਕ, ਸਭਿਆਚਾਰਕ ਪੱਖੋਂ ਊਣਾ ਕਰ ਦਿੱਤਾ ਹੈ। ਖਾਸ ਤੌਰ ਤੇ ਸਮਾਜਿਕ, ਸਭਿਆਚਾਰਕ ਪ੍ਰਸਥਿਤੀਆਂ ਉਲਟ-ਪੁਲਟ ਹੋ ਗਈਆਂ ਗਨ।

ਪੰਜਾਬ 'ਚ ਬੇਰੁਜ਼ਗਾਰੀ ਉਚ ਸਤਰ ਤੇ ਹੈ। ਪੰਜਾਬ ਦੀ ਬੇਰੁਜ਼ਗਾਰੀ ਦਰ 7.4 ਫੀਸਦੀ ਹੈ ਜਦਕਿ ਦੇਸ਼ ਦੀ ਬੇਰੁਜ਼ਗਾਰੀ ਦਰ 6.4 ਫੀਸਦੀ ਹੈ। ਮਹਿੰਗਾਈ ਦਰ 'ਚ ਲਗਾਤਾਰ ਵਾਧਾ ਹੋਇਆ ਹੈ। ਪੈਟਰੋਲ, ਡੀਜ਼ਲ ਦੀਆਂ ਕੀਮਤਾਂ 'ਚ ਵਾਧੇ ਨੇ ਪੰਜਾਬ ਦੇ ਖੇਤੀ ਖੇਤਰ ਨੂੰ ਵੱਡੀ ਸੱਟ ਮਾਰੀ ਹੈ, ਖੇਤੀ ਘਾਟੇ ਦਾ ਸੌਦਾ ਬਣ ਕੇ ਰਹਿ ਗਈ ਹੈ। ਪਰ ਇਹ ਸਾਰੇ ਮੁੱਦੇ, ਇਹ ਸਾਰੇ ਮਸਲੇ, ਇਹ ਸਾਰੀਆਂ ਸਮੱਸਿਆਵਾਂ ਪਾਰਟੀਆਂ ਲਈ ਕੋਈ ਅਰਥ ਨਹੀਂ ਰੱਖਦੀਆਂ।

ਸੂਬੇ ਪੰਜਾਬ 'ਚ ਹਕੂਮਤ ਕਰਨ ਦੀ ਵੱਡੀ ਦਾਅਵੇਦਾਰ ਪਾਰਟੀ ਦੇ ਪੇਸ਼ ਕੀਤੇ ਅਜੰਡੇ ਵੇਖੋ: ਉਹ ਸ਼ਹਿਰਾਂ ਦੀ ਸਫ਼ਾਈ ਕਰਵਾਉਣਗੇ, ਸਰਕਾਰੀ ਕੰਮ ਕਰਵਾਉਣ ਲਈ ਵਿਚੋਲਿਆਂ ਤੋਂ ਮੁਕਤੀ ਦਿਵਾਉਣਗੇ, ਅੰਡਰਗਰਾਊਂਡ ਕੇਬਲਿੰਗ ਸ਼ਹਿਰਾਂ 'ਚ ਕਰਾਉਣਗੇ, ਮੁਹੱਲਾ ਕਲੀਨਕ ਬਣਾਉਣਗੇ, ਸਰਕਾਰੀ ਸਕੂਲਾਂ ਦੀ ਕਾਇਆ ਕਲਪ ਕਰਨਗੇ, 24 ਘੰਟੇ ਬਿਜਲੀ ਸਪਲਾਈ, ਪੀਣ ਦਾ ਸਾਫ਼ ਪਾਣੀ ਮੁਹੱਈਆ ਕਰਾਉਣਗੇ, ਟੁਟੀਆਂ ਸੜਕਾਂ ਦੀ ਮੁਰੰਮਤ ਕਰਵਾਉਣਗੇ, ਉਦਯੋਗ ਤੇ ਵਪਾਰ 'ਚ ਵਾਧਾ ਕਰਵਾਉਣਗੇ ਅਤੇ ਔਰਤਾਂ ਦੀ ਸੁਰੱਖਿਆ ਦਾ ਪ੍ਰਬੰਧ ਕਰਨਗੇ। ਪਰ ਉਹ ਨੌਜਵਾਨਾਂ ਦੇ ਰੁਜ਼ਗਾਰ ਤੇ ਪੰਜਾਬ ਦੇ ਵੱਧ ਰਹੇ ਪ੍ਰਵਾਸ ਤੋਂ ਚੁੱਪ ਹਨ। ਉਹ ਪੰਜਾਬ ਦੇ ਦਰਿਆਈ ਪਾਣੀਆਂ ਦੀ ਗੱਲ ਨਹੀਂ ਕਰਦੇ ਅਤੇ ਨਾ ਹੀ ਧਰਤੀ ਹੇਠਲੇ ਪਾਣੀ ਨੂੰ ਹੋਰ ਡਿੱਗਣੋਂ ਰੋਕਣ ਦੀ ਗੱਲ ਕਰਦੇ ਹਨ। ਪੰਜਾਬ ਦੇ ਦਰਿਆਈ ਪਾਣੀਆਂ 'ਤੇ ਸਾਫ਼-ਸੁਥਰੇ ਵਾਤਾਵਰਣ ਅਤੇ ਘਾਟੇ ਦੀ ਖੇਤੀ ਦੇ ਸੁਧਾਰ ਦਾ ਮਸਲਾ ਤਾਂ ਉਹਨਾਂ ਦੇ ਅਜੰਡੇ ਤੋਂ ਹੀ ਗਾਇਬ ਹੈ। ਇਕ ਹੋਰ ਪਾਰਟੀ ਜਿਸਨੇ ਪੰਜਾਬ ਤੇ ਦਸ ਸਾਲ ਰਾਜ ਕੀਤਾ ਹੈ, ਉਹ ਨੌਜਵਾਨਾਂ ਨੂੰ ਪ੍ਰਵਾਸ ਦੇ ਰਾਹ ਤੋਰਨ ਲਈ 10-10 ਲੱਖ ਰੁਪਏ ਕਰਜ਼ਾ ਦੇਵੇਗੀ। ਸਰਕਾਰੀ ਧਿਰ ਨੇ ਤਾਂ ਪੰਜਾਬ 'ਚ ਆਇਲਿਟਸ ਸੈਂਟਰ ਖੋਲ ਕੇ ਪੰਜਾਬੀ ਨੌਜਵਾਨਾਂ ਨੂੰ ਪੰਜਾਬੋਂ ਬਾਹਰ ਤੋਰਨ ਦਾ ਜਿਵੇਂ ਨਵਾਂ ਮਨਸੂਬਾ ਹੀ ਘੜ ਮਾਰਿਆ। ਹੈਰਾਨੀ ਦੀ ਗੱਲ ਤਾਂ ਇਹ ਵੀ ਹੈ ਕਿ ਨਵਾਂ ਪੰਜਾਬ ਸਿਰਜਨ ਦਾ ਨਾਹਰਾ ਦੇਣ ਵਾਲੀਆਂ ਰਾਸ਼ਟਰੀ ਪਾਰਟੀਆਂ, ਖੇਤਰੀ ਪਾਰਟੀਆਂ ਪੰਜਾਬੋਂ ਖੁਸੇ ਹੋਏ ਚੰਡੀਗੜ ਅਤੇ ਹੋਰ ਪੰਜਾਬੀ ਇਲਾਕੇ ਲਿਆਉਣ ਦੀਆਂ ਗੱਲਾਂ ਤਾਂ ਜਿਵੇਂ ਭੁਲ ਹੀ ਚੁੱਕੀਆਂ ਹਨ। ਕੇਂਦਰ ਸਰਕਾਰਾਂ ਵੱਲੋਂ ਸੰਘੀ ਢਾਂਚੇ ਦੀ ਸੰਘੀ ਘੁੱਟਣ ਦੀ ਗੱਲ ਤਾਂ ਖੇਤਰੀ ਪਾਰਟੀ ਦੇ ਚੇਤਿਆਂ 'ਚ ਹੀ ਨਹੀਂ ਰਹੀ ਕਿ ਕਿਸੇ ਸਮੇਂ ਉਹ ਰਾਜਾਂ ਨੂੰ ਵੱਧ ਅਧਿਕਾਰ ਦੇਣ ਦੀ ਗੱਲ ਕਰਿਆ ਕਰਦੀ ਸੀ।

ਬਾਘੇ ਬਾਰਡਰ ਰਾਹੀਂ ਪਾਕਿਸਤਾਨ ਸਮੇਤ ਹੋਰ ਦੇਸ਼ਾਂ ਨਾਲ ਵਪਾਰ ਪੰਜਾਬ ਨੂੰ ਹਰ ਸਾਲ 15000 ਕਰੋੜ ਦਿੰਦਾ ਸੀ ਅਤੇ 10 ਤੋਂ 15 ਹਜ਼ਾਰ ਨੌਕਰੀਆਂ। ਪਰ 2019 'ਚ ਇਹ ਵਪਾਰ 'ਚੋਣਾਂ ਦੀ ਭੇਂਟ' ਕਰ ਦਿੱਤਾ ਗਿਆ। ਵਪਾਰ ਪਾਕਿਸਤਾਨ ਨਾਲ ਬੰਦ ਕਰ ਦਿੱਤਾ ਗਿਆ। ਪੰਜਾਬ ਦੀ ਆਰਥਿਕਤਾ ਨੂੰ ਖੋਰਾ ਲੱਗਾ। ਇਹ ਆਰਥਿਕ ਖੋਰਾ ਉਦੋਂ ਵੀ ਲੱਗ ਰਿਹਾ ਹੈ ਜਦੋਂ ਲਈ ਗਈ ਵਿਆਜ ਦੀ ਰਕਮ ਜੋ 2 ਲੱਖ 86 ਕਰੋੜ ਹੈ ਦਾ ਵਿਆਜ ਵੀ ਹੋਰ ਕਰਜ਼ਾ ਦੇ ਕੇ ਚੁੱਕਤਾ ਕੀਤਾ ਜਾ ਰਿਹਾ ਹੈ। ਪੰਜਾਬ ਦਾ ਸਿਆਸਤਦਾਨ ਇਹਨਾਂ ਮੁੱਦਿਆਂ ਬਾਰੇ ਚੁੱਪ ਹੈ, ਕੁਝ ਨਹੀਂ ਬੋਲਦਾ।

ਪੰਜਾਬ 'ਚ ਨਸ਼ੇ ਦਾ ਬੋਲਬਾਲਾ ਹੈ। ਤਿਕੜੀ ਇਸ ਨਸ਼ਾ ਵੰਡ ਨੂੰ ਪਿੰਡਾਂ, ਸ਼ਹਿਰਾਂ 'ਚ ਪਹੁੰਚਦਾ ਕਰਦੀ ਹੈ, ਉਸ ਸਬੰਧੀ ਸਿਆਸਤਦਾਨ ਚੁੱਪ ਹਨ ਭਾਵੇਂ ਕਿ ਗੁਟਕੇ ਉਤੇ ਹੱਥ ਰੱਖ ਕੇ ਇਸ ਨੂੰ ਖਤਮ ਕਰਨ ਦੀਆਂ ਗੱਲਾਂ ਹੁੰਦੀਆਂ ਹਨ।

ਕਿਹਾ ਜਾਂਦਾ ਹੈ ਕਿ ਪੰਜਾਬ ਖੇਤੀ ਪ੍ਰਧਾਨ ਸੂਬਾ ਹੈ, ਜਦਕਿ ਇਹ ਖੇਤੀ ਪ੍ਰਧਾਨ ਹੋਣ ਦੀਆਂ ਯੋਗਤਾਵਾਂ ਨਹੀਂ ਰੱਖਦਾ। ਖੇਤੀ ਪ੍ਰਧਾਨ ਹੋਣ ਦੇ ਨਾਤੇ ਇਸ ਸੂਬੇ ਦੀ ਖੇਤੀ ਨੀਤੀ ਨਹੀਂ ਹੈ। ਸੂਬੇ 'ਚ ਫਾਰਮਰਜ਼ ਕਮਿਸ਼ਨ ਬਣਿਆ। ਪਿਛਲੇ 10 ਸਾਲਾਂ 'ਚ ਫਾਰਮਰਜ਼ ਕਮਿਸ਼ਨ ਨੇ ਦੋ ਵੇਰ ਪਹਿਲੀ ਵੇਰ 2013 'ਚ ਦੂਜੀ ਵੇਰ 2018 'ਚ ਖੇਤੀ ਨੀਤੀ ਤਿਆਰ ਕਰਕੇ ਪੰਜਾਬ ਕੈਬਨਿਟ ਦੀ ਪ੍ਰਵਾਨਗੀ ਲਈ ਭੇਜੀ, ਪਰ ਇਸ ਨੂੰ ਪ੍ਰਵਾਨਗੀ ਨਹੀਂ ਦਿੱਤੀ ਕਿਉਂਕਿ ਇਸ ਵਿਚ ਸਿਆਸਤਦਾਨਾਂ ਦੀ ਕੋਈ ਦਿਲਚਸਪੀ ਹੀ ਨਹੀਂ ਹੈ। ਹੈਰਾਨੀ ਦੀ ਗੱਲ ਹੈ ਕਿ ਸੂਬੇ ਦੀ ਪਾਣੀ ਨੀਤੀ ਕੋਈ ਨਹੀਂ। ਅਰਥਸ਼ਾਸ਼ਤਰੀ ਰਣਜੀਤ ਸਿੰਘ ਘੁੰਮਣ ਅਨੁਸਾਰ ਪੰਜਾਬ ਦਾ ਖੇਤੀ ਲਈ ਵਰਤਿਆ ਜਾਂਦਾ 85ਫੀਸਦੀ ਪਾਣੀ ਝੋਨੇ ਲਈ ਵਰਤਿਆ ਜਾਂਦਾ ਹੈ, ਜਿਸ ਝੋਨੇ ਨੂੰ ਦੂਜੇ ਸੂਬਿਆਂ ਦੀਆਂ ਲੋੜਾਂ ਪੂਰੀਆਂ ਕਰਨ ਲਈ ਵਰਤਿਆ ਜਾਂਦਾ ਹੈ। ਜਦੋਂ ਕੇਂਦਰ ਨੂੰ ਝੋਨੇ ਦੀ ਲੋੜ ਸੀ, ਉਦੋਂ ਪੰਜਾਬ ਨੂੰ ਵਰਤਿਆ, ਹੁਣ ਧੁਤਕਾਰਿਆ ਜਾ ਰਿਹਾ ਹੈ।

ਪੰਜਾਬ ਲੁਟਿਆ ਜਾ ਰਿਹਾ ਹੈ। ਪਰ ਪੰਜਾਬ ਦਾ ਸਿਆਸਤਦਾਨ ਚੁੱਪ ਹੈ। ਚੋਣਾਂ ਦੌਰਾਨ ਉਹ ਰੋਡਮੈਪ ਤੇ ਚੋਣ ਮੈਨੀਫੈਸਟੋ ਦੇਣ ਦੀ ਗੱਲ ਕਰਦੇ ਹਨ, ਪਰ ਪਿਛਲੇ 20-25 ਸਾਲਾਂ ਤੋਂ ਉਹਨਾਂ ਆਪਣੇ ਚੋਣ ਮੈਨੀਫੈਸਟੋ ਨੂੰ ਚੋਣਾਂ ਜਿੱਤਣ ਬਾਅਦ ਰੱਦੀ ਦੀ ਟੋਕਰੀ 'ਚ ਸੁੱਟਿਆ ਹੈ। ਕੋਈ ਵਾਇਦੇ ਨਹੀਂ ਨਿਭਾਏ, ਕੋਈ ਮੁੱਦੇ ਨਹੀਂ ਚੁੱਕੇ। ਜਿਹੜਾ ਜਿੱਤ ਗਿਆ, ਉਹ ਹਾਕਮ ਬਣ ਗਿਆ, ਜੋ ਵਿਰੋਧੀ ਧਿਰ ਦੀ ਕੁਰਸੀ 'ਤੇ ਬੈਠ ਗਿਆ, ਉਹ ਚੁੱਪ ਕਰਕੇ ਅਗਲੇ ਪੰਜ ਵਰ੍ਹਿਆਂ 'ਚ ਹਾਕਮ ਬਨਣ ਦੀ ਉਡੀਕ ਕਰਦਾ ਰਿਹਾ।

ਪੰਜਾਬ ਦੀ ਕਮਜ਼ੋਰ ਆਰਥਿਕ ਨੀਤੀ, ਟੈਕਸਾਂ ਦੀ ਉਗਰਾਹੀ 'ਚ ਘੁਟਾਲਾ ਪੰਜਾਬ ਦਾ ਸੀਨਾ ਚੀਰ ਰਿਹਾ ਹੈ। ਇਸ ਵਸਦੇ ਰਸਦੇ ਸੂਬੇ ਨੂੰ ਉਜਾੜ ਰਿਹਾ ਹੈ। ਸਿਹਤ, ਸਿੱਖਿਆ, ਵਾਤਾਵਰਨ, ਵਿਕਾਸ ਦਰ, ਰੁਜ਼ਗਾਰ ਦੇਣ 'ਚ ਮੋਹਰੀ ਪੰਜਾਬ ਅੱਜ ਫਾਡੀ ਹੋ ਗਿਆ ਹੈ ਅਤੇ ਇਹ ਸਭ ਸਿਆਸਤਦਾਨਾਂ ਦੀ ਬੇਰੁਖ਼ੀ ਦਾ ਸਿੱਟਾ ਹੈ, ਜਿਹੜੇ ਪੰਜਾਬ ਦੇ ਮੁੱਦੇ ਨਹੀਂ ਚੁੱਕਦੇ, ਜਿਹੜੇ ਪੰਜਾਬ ਦੀ ਆਰਥਿਕਤਾ ਸੁਧਾਰ ਲਈ ਯਤਨ ਨਹੀਂ ਕਰਦੇ। ਜੇਕਰ ਕਿਸੇ ਸੂਬੇ ਜਾਂ ਦੇਸ਼ ਦੀ ਆਰਥਿਕਤਾ ਚੰਗੀ ਨਹੀਂ, ਜੇਕਰ ਵਿਕਾਸ ਨਹੀਂ ਹੋ ਰਿਹਾ ਸੂਬੇ 'ਚ ਤਾਂ ਰੁਜ਼ਗਾਰ ਕਿਥੋਂ ਪੈਦਾ ਹੋਏਗਾ? ਇਸ ਗੱਲ ਦੀ ਚਿੰਤਾ ਸਿਆਸਤਦਾਨ ਨੂੰ ਨਹੀਂ ਹੈ, ਉਹਨਾਂ ਦੀ ਪਹਿਲ ਤਾਂ ਵੋਟਰਾਂ ਦੀ ਵੋਟ ਪ੍ਰਾਪਤੀ ਹੈ।

## ਐਂਬੂਲੈਂਸ ਸੇਵਾਵਾਂ ਦੇ ਸੁਧਾਰ ਲਈ ਕਮੇਟੀ ਦਾ ਗਠਨ ਹੋਇਆ




ਐਡਮੰਟਨ (ਪੰਜਾਬੀ ਅਖ਼ਬਾਰ ਬਿਊਰੋ) ਐਲਬਰਟਾ ਵਿੱਚ ਐਂਬੂਲੈਂਸ ਸੇਵਾਵਾਂ ਦੀ ਬਦਹਾਲੀ ਵਿੱਚ ਸੁਧਾਰ ਦੇ ਇਰਾਦੇ ਨਾਲ ਜੇਸਨ ਕੈਨੀ ਸਰਕਾਰ ਨੇ ਇੱਕ ਐਡਵਾਇਜ਼ਰੀ ਕਮੇਟੀ ਬਣਾਉਣ ਦਾ ਐਲਾਨ ਕੀਤਾ ਹੈ ਜਿਹੜੀ ਸਰਕਾਰ ਨੂੰ ਸੁਝਾਅ ਦੇਵੇਗੀ। ਹਾਇਵੁਡ ਤੋਂ ਯੂਸੀਪੀ ਵਿਧਾਇਕ ਆਰ.ਜੇ. ਸਿਗਰਡਸਨ ਅਤੇ ਗ੍ਰੈਂਡ ਪ੍ਰੇਅਰੀ ਤੋਂ ਐਮ.ਐਲ.ਏ., ਸਾਬਕਾ ਮਨਿਸਟਰ ਟ੍ਰੇਸੀ ਐਲਾਰਡ ਨੂੰ ਇਸ ਕਮੇਟੀ ਦੇ ਮੁਖੀਆਂ ਵੱਜੋਂ ਨਿਯੁਕਤ ਕੀਤਾ ਗਿਆ ਹੈ। ਕਮੇਟੀ ਵਿੱਚ ਪੈਰਾਮੈਡਿਕਸ, ਐਂਬੁਲੈਂਸ ਔਪਰੇਟਰਜ਼, ਮਿਉਨਿਸਿਪਲ ਪ੍ਰਤੀਨਿਧ ਅਤੇ ਮੂਲ ਨਿਵਾਸੀ ਭਾਈਚਾਰਿਆਂ ਦੇ ਪ੍ਰਤੀਨਿਧ ਵੀ ਸ਼ਾਮਿਲ ਹੋਣਗੇ। ਕਮੇਟੀ ਨੂੰ ਕਿਹਾ ਗਿਆ ਹੈ ਕਿ ਮਈ ਮਹੀਨੇ ਤੱਕ ਉਹ ਐਂਬੁਲੈਂਸ ਸਰਵਿਸਿਜ਼ ਦੇ ਸੁਧਾਰ ਵਾਸਤੇ ਸੁਝਾਅ ਦੇਵੇਗੀ। ਹੈਲਥ ਮਨਿਸਟਰ ਜੇਸਨ ਕੌਪਿੰਗ ਦਾ ਕਹਿਣਾ ਹੈ ਕਿ ਇਸ ਵਰ੍ਹੇ ਈ.ਐਮ.ਐਸ. ਨੂੰ 30 ਮਿਲੀਅਨ ਡਾਲਰ ਦਾ ਵਾਧੂ ਫੰਡ ਜਾਰੀ ਕੀਤਾ ਗਿਆ ਹੈ ਜਿਸ ਨਾਲ 200 ਪੈਰਾਮੈਡਿਕਸ ਅਤੇ ਐਮਰਜੰਸੀ ਮੈਡਿਕਲ ਟੈਕਨਿਸ਼ਨਜ਼ ਰੱਖ ਕੇ ਇਹਨਾਂ ਦੀ ਗਿਣਤੀ ਵਿੱਚ 9% ਦਾ ਵਾਧਾ ਕੀਤਾ ਜਾਵੇਗਾ।

## ਪੰਜਾਬੀ ਚੈਨਲ ਪੰਜਾਬ ਚੋਣਾਂ ਸਬੰਧੀ ਸੰਜੀਦਾ ਬਹਿਸ ਛੇੜਨ



ਪ੍ਰੋ. ਕੁਲਬੀਰ ਸਿੰਘ
9417153513

ਮੀਡੀਆ ਪੰਜਾਬ ਚੋਣਾਂ ਸਬੰਧੀ ਪਲ ਪਲ ਦੀ ਖ਼ਬਰ ਪ੍ਰਸਾਰਿਤ ਤੇ ਪ੍ਰਕਾਸ਼ਿਤ ਕਰ ਰਿਹਾ ਹੈ ਪਰੰਤੂ ਚੋਣਾਂ ਬਾਰੇ ਗੰਭੀਰ ਤੇ ਸੰਜੀਦਾ ਬਹਿਸ ਨਹੀਂ ਹੋ ਰਹੀ। ਪ੍ਰਿੰਟ ਮੀਡੀਆ ਵਿਚ ਸੰਪਾਦਕੀ ਪੰਨਿਆਂ @ਤੇ ਅਕਸਰ ਅਜਿਹੇ ਆਰਟੀਕਲ ਅਤੇ ਸੰਪਾਦਕੀ ਨੋਟ ਪੜ੍ਹਨ ਨੂੰ ਮਿਲ ਜਾਂਦੇ ਹਨ ਪਰੰਤੂ ਨਿਊਜ਼ ਚੈਨਲ ਵਧੇਰੇ ਕਰਕੇ ਓਪਰੀ ਓਪਰੀ ਜਾਣਕਾਰੀ ਅਤੇ ਖ਼ਬਰਾਂ ਪ੍ਰਸਾਰਿਤ ਕਰਕੇ ਸਮਾਂ ਟਪਾ ਰਹੇ ਹਨ। ਖ਼ਬਰਾਂ ਦੀ, ਮੁੱਦਿਆਂ ਮਸਲਿਆਂ ਦੀ ਗਹਿਰਾਈ ਵਿਚ ਜਾ ਕੇ ਵਿਆਖਿਆ ਵਿਸ਼ਲੇਸ਼ਣ ਕਰਨ ਦਾ ਸ਼ਾਇਦ ਉਨ੍ਹਾਂ ਕੋਲ ਸਮਾਂ ਨਹੀਂ ਜਾਂ ਜਾਣ ਬੁੱਝ ਕੇ ਅਜਿਹਾ ਕਰਨ ਤੋਂ ਗਰੇਜ਼ ਕੀਤਾ ਜਾ ਰਿਹਾ ਹੈ।

ਉਮੀਦਵਾਰਾਂ ਦੇ ਐਲਾਨ ਦਾ ਵੇਰਵਾ, ਵਿਰੋਧ-ਬਗਾਵਤ ਬਾਰੇ ਜਾਣਕਾਰੀ, ਗੱਠਜੋੜ-ਗਣਿਤ, ਵੱਖ-ਵੱਖ ਪਾਰਟੀਆਂ ਦੇ ਹਿੱਸੇ ਆਈਆਂ ਸੀਟਾਂ ਦੀ ਗਿਣਤੀ, ਮੁਖ ਮੰਤਰੀ ਚਿਹਰਾ, ਈ.ਡੀ. ਦੇ ਛਾਪੇ, ਸਿਆਸੀ ਬਦਲਾਖੋਰੀ ਤੇ ਬੱਸ। ਚੋਣਾਂ ਸਮੇਂ ਅਕਸਰ ਅਜਿਹਾ ਹੁੰਦਾ ਹੈ। ਸਿਆਸੀ ਪਾਰਟੀਆਂ ਅਜਿਹਾ ਮਾਹੌਲ ਸਿਰਜ ਦਿੰਦੀਆਂ ਹਨ ਕਿ ਅਸਲੀ ਮੁੱਦੇ ਗਾਇਬ ਹੋ ਜਾਂਦੇ ਹਨ। ਸਿਆਸੀ ਨੇਤਾ, ਲੋਕਾਂ ਨੂੰ ਗੈਰ-ਹਕੀਕੀ ਬਿਆਨਾਂ ਤੇ ਘੋਸ਼ਨਾਵਾਂ ਵਿਚ ਉਲਝਾ ਲੈਂਦੇ ਹਨ। ਨਿਊਜ਼ ਚੈਨਲ ਵੀ ਅਜਿਹੀਆਂ ਸੁਰਖੀਆਂ ਬਨਾਉਣ ਤੱਕ ਸੀਮਤ ਹੋ ਜਾਂਦੇ ਹਨ। ਨਾ ਕਿੰਤੂ ਪਰੰਤੂ ਕਰਦੇ ਹਨ, ਨਾ ਪ੍ਰਸ਼ਨ ਉਠਾਉਂਦੇ ਹਨ। ਜੇ ਉਠਾਉਂਦੇ ਵੀ ਹਨ ਤਾਂ ਪੈਨਲ @ਤੇ ਗੌਰ ਨਹੀਂ ਕਰਦੇ। ਹਰ ਰੋਜ਼, ਹਰ ਹਫ਼ਤੇ ਉਹੀ ਚਿਹਰੇ ਚੋਣ-ਚਰਚਾ ਵਿਚ ਸ਼ਾਮਲ ਹੁੰਦੇ ਹਨ। ਜਿਸ ਕਾਰਨ ਦਰਸ਼ਕਾਂ ਦੀ ਦਿਲਚਸਪੀ ਘੱਟਦੀ ਘੱਟਦੀ ਖ਼ਤਮ ਹੋ ਜਾਂਦੀ ਹੈ। ਸਿਆਸੀ ਨੇਤਾਵਾਂ, ਸਿਆਸੀ ਪਾਰਟੀਆਂ ਦਾ ਧਿਆਨ ਕੇਵਲ ਆਰਜ਼ੀ ਨਫ਼ੇ ਨੁਕਸਾਨ @ਤੇ ਕੇਂਦਰਿਤ ਹੈ। ਵੋਟਾਂ ਕਿਵੇਂ ਬਟੋਰਨੀਆਂ ਹਨ, ਕੁਰਸੀ ਕਿਵੇਂ ਹਾਸਲ ਕਰਨੀ ਹੈ, ਬੱਸ। ਪੰਜਾਬ ਦੀ ਦੁਰਦਸ਼ਾ ਵੱਲ ਕਿਸੇ ਦਾ ਧਿਆਨ ਨਹੀਂ। ਇਹ ਦੁਰਦਸ਼ਾ ਕਿਉਂ ਹੋਈ ਕਿਸੇ ਨੂੰ ਚਿੰਤਾ ਨਹੀਂ। ਪੰਜਾਬ ਨੂੰ ਲੀਹ @ਤੇ ਲਿਆਉਣ ਲਈ ਡੋਲਦੀ ਆਰਥਿਕਤਾ ਨੂੰ ਮਜ਼ਬੂਤ ਕਰਨਾ ਪਵੇਗਾ। ਨੌਜਵਾਨਾਂ ਨੂੰ ਰੁਜ਼ਗਾਰ ਮੁਹੱਈਆ ਕਰਨੇ ਪੈਣਗੇ। ਵਾਤਾਵਰਨ ਦੀ ਸ਼ੁੱਧਤਾ ਵੱਲ ਧਿਆਨ ਦੇਣਾ ਪਵੇਗਾ। ਭਵਿੱਖ ਵਿਚ ਪੀਣ ਵਾਲੇ ਪਾਣੀ ਦੇ ਪੈਦਾ ਹੋਣ ਵਾਲੇ ਸੰਕਟ ਦੇ ਹੱਲ ਲਈ ਹੁਣੇ ਤੋਂ ਵਿਉਂਤਬੰਦੀ ਕਰਨੀ ਹੋਵੇਗੀ। ਪਰੰਤੂ ਅਜਿਹੀ ਦੂਰ-ਦ੍ਰਿਸ਼ਟੀ, ਅਜਿਹੀ ਦ੍ਰਿੜਤਾ, ਅਜਿਹੀ ਸਮਝ ਨਾ ਕਿਸੇ ਨੇਤਾ ਵਿਚ ਨਜ਼ਰ ਆਉਂਦੀ ਹੈ, ਨਾ ਕਿਸੇ ਸਿਆਸੀ ਪਾਰਟੀ ਕੋਲ ਅਜਿਹਾ ਪ੍ਰੋਗਰਾਮ ਹੈ।

ਟੈਲੀਵਿਜ਼ਨ ਚੈਨਲਾਂ ਨੂੰ ਚਾਹੀਦਾ ਹੈ ਕਿ ਹਰੇਕ ਪਾਰਟੀ ਦੇ ਪਹਿਲੀ ਕਤਾਰ ਦੇ ਨੇਤਾਵਾਂ ਨੂੰ ਸਟੂਡੀਓ ਵਿਚ ਸੱਦ ਕੇ ਖੁੱਲ੍ਹੀ ਬਹਿਸ ਕਰਵਾਉਣ। ਦਿਨ, ਸਮਾਂ ਪਹਿਲਾਂ ਘੋਸ਼ਿਤ ਕੀਤਾ ਜਾਵੇ ਤਾਂ ਜੋ ਵੱਧ ਤੋਂ ਵੱਧ ਲੋਕ ਉਸ ਬਹਿਸ ਨੂੰ ਸੁਣ ਸਕਣ। ਪਹਿਲੀ ਕਤਾਰ ਦੇ ਨੇਤਾਵਾਂ ਵਿਚ ਚਰਨਜੀਤ ਸਿੰਘ ਚੰਨੀ, ਕੈਪਟਨ ਅਮਰਿੰਦਰ ਸਿੰਘ, ਸੁਖਬੀਰ ਸਿੰਘ ਬਾਦਲ, ਅਰਵਿੰਦ ਕੇਜਰੀਵਾਲ, ਭਗਵੰਤ ਮਾਨ, ਬਲਬੀਰ ਸਿੰਘ ਰਾਜੇਵਾਲ, ਸੁਖਦੇਵ ਸਿੰਘ ਢੀਂਡਸਾ ਅਤੇ ਭਾਜਪਾ ਨੇਤਾ ਨੂੰ ਸ਼ਾਮਲ ਕਰਨਾ ਚਾਹੀਦਾ ਹੈ। ਚੋਣਾਂ ਨੇੜੇ ਆਉਣ @ਤੇ ਅਕਸਰ ਘਚੋਲਾ ਪਿਆ ਨਜ਼ਰ ਆਉਂਦਾ ਹੈ। ਬਿਆਨਾਂ ਦੀ ਬਹੁਤਾਤ ਅਤੇ ਨਿੱਜੀ ਦੂਸ਼ਣਬਾਜ਼ੀ ਦੌਰਾਨ ਵੋਟਰ ਪ੍ਰੇਸ਼ਾਨ ਹੋ ਜਾਂਦਾ ਹੈ। ਲੋਕਾਂ ਦਾ ਨਿੱਜੀ ਦੂਸ਼ਣਬਾਜ਼ੀ ਨਾਲ ਕੋਈ ਲੈਣਾ ਦੇਣਾ ਨਹੀਂ ਹੁੰਦਾ। ਲੋਕਾਂ ਨੂੰ ਸਾਫ਼ ਸੁਥਰਾ ਸਿਸਟਮ, ਸਾਫ਼ ਸੁਥਰਾ ਵਾਤਾਵਰਨ ਚਾਹੀਦਾ ਹੈ। ਜਿਸ ਵਿਚ ਉਹ ਅਮਨ ਚੈਨ ਨਾਲ ਰਹਿ ਸਕਣ। ਸਿਆਸੀ ਨੇਤਾ ਨਾ ਸਿਸਟਮ ਦੀ ਗੱਲ ਕਰਦੇ ਹਨ, ਨਾ ਸਹੂਲਤਾਂ ਦੀ। ਆਪਸ ਵਿਚ ਉਲਝੀ ਜਾਂਦੇ ਹਨ। ਕੁਰਸੀ ਖ਼ਾਤਰ, ਆਪਣੀ ਹਊਮੈ ਖ਼ਾਤਰ। ਨੇਤਾਵਾਂ ਨੂੰ ਸਟੂਡੀਓ ਵਿਚ ਆਹਮਣੇ ਸਾਹਮਣੇ ਖੜੇ ਕਰਕੇ ਅਜਿਹੇ ਸਵਾਲਾਂ ਦੇ ਰੂਬਰੂ ਕਰਨ ਦੀ ਲੋੜ ਹੈ। ਬਿਲਕੁਲ ਉਵੇਂ ਜਿਵੇਂ ਵਿਕਸਤ ਮੁਲਕਾਂ ਦੇ ਨੇਤਾ ਚੋਣਾਂ ਸਮੇਂ ਆਹਮਣੇ ਸਾਹਮਣੇ ਬਹਿਸ ਦੌਰਾਨ ਆਪਣੇ ਵਿਚਾਰ ਪੇਸ਼ ਕਰਦੇ ਹਨ।

ਭਾਵੇਂ ਲੋਕਾਂ ਦਾ ਮਨ ਵੋਟ ਪਾਉਣ ਸਬੰਧੀ ਲੱਗਭਗ ਬਣ ਚੁੱਕਾ ਹੁੰਦਾ ਹੈ। ਫਿਰ ਵੀ ਸਾਰੀਆਂ ਪਾਰਟੀਆਂ ਦੇ ਨੇਤਾਵਾਂ ਦੀ ਵੱਖ-ਵੱਖ ਮੁੱਦਿਆਂ ਮਸਲਿਆਂ ਸਬੰਧੀ ਪਹੁੰਚ ਸਪਸ਼ਟ ਹੋਣੀ ਚਾਹੀਦੀ ਹੈ ਅਤੇ ਪੰਜਾਬ ਦੀ ਬਿਹਤਰੀ ਲਈ ਚੁੱਕੇ ਜਾਣ ਵਾਲੇ ਕਦਮਾਂ ਬਾਰੇ ਮੀਡੀਆ ਰਾਹੀਂ ਲੋਕਾਂ ਤੱਕ ਜਾਣਕਾਰੀ ਪਹੁੰਚਣੀ ਜ਼ਰੂਰੀ ਹੈ। ਇਹਦੇ ਲਈ ਸਿਆਸੀ ਪਾਰਟੀਆਂ ਅਤੇ ਨੇਤਾ ਆਪਣੇ ਢੰਗ ਨਾਲ ਯਤਨ ਕਰਦੇ ਹਨ ਪਰੰਤੂ ਟੈਲੀਵਿਜ਼ਨ ਚੈਨਲਾਂ ਨੂੰ ਆਪਣੀ ਢੰਗ ਨਾਲ ਵਿਉਂਤਬੰਦੀ ਕਰਨੀ ਚਾਹੀਦੀ ਹੈ। ਵਿਕਸਤ ਮੁਲਕਾਂ ਵਿਚ ਚੋਣ-ਮੁਹਿੰਮ ਇਸ ਤਰ੍ਹਾਂ ਚਲਾਈ ਜਾਂਦੀ ਹੈ ਕਿ ਹਰੇਕ ਪਾਰਟੀ, ਹਰੇਕ ਨੇਤਾ ਦਾ ਨਜ਼ਰੀਆ ਵੋਟਾਂ ਪੈਣ ਤੱਕ ਸਪਸ਼ਟ ਹੋ ਜਾਂਦਾ ਹੈ। ਸਾਡੇ ਇੱਥੇ ਨਿੱਜੀ ਵਿਰੋਧ, ਨਿੱਜੀ ਦੂਸ਼ਣਬਾਜ਼ੀ ਹਾਵੀ ਹੋ ਜਾਣ ਕਾਰਨ ਲੋਕ-ਮਸਲੇ ਅਤੇ ਸਮੱਸਿਆਵਾਂ ਹਾਸ਼ੀਏ @ਤੇ ਚਲੀਆਂ ਜਾਂਦੀਆਂ ਹਨ। ਜਦੋਂ ਤੱਕ ਵੋਟਾਂ ਦਾ ਦਿਨ ਆਉਂਦਾ ਹੈ, ਵੱਖ-ਵੱਖ ਵਰਗਾਂ ਨੂੰ ਤਰ੍ਹਾਂ-ਤਰ੍ਹਾਂ ਦੇ ਲਾਲਚ ਦੇ ਕੇ ਜੋੜ-ਤੋੜ ਕਰਨ ਦੀ ਹਰ ਕੋਸ਼ਿਸ਼ ਕੀਤੀ ਜਾਂਦੀ ਹੈ। ਉਦੋਂ ਤੱਕ ਬਹੁ-ਗਿਣਤੀ ਲੋਕ ਜਜ਼ਬਾਤੀ ਹੋ ਕੇ ਅਸਲ ਮੁੱਦੇ ਭੁੱਲ-ਭੁਲਾ ਜਾਂਦੇ ਹਨ।










# ਸੰਭਲਕੇ ਗੁਰਮੀਤ ਸਿਆਂ ਬਾਬਾ ਬਾਦਲ ਬੜਾ ਖਿਡਾਰੀ--ਲੰਬੀ ਤੋਂ ਚੋਣ ਲੜ ਰਹੇ ਸ: ਗੁਰਮੀਤ ਸਿੰਘ ਖੁੱਡੀਆਂ ਬਾਰੇ ਕੁੱਝ ਵਿਰਾਸਤੀ ਗੱਲਾਂ



ਮੰਗਲ ਚੱਠਾ
403-708-1596

ਖੁੱਡੀਆਂ ਪਰਿਵਾਰ ਮੁਕਤਸਰ ਵਿੱਚ ਸਾਦਗੀ ਤੇ ਇਮਾਨਦਾਰੀ ਦੀ ਮਿਸਾਲ ਹੈ। ਮੌਜੂਦਾ ਚੋਣਾਂ ਦੇ ਦਿਨਾਂ ਦੌਰਾਨ ਜਦੋਂ ਮੁਕਤਸਰ ਵਿੱਚ ਸਾਫ਼ ਸੁਥਰੇ ਲੀਡਰਾਂ ਦੀ ਗੱਲ ਚੱਲਦੀ ਹੈ ਤਾਂ ਭਾਈ ਗੁਰਮੀਤ ਸਿੰਘ ਖੁੱਡੀਆਂ ਦਾ ਨਾਂ ਸਭ ਤੋਂ ਮੂਹਰੇ ਆਉਂਦਾ ਹੈ । ਵੀਰ ਖੁੱਡੀਆਂ ਨੂੰ ਸਾਦਗੀ ਤੇ ਇਮਾਨਦਾਰੀ ਦੀ ਗੁੜ੍ਹਤੀ ਆਪਣੇ ਪਿਤਾ ਜਥੇਦਾਰ ਜਗਦੇਵ ਸਿੰਘ ਖੁੱਡੀਆਂ ਤੋਂ ਮਿਲੀ। ਜਥੇਦਾਰ ਖੁੱਡੀਆਂ 70ਵੇਂ ਤੇ 80 ਵੇਂ ਦਹਾਕੇ ਦੇ ਉਹ ਆਗੂ ਸਨ ਜਿਨ੍ਹਾਂ ਨੂੰ ਗਿਆਨੀ ਕਰਤਾਰ ਸਿੰਘ ਤੋਂ ਬਾਅਦ ਦਰਵੇਸ਼ ਸਿਆਸਤਦਾਨ ਦਾ ਖਿਤਾਬ ਮਿਲਿਆ। ਜਥੇਦਾਰ ਜਗਦੇਵ ਸਿੰਘ ਖੁੱਡੀਆਂ ਨੇ 1978 ਵਿੱਚ ਮੰਡੀਕਰਨ ਬੋਰਡ ਦੇ ਚੇਅਰਮੈਨ ਦੇ ਅਹੁਦੇ ਤੇ ਰਹਿੰਦਿਆਂ ਆਪਣੀ ਚਿੱਟੀ ਚਾਦਰ ਤੇ ਦਾਗ਼ ਨਹੀਂ ਲੱਗਣ ਦਿੱਤਾ, ਨਹੀਂ ਤਾਂ ਇਸ ਅਹੁਦੇ ਤੇ ਰਹਿੰਦਿਆਂ ਹਰੀਆਂ ਪੱਗਾਂ ਵਾਲਿਆਂ ਨੇ ਵੀ ਆਪਣੇ ਘਰ ਭਰ ਲਏ। ਜਥੇਦਾਰ ਖੁੱਡੀਆਂ ਵਿਚ ਤਿਆਗ ਦੀ ਭਾਵਨਾ ਏਨੀ ਸੀ ਕਿ ਉਨ੍ਹਾਂ ਨੂੰ 1977 ਵਿੱਚ ਅਕਾਲੀ ਦਲ ਵੱਲੋਂ ਟਿਕਟ ਮਿਲ ਗਈ । ਪਾਰਟੀ ਦੇ ਆਗੂ ਸਰਦਾਰ ਜਗਦੇਵ ਸਿੰਘ ਤਲਵੰਡੀ ਵੱਲੋਂ 20,000 ਰੁਪਏ ਦੇ ਕੇ ਪ੍ਰਚਾਰ ਵੀ ਸ਼ੁਰੂ ਕਰਵਾ ਦਿੱਤਾ, ਪਰ ਬਾਦਲ ਪਰਿਵਾਰ ਵੱਲੋਂ ਦੋਵੇਂ ਭਰਾ ਪਾਸ਼ ਤੇ ਦਾਸ ਹੋਰੀ ਜਥੇਦਾਰ ਖੁੱਡੀਆਂ ਦੇ ਘਰ ਆ ਕੇ ਬੇਨਤੀ ਕਰਨ ਲੱਗੇ ਕਿ ਜੇ ਤੁਸੀਂ ਲੰਬੀ ਤੋਂ ਚੋਣ ਲੜਦੇ ਹੋ ਤਾਂ ਸਾਡਾ ਪਰਿਵਾਰ ਫੁੱਟ ਦਾ ਸ਼ਿਕਾਰ ਹੁੰਦਾ ਹੈ ਤਾਂ ਫਿਰ ਅੱਗੋਂ ਜਥੇਦਾਰ ਖੁੱਡੀਆਂ ਨੇ ਆਖਿਆ ਬਾਦਲ ਸਾਹਿਬ ਜੇ ਤੁਹਾਡੇ ਪਰਿਵਾਰ ਵਿੱਚ ਫੁਟ ਪੈ ਗਈ ਤਾਂ ਫੇਰ ਮੇਰੇ ਚੋਣ ਲੜਣ ਦਾ ਕੀ ਫ਼ਾਇਦਾ । ਜਥੇਦਾਰ ਜਗਦੇਵ ਸਿੰਘ ਖੁੱਡੀਆਂ ਨੇ ਅਗਲੇ ਹੀ ਦਿਨ ਅਕਾਲੀ ਦਲ ਨੂੰ ਟਿਕਟ ਮੋੜ ਕੇ ਸਰਦਾਰ ਗੁਰਦਾਸ ਸਿੰਘ ਬਾਦਲ ਨੂੰ ਲੰਬੀ ਤੋਂ ਚੋਣ ਲੜਵਾ ਦਿੱਤੀ ਜਦੋਂ ਕਿ ਵੱਡੇ ਬਾਦਲ ਨੇ ਉਸ ਸਮੇਂ ਚੋਣ ਗਿੱਦੜਬਾਹਾ ਤੋਂ ਲੜੀ ਸੀ। ਖੁੱਡੀਆਂ ਪਰਿਵਾਰ ਦਾ ਦੋਆਬੇ ਦੇ ਵਡਾਲਾ ਪਰਿਵਾਰ ਨਾਲ ਕਾਫੀ ਕੁੱਝ ਮੇਲ ਖਾਂਦਾ ਹੈ। ਇਹ ਪਰਿਵਾਰ ਵੀ ਵਡਾਲਾ ਪਰਿਵਾਰ ਵਾਂਗ ਜਿੱਥੇ ਪਾਰਟੀ ਲਈ ਰੱਜ ਕੇ ਇਮਾਨਦਾਰ ਤੇ ਵਫ਼ਾਦਾਰ ਹੈ ਉੱਥੇ ਜੇ ਪਾਰਟੀ ਠੀਕ ਨਾ ਚੱਲੇ ਤਾਂ ਬਾਗੀ ਹੋਏ ਖੁੱਡੀਆਂ ਪਰਿਵਾਰ ਨੇ ਵੀ ਸਿਧਾਂਤ ਦੀ ਖ਼ਾਤਰ ਕੁਰਸੀ ਨੂੰ ਲੱਤ ਮਾਰੀ ਹੈ। ਪੰਜਾਬੀ ਸੂਬੇ ਦੇ ਮੋਰਚੇ ਸਮੇਂ ਜਥੇਦਾਰ ਜਗਦੇਵ ਸਿੰਘ ਖੁੱਡੀਆਂ 1955 ਵਿੱਚ ਪੁਲੀਸ ਦੀਆਂ ਨਜ਼ਰਾਂ ਵਿੱਚ ਬਾਗ਼ੀ ਹੋ ਗਏ ਸਨ ਇਸ ਲਈ ਖ਼ਾਲਸਾ ਕਾਲਜ ਅੰਮ੍ਰਿਤਸਰ ਪੜ੍ਹਦਿਆਂ ਜਥੇਦਾਰ ਖੁੱਡੀਆਂ ਨੂੰ ਬੀਏ ਦੀ ਪੜ੍ਹਾਈ ਵੀ ਵਿਚਕਾਰ ਹੀ ਛੱਡਣੀ ਪਈ ਸੀ। 80 ਵੇਂ ਦਹਾਕੇ ਦੇ ਅਖੀਰ ਵਿੱਚ ਜਥੇਦਾਰ ਜਗਦੇਵ ਸਿੰਘ ਖੁੱਡੀਆਂ ਮਾਨ ਦਲ ਵਿੱਚ ਸ਼ਾਮਲ ਹੋ ਗਏ ਤੇ ਨਵੰਬਰ 1989 ਵਿੱਚ ਫ਼ਰੀਦਕੋਟ ਤੋਂ ਐਮਪੀ ਦੀ ਚੋਣ ਦੋ ਵੱਡੇ ਮਹਾਰਥੀ ਪਰਿਵਾਰਾਂ ਦੇ ਵਿਰੁੱਧ ਲੜੀ। ਜਥੇਦਾਰ ਖੁੱਡੀਆਂ ਇਸ ਚੋਣ ਵਿਚ ਭਾਰੀ ਬਹੁਮਤ ਨਾਲ ਜੇਤੂ ਹੋ ਕੇ ਨਿਕਲੇ। ਐਮਪੀ ਬਣਨ ਤੋਂ ਦੋ ਕੁ ਮਹੀਨੇ ਬਾਅਦ ਹੀ ਜਥੇਦਾਰ ਜਗਦੇਵ ਸਿੰਘ ਖੁੱਡੀਆਂ ਦਾ ਕਤਲ ਹੋ ਗਿਆ। ਉਨ੍ਹਾਂ ਦੇ ਕਤਲ ਤੋਂ ਬਾਅਦ ਉਨ੍ਹਾਂ ਦੀ ਚਰਚਾ ਕਾਫੀ ਸਮਾਂ ਮੀਡੀਆ ਵਿੱਚ ਬਹੁਤ ਹੋਈ । ਇੱਕ ਇਹ ਖ਼ਬਰ ਵੀ ਛਪੀ ਕਿ ਉਨ੍ਹਾਂ ਨੂੰ ਅਖ਼ਬਾਰਾਂ ਪੜ੍ਹਨ ਅਤੇ ਸਾਂਭਣ ਦਾ ਬਹੁਤ ਸ਼ੌਕ ਸੀ। ਜਿਸ ਤੋਂ ਪ੍ਰਭਾਵਿਤ ਹੁੰਦਿਆਂ ਦਾਸ ਨੂੰ ਵੀ ਇਹ ਖ਼ਬਰ ਪੜ੍ਹ ਕੇ ਅਖ਼ਬਾਰਾਂ ਸਾਂਬਣ ਦੀ ਚੇਟਕ ਲੱਗੀ ਜੋ ਅੱਜ ਤੱਕ 30 ਸਾਲ ਤੋਂ ਸਾਂਭੀਆਂ ਪਈਆਂ ਹਨ। ਇਨ੍ਹਾਂ ਅਖ਼ਬਾਰਾਂ ਕਰਕੇ ਹੀ ਮੈਂ ਕਈ ਕਵੀਸ਼ਰੀਆਂ ਲਿਖੀਆਂ ਜੋ ਕਾਫ਼ੀ ਚਰਚਾ ਵਿੱਚ ਆਈਆਂ । ਮੈਂ ਸਮਝਦਾਂ ਮੇਰੀਆਂ ਹਿੱਟ ਹੋਈਆਂ ਕਵੀਸ਼ਰੀਆਂ ਪਿੱਛੇ ਸਰਦਾਰ ਜਗਦੇਵ ਸਿੰਘ ਖੁੱਡੀਆਂ ਦਾ ਬਹੁਤ ਵੱਡਾ ਹੱਥ ਹੈ।



ਸਵ. ਦਰਵੇਸ਼ ਸਿਆਸਤਦਾਨ ਜਥੇਦਾਰ ਜਗਦੇਵ ਸਿੰਘ ਖੁੱਡੀਆਂ 1989 ਦੀ ਚੋਣ ਦੌਰਾਨ ਲੋਕਾ ਵੱਲੋਂ ਸਨਮਾਨਿਤ ਹੁੰਦੇ ਹੋਏ।




ਇਸ ਵਾਰ 20 ਫਰਬਰੀ 2022 ਦੀਆਂ ਵਿਧਾਂਨ ਸਭਾ ਚੋਣਾਂ ਦੌਰਾਨ ਜਥੇਦਾਰ ਜਗਦੇਵ ਸਿੰਘ ਖੁੱਡੀਆਂ ਦੇ ਵੱਡੇ ਸਪੁੱਤਰ ਸਰਦਾਰ ਗੁਰਮੀਤ ਸਿੰਘ ਖੁੱਡੀਆਂ ਲੰਬੀ ਤੋਂ ਕਿਸਮਤ ਅਜ਼ਮਾ ਰਹੇ ਹਨ। ਉਨ੍ਹਾਂ ਦੀ ਆਪਣੇ ਪਿਤਾ ਵਾਂਗ ਟੱਕਰ ਦੋ ਵੱਡੇ ਪਰਿਵਾਰਾਂ ਨਾਲ ਹੈ । ਉਂਝ ਸਥਿੱਤੀ ਬਿਲਕੁਲ 1989 ਵਾਲੀ ਬਣੀ ਹੋਈ ਹੈ । ਇਸ ਵਾਰ ਸ: ਗੁਰਮੀਤ ਸਿੰਘ ਖੁੱਡੀਆਂ ਚੋਣ ਆਮ ਆਦਮੀ ਪਾਰਟੀ ਵੱਲੋਂ ਲੜ ਰਹੇ ਹਨ ਜੇ ਕਿਤੇ ਬਾਈ ਖੁੱਡੀਆਂ ਆਪ ਵੱਲੋਂ ਚੋਣ ਲੜਨ ਦਾ ਬੀੜਾ 2017 ਵਿੱਚ ਚੁੱਕਦੇ ਤਾਂ ਗੱਲ ਕੁੱਝ ਹੋਰ ਹੀ ਹੋਣੀ ਸੀ ਪਰ ਫਿਰ ਵੀ ਇਲਾਕੇ ਦੇ ਬਹੁਤੇ ਲੋਕ ਭਾਵੇਂ ਉਨ੍ਹਾਂ ਦੇ ਆਮ ਆਦਮੀ ਪਾਰਟੀ ਨਾਲ ਮੱਤਭੇਦ ਹੋਣਗੇ ਪਰ ਉਹ ਬਾਈ ਖੁੱਡੀਆਂ ਦੀ ਸਾਦਗੀ ਤੇ ਇਮਾਨਦਾਰੀ ਕਾਰਣ ਉਹਨਾਂ ਨਾਲ ਤੁਰੇ ਹੋਏ ਹਨ । ਦਲ ਬਦਲੀ ਦੀ ਗੱਲ ਕਰੀਏ ਤਾਂ ਭਾਵੇਂ ਗੁਰਮੀਤ ਸਿੰਘ ਖੁੱਡੀਆਂ ਨੇ ਤੀਜੀ ਪਾਰਟੀ ਬਦਲ ਦਿੱਤੀ ਹੈ ਪਰ ਉਨ੍ਹਾਂ ਨੇ ਆਪਣੇ ਪਿਤਾ ਦੀ ਚਿੱਟੀ ਚਾਦਰ ਤੇ ਦਾਗ਼ ਨਹੀਂ ਲੱਗਣ ਦਿੱਤਾ। ਸਰਦਾਰ ਗੁਰਮੀਤ ਸਿੰਘ ਖੁੱਡੀਆਂ ਨੇ ਆਪਣੇ ਪਿਤਾ ਨੂੰ ਮਿਲੇ ਦਰਵੇਸ਼ ਸਿਆਸਤਦਾਨ ਦੇ ਖਿਤਾਬ ਤੇ ਪਹਿਰਾ ਦੇਣ ਦੀ ਕੋਸ਼ਿਸ਼ ਕੀਤੀ ਹੈ ਤੇ ਉਹੀ ਸੰਸਕਾਰ ਉਹ ਆਪਣੇ ਬੱਚਿਆਂ ਅਮੀਤ ਸਿੰਘ ਤੇ ਸੁਮੀਤ ਸਿੰਘ ਨੂੰ ਦੇ ਰਹੇ ਹਨ । ਬੀਰ ਖੁੱਡੀਆਂ ਵਿੱਚ ਸਾਦਗੀ ਇੰਨੀ ਹੈ ਕਿ ਉਨ੍ਹਾਂ ਦੇ ਛੋਟੇ ਭਰਾ ਸਰਦਾਰ ਹਰਮੀਤ ਸਿੰਘ ਖੁੱਡੀਆਂ ਕੈਨੇਡਾ ਤੋਂ ਕੋਠੀ ਬਣਾ ਕੇ ਦੇ ਆਏ ਪਰ ਗੁਰਮੀਤ ਸਿੰਘ ਉਸ ਵਿੱਚ ਤਿੰਨ ਚਾਰ ਸਾਲ ਮੂਵ ਹੀ ਨਹੀਂ ਹੋਏ,ਉਹ ਆਪਣੇ ਪਿਤਾ ਵੱਲੋਂ ਬਣਾਏ ਪ੍ਰਾਇਮਰੀ ਸਕੂਲ ਵਰਗੇ ਘਰ ਵਿੱਚ ਰਹਿਣਾ ਹੀ ਪਸੰਦ ਕਰਦੇ ਹਨ । ਬੀਰ ਗੁਰਮੀਤ ਸਿੰਘ ਵਿੱਚ ਆਪਣੇ ਪਿਤਾ ਵਾਲੇ ਗੁਣ ਕੁੱਟ ਕੁੱਟ ਕੇ ਭਰੇ ਹੋਏ ਹਨ ਤੇ ਉਹ ਆਪਣੇ ਪਿਤਾ ਵਾਂਗ ਇਤਿਹਾਸ ਮੁੜ ਦੁਹਰਾ ਰਹੇ ਹਨ ਜਿਵੇਂ ਇਨ੍ਹਾਂ ਦੇ ਪਿਤਾ ਨੇ ਬੀ ਏ ਦੀ ਪੜ੍ਹਾਈ ਬਾਗੀ ਹੋਣ ਕਾਰਨ ਵਿੱਚ ਛੱਡਣੀ ਪਈ ਸੀ ਇਸੇ ਤਰ੍ਹਾਂ ਗੁਰਮੀਤ ਸਿੰਘ ਨੂੰ ਵੀ ਕਬੀਲਦਾਰੀ ਤੇ ਪਿਤਾ ਦੀ ਸਿਆਸਤ ਕਾਰਨ ਬੀ ਏ ਦੀ ਪੜ੍ਹਾਈ ਵਿੱਚੇ ਛੱਡਣੀ ਪਈ। ਜਿਵੇਂ ਜਥੇਦਾਰ ਜੀ ਨੇ ਪ੍ਰਚਾਰ ਸ਼ੁਰੂ ਕਰਕੇ 1977 ਵਿੱਚ ਸੀਟ ਬਾਦਲਾਂ ਨੂੰ ਛੱਡੀ ਇਵੇਂ ਹੀ ਗੁਰਮੀਤ ਸਿੰਘ ਖੁੱਡੀਆਂ ਨੇ 2017 ਵਿੱਚ ਜਦੋਂ ਪੇਪਰ ਭਰਨ ਵਿੱਚ ਸਿਰਫ਼ ਤਿੰਨ ਦਿਨ ਬਾਕੀ ਰਹਿ ਗਏ ਸਨ ਤਾਂ ਕੈਪਟਨ ਅਮਰਇੰਦਰ ਸਿੰਘ ਦੇ ਇੱਕ ਫੋਨ ਤੇ ਸੀਟ ਛੱਡ ਦਿੱਤੀ । ਕੈਪਟਨ ਦੇ ਮੁੱਖ ਮੰਤਰੀ ਬਣਨ ਤੋਂ ਬਾਅਦ ਵਿੱਚ ਸਰਦਾਰ ਗੁਰਮੀਤ ਸਿੰਘ ਖੁੱਡੀਆਂ ਦੇ ਹਮਾਇਤੀਆਂ ਨੂੰ ਪੂਰੀ ਉਮੀਦ ਸੀ ਕਿ ਰਾਜਾ ਅਮਰਇੰਦਰ ਸਿੰਘ,ਸਰਦਾਰ ਖੁੱਡੀਆਂ ਦੇ ਪਿਤਾ ਵਾਲਾ ਅਹੁਦਾ ਉਨ੍ਹਾਂ ਨੂੰ ਜ਼ਰੂਰ ਦੇਣਗੇ । ਪਰ ਕੈਪਟਨ ਸਾਹਿਬ ਨੇ ਮੁੱਖ ਮੰਤਰੀ ਬਣਨ ਤੋਂ ਬਾਅਦ ਤਾਰਾਂ ਕਿਤੇ ਹੋਰ ਹੀ ਜੋੜ ਲਈਆਂ । ਸਰਦਾਰ ਗੁਰਮੀਤ ਸਿੰਘ ਨੂੰ ਆਪਣੇ ਪਿਤਾ ਵਾਂਗ ਕਿਸੇ ਅਹੁਦੇ ਦੀ ਭੁੱਖ ਨਹੀਂ ਸੀ ਕਿ ਉਹ ਕੋਈ ਅਹੁਦਾ ਮੰਗ ਲੈਂਦੇ । ਇਸ ਚੋਣ ਵਿੱਚ ਵੀਰ ਖੁੱਡੀਆਂ ਆਪਣੇ ਪਿਤਾ ਵਾਲਾ ਇਤਿਹਾਸ ਦੁਹਰਾ ਰਹੇ ਹਨ। ਬਿਲਕੁਲ ਟਾਕਰਾ ਉਨ੍ਹਾਂ ਹੀ ਪਰਿਵਾਰਾਂ ਅਤੇ ਪਾਰਟੀਆਂ ਨਾਲ ਹੈ। ਫ਼ਰਕ ਇੰਨਾ ਹੈ ਕਿ ਪਿਤਾ ਮੌਕੇ ਚੋਣ ਪਾਰਲੀਮੈਂਟਰੀ ਦੀ ਸੀ ਤੇ ਮਾਨ ਦਲ ਵੱਲੋਂ ਲੜੀ ਸੀ ਤੇ ਹੁਣ ਪੁੱਤਰ ਵਿਧਾਨ ਸਭਾ ਦੀ ਆਪ ਵੱਲੋਂ ਲੜ ਰਿਹਾ ਹੈ। 1989 ਵਿੱਚ ਲੰਬੀ ਤੋਂ ਇਸ ਪਰਿਵਾਰ ਦਾ ਪਹਿਲਾ ਨੰਬਰ ਸੀ ਤੇ ਟੱਕਰ ਇਸ ਵਾਰ ਵੀ ਫਸਵੀ ਬਣੀ ਹੋਈ ਹੈ। ਇਸ ਇਲਾਕੇ ਦੀ ਬਹੁਤ ਵੱਡਾ ਸਿਆਸੀ ਪ੍ਰਭਾਵ ਰੱਖਣ ਵਾਲੀ ਹਸਤੀ ਸ: ਮਹੇਸਇੰਦਰ ਸਿੰਘ ਬਾਦਲ ਵੀ ਗੁਰਮੀਤ ਖੁਡੀਆਂ ਦੀ ਸੱਜੀ ਬਾ੍ਹ ਬਣਕੇ ਨਾਲ ਖੜੋਤਾ ਹੈ ।ਵੈਸੇ ਇਸ ਇਲਾਕੇ ਵਿੱਚ ਸ: ਮਹੇਸਇੰਦਰ ਸਿੰਘ ਬਾਦਲ ਅਤੇ ਸ: ਗੁਰਮੀਤ ਸਿੰਘ ਖੁਡੀਆਂ ਨੂੰ ਇਹਨਾਂ ਦੀ ਦੋਸਤੀ ਗੂਹੜੀ ਹੋਣ ਕਾਰਣ ਹੰਸਾਂ ਦੇ ਜੋੜੇ ਵੱਜੋਂ ਜਾਣਿਆਂ ਜਾਂਦਾ ਹੈ । ਅਜਿਹੇ ਹਾਲਾਤਾਂ ਵਿੱਚ ਜੇਤੂ ਪੌਣਾਂ ਸ: ਗੁਰਮੀਤ ਸਿੰਘ ਖੁਡੀਆਂ ਦੇ ਵਿਹੜੇ ਰੁਮਕਦੀਆਂ ਮਹਿਸੂਸ ਹੁੰਦੀਆਂ ਹਨ। ਸਾਡੀ ਪੰਥਕ ਪਾਰਟੀ ਸਰੋਮਣੀ ਅਕਾਲੀ ਦਲ ਦੀ ਪਤਾ ਨਹੀਂ ਕੀ ਮਜਬੂਰੀ ਸੀ ਕਿ ਇਹੋ ਜਿਹੇ ਸਾਫ਼ ਸੁਥਰੇ ਅਕਸ਼ ਵਾਲੇ ਪਰਿਵਾਰਾਂ ਨੂੰ ਪਾਰਟੀ ਤੋਂ ਦੂਰ ਰੱਖਿਆ। ਇਹੋ ਜਿਹੇ ਪਰਿਵਾਰਾਂ ਨੂੰ ਲਾਂਭੇ ਕਰਨ ਦਾ ਨਤੀਜਾ ਇਹ ਹੋਇਆ ਕਿ ਅੱਜ ਪੰਜਾਬ ਦੀਆਂ ਲਗਪਗ ਸਾਰੀਆਂ ਹੀ ਪਾਰਟੀਆਂ ਦੀਆਂ ਤਾਰਾਂ ਦਿੱਲੀ ਨਾਲ ਜੁੜੀਆਂ ਹੋਈਆਂ ਹਨ, ਨਹੀਂ ਤਾਂ ਅਸੀਂ ਕਿਹੜਾ ਕਿਸੇ ਤੋਂ ਘੱਟ ਸੀ। ਆਪਾਂ ਨਿੱਤ ਗੁਰੂਘਰਾਂ ਵਿੱਚ ਅਰਦਾਸ ਕਰਦੇ ਹਾਂ ਕਿ ਸਾਡਾ ਮਨ ਨੀਵਾਂ ਮੱਤ ਉੱਚੀ ਪਰ ਅੱਜ ਸਾਨੂੰ ਮੱਤ ਕੋਈ ਹੋਰ ਦੇ ਰਿਹਾ ਹੈ । ਪਰਮਾਤਮਾ ਸਾਡੇ ਆਗੂਆਂ ਨੂੰ ਸੁਮੱਤ ਬਖ਼ਸ਼ੇ । ਜੇ ਕਿਤੇ ਅਕਾਲੀ ਦਲ ਦੀ ਵਾਗਡੋਰ ਇਹੋ ਜਿਹੇ ਇਮਾਨਦਾਰ ਪਰਿਵਾਰਾਂ ਦੇ ਹੱਥ ਹੋਵੇ ਤਾਂ ਫਿਰ ਸਾਡੇ ਬਜ਼ੁਰਗਾਂ ਵੱਲੋਂ ਅਨੇਕਾਂ ਹੀ ਕੁਰਬਾਨੀਆਂ ਦੇ ਕੇ 1920 ਵਿੱਚ ਬਣਾਏ ਸ਼੍ਰੋਮਣੀ ਅਕਾਲੀ ਦਲ ਦੀ ਹੋਂਦ ਖਤਰੇ ਵਿੱਚ ਨਾ ਪਵੇ। ਆਖਿਰ ਵਿੱਚ ਵੀਰ ਖੁੱਡੀਆਂ ਨੂੰ ਸਫਲਤਾ ਦੀ ਕਾਮਨਾ ਕਰਦਾ ਹੋਇਆ ਸੁਚੇਤ ਵੀ ਕਰਦਾ ਹਾਂ ਕਿ: ਸੰਭਲਕੇ ਗੁਰਮੀਤ ਸਿਆਂ ਬਾਬਾ ਬਾਦਲ ਬੜਾ ਖਿਡਾਰੀ।






ਹੰਸਾਂ ਦਾ ਜੋੜਾ।

# ਕਿਸਾਨ ਅੰਦੋਲਨ ਪਿੱਛੋਂ ਖੇਤੀ ਮੁੜ ਬੋਹੜ ਥੱਲੇ

ਰਾਣਾ ਸੈਦੋਵਾਲ
9855463377

ਕਿਸਾਨੀ ਬਿੱਲਾਂ ਦੇ ਵਿਰੋਧ ਵਿੱਚ ਇਕੱਤਰ ਹੋਏ ਪੰਜਾਬ ਸਮੇਤ ਨੇੜਲੇ ਸੂਬਿਆਂ ਦਾ ਲੋਕ ਅੰਦੋਲਨ ਨਾਲ ਜੁੜਨ ਕਰਕੇ ਆਪਸੀ ਪਿਆਰ ਦੇ ਨਾਲ ਨਾਲ ਆਪਣੇ ਬੁਨਿਆਦੀ ਹੱਕਾਂ ਲਈ ਜਾਗਰੂਕ ਹੋਣ ਦੀ ਆਸ ਵੀ ਵੱਡੀ ਪੱਧਰ ਤੇ ਬੱਝੀ ਸੀ। ਲੋਕਾਂ ਖਾਸ ਕਰਕੇ ਪੰਜਾਬ, ਹਰਿਆਣਾ ਤੇ ਉੱਤਰ ਪ੍ਰਦੇਸ਼ ਨੇ ਸਿਆਸੀ ਪਾਰਟੀਆਂ ਕੋਲੋਂ ਸੁਆਲ ਪੁੱਛਣ ਦੀ ਜੁਰਅਤ ਹੀ ਨਹੀਂ ਵਿਖਾਈ ਸਗੋਂ ਸਿਆਸੀ ਲੋਕਾਂ ਦਾ ਘਰਾਂ ਵਿਚੋਂ ਨਿਕਲਣਾ ਵੀ ਬੰਦ ਕਰ ਦਿੱਤਾ ਸੀ।ਸਿਆਸੀ ਪਾਰਟੀਆਂ ਨੂੰ ਆਪਣੇ ਰੱਖੇ ਪ੍ਰੋਗਰਾਮ ਬੰਦ ਕਰਨੇ ਪਏ ਸਨ ਭਾਜਪਾ ਲੀਡਰਾਂ ਨੂੰ ਵੱਡੀ ਬੇਇਜਤੀ ਦਾ ਸਾਹਮਣਾ ਵੀ ਕਰਨਾ ਪਿਆ ਸੀ।ਅਕਾਲੀ ਦਲ ਜੋ ਸ਼ੁਰੂਆਤੀ ਦੌਰ ਵਿੱਚ ਬਿੱਲਾਂ ਦਾ ਸਮਰਥਨ ਕਰਦਾ ਸੀ ਲੋਕ ਵਿਰੋਧਤਾ ਕਰਕੇ ਝੰਬਿਆ ਗਿਆ । ਜਿਸ ਕਰਕੇ ਆਖਰ ਗੱਠਜੋੜ ਤੋੜਨ ਦਾ ਐਲਾਨ ਕਰਕੇ ਵੀ ਤਿੱਖੇ ਸੁਆਲਾਂ ਦੇ ਹਮਲੇ ਤੋਂ ਨਹੀ ਸੀ ਬਚ ਸਕਿਆ । ਉਸ ਸਮੇਂ ਲੋਕਾਂ ਦਾ ਝੁਕਾਅ,ਭਰੋਸਾ ਕਿਸਾਨ ਲੀਡਰਾਂ ਵਿੱਚ ਬੱਝ ਗਿਆ ਹੋਣ ਕਰਕੇ ਅਫਸਰਸ਼ਾਹੀ ਸਮੇਤ ਹਰ ਮਹਿਕਮੇ ਦਾ ਕਰਮਚਾਰੀ ਜਿਥੇ ਕਿਸਾਨੀ ਬਿਲਾਂ ਦੇ ਵਿਰੋਧ ਵਿੱਚ ਡਟੇ ਕਿਸਾਨਾਂ ਨਾਲ ਅੰਦਰ ਖਾਤੇ ਕਿਤੇ ਨਾ ਕਿਤੇ ਜੁੜਿਆ ਵੀ ਸੀ ਅਤੇ ਆਮ ਪਬਲਿਕ ਦੇ ਕੰਮ ਵੀ ਪਹਿਲ ਦੇ ਅਧਾਰ ਤੇ ਬਿਨਾਂ ਸਿਆਸੀ ਸਿਫਾਰਸ਼ ਦੇ ਹੋਣ ਲੱਗ ਪਏ ਸਨ।

ਇਹ ਵੀ ਇੱਕ ਕਿਸਮ ਦੇ ਇੰਨਕਲਾਬ ਦਾ ਹੜ੍ਹ ਈ ਆ ਗਿਆ ਸੀ।ਪਿੰਡਾਂ ਦੀਆਂ ਸੱਥਾਂ ਵਿੱਚ ਸਰਕਾਰਾਂ ਦੀਆਂ ਘਟੀਆ ਨੀਤੀਆਂ ਖਿਲਾਫ ਚਰਚੇ ਹੋਣ ਲੱਗ ਪਏ ਸਨ। ਇਥੋਂ ਤੱਕ ਕਿ ਘਰਾਂ ਦੀਆਂ ਸੁਆਣੀਆਂ ਵੀ ਹੁਣ ਸਰਸਰੀ ਗੱਲਬਾਤ ਵਿੱਚ ਸਰਕਾਰੀ ਲੋਕ ਮਾਰੂ ਨੀਤੀਆਂ, ਕਾਰਪੋਰੇਟ ਘਰਾਣਿਆਂ ਖਾਸ ਕਰਕੇ ਅੰਬਾਨੀਆਂ ਤੇ ਅਡਾਨੀਆਂ ਨੂੰ ਭੰਡਦੀਆਂ ਆਮ ਸੁਣੀਆਂ ਜਾਂਦੀਆਂ ਸਨ।ਨੌਜਵਾਨੀ ਵਿੱਚ ਅੰਤਾਂ ਦਾ ਜੋਸ਼ ਭਰ ਆਇਆ ਸੀ।ਜਿਹੜੇ ਲੋਕ ਕਦੇ ਖੇਤ ਤੋਂ ਘਰ ਤੇ ਘਰ ਤੋਂ ਖੇਤ ਤੋਂ ਬਿਨਾਂ ਕਿਸੇ ਕੰਮ ਵਿੱਚ ਦਿਲਚਸਪੀ ਨਹੀਂ ਸਨ ਰਖਦੇ ਅੱਜ ਲੈਕਚਰਾਰ ਅਧਿਆਪਕਾਂ ਵਾਂਗ ਲੀਡਰਾਂ ਖਿਲਾਫ ਭਾਸ਼ਣ ਕਰਦੇ ਆਮ ਦੇਖੇ ਗਏ ਸਨ।ਲੋਕ ਛੋਟੀਆਂ ਛੋਟੀਆਂ ਰੰਜਸ਼ਾਂ ਵਿਚੋਂ ਆਪ ਮੁਹਾਰੇ ਬਾਹਰ ਆ ਗਏ ਸਨ।ਕਿਸਾਨ ਇਸ ਲੜਾਈ ਨੂੰ ਮਜਬੂਤ ਕਰਨ ਲਈ ਇੱਕ ਦੂਸਰੇ ਦੇ ਕੰਮ ਵਿੱਚ ਹੱਥ ਵਟਾਉਂਦੇ ਫਸਲ ਬੀਜਣ, ਵੱਡਣ, ਰੇਹਾਂ,ਸਪਰੇਅ ਕਰਨ ਕਰਾਉਣ ਲਈ ਬਿਨਾਂ ਕਹਿਣ ਤੋਂ ਆਣ ਖੜਦੇ। ਸਾਕ ਸਕੀਰੀਆਂ ਵਿੱਚ ਮਿਲਦਿਆਂ ਇਕੋ ਟੌਪਕ ਤੇ ਗੱਲ ਚੱਲਦੀ ਕਿ ਪੰਜਾਬ ਹੁਣ ਜਾਗ ਚੁੱਕਾ ਹੈ ਬਾਬੇ ਨਾਨਕ ਦਾ ਵਰਤਾਰਾ ਵਰਤਿਆ ਹੈ, ਅੱਲ੍ਹਾ ਨੇ ਕਰਮ ਕੀਤਾ ਹੈ, ਭਗਵਾਨ ਦੀ ਕਿਰਪਾ ਹੋਈ ਐ। ਗੈਂਗ ਵਾਰਾਂ ਥੰਮੀਆਂ ਗਈਆਂ ਸਨ, ਵੱਟਾਂ ਬੰਨਿਆਂ ਦੇ ਝੰਜਟ ਮਿੱਟ ਚੁੱਕੇ ਸੀ, ਥਾਣਿਆਂ ਵਿੱਚ ਪਿੰਡਾਂ ਤੋਂ ਸ਼ਕਾਇਤਾਂ ਨਹੀਂ ਸਨ ਜਾਂਦੀਆਂ ਪੁਲਿਸ ਨੇ ਪਹਿਲੀ ਵਾਰ ਅਰਾਮ ਮਹਿਸੂਸ ਕਰਿਆ ਸੀ, ਰੂੜੀ ਮਾਰਕਾ ਫਿਰ ਮਹਿਕਣ ਲੱਗੀ ਸੀ।ਸਮਾਜਿਕ ਵਖਰੇਵੇਂ ਚੂਰ ਹੋ ਚੁੱਕੇ ਸਨ। ਇੱਕ ਕਿਸਮ ਦਾ ਸਤਿਯੁਗ ਦਾ ਵਰਤਾਰਾ ਵਰਤਦਾ ਹਰ ਪਿੰਡ ਨੂੰ ਨਸੀਬ ਹੋਇਆ ਸੀ ਤੇ ਇੰਝ ਜਾਪਣ ਲੱਗ ਗਿਆ ਸੀ ਕਿ ਕਦੇ ਵੀ ਹੁਣ ਸਿਆਸੀ ਪਾਰਟੀਆਂ ਤੇ ਧਾਰਮਿਕ ਕੱਟੜਤਾ ਪੰਜਾਬ ਦੇ ਪਿੰਡੇ ਨੂੰ ਦੁਬਾਰਾ ਵਲੂੰਧਰ ਨਹੀਂ ਸਕਦੀਆਂ।

ਸੱਭੇ ਸਾਂਝੀਵਾਲ ਦਾ ਵਰਤਾਰਾ ਓਦੋਂ ਤੱਕ ਵਰਤਿਆ ਜਦੋਂ ਤੱਕ ਬਿਲ ਰੱਦ ਨਹੀਂ ਹੋਏ । ਢੋਲ ਢਮੱਕਿਆਂ ਨਾਲ ਪਿੰਡ ਕੀ ਪਹੁੰਚੇ ਦੁਬਾਰਾ ਉਨ੍ਹਾਂ ਅਲਾਮਤਾਂ ਨੇ ਪਨਪਣਾ ਸ਼ੁਰੂ ਕਰ ਦਿੱਤਾ ।ਪੰਜਾਬ ਸਮੇਤ ਪੰਜਾਂ ਸੂਬਿਆਂ ਦੀਆਂ ਅਸੈਂਬਲੀ ਚੋਣਾਂ ਦੇ ਐਲਾਨ ਨੇ ਇੱਕ ਸਾਲ ਤੋਂ ਵੱਧ ਲੜੇ ਸੰਘਰਸ਼ ਤੇ ਸਾਢੇ ਸੱਤ ਸੌ ਸ਼ਹਾਦਤਾਂ ਵਿਚੋਂ ਨਿਕਲੇ ਇਨਕਲਾਬ ਦਾ ਕਿਲ੍ਹਾ ਢੇਹ ਢੇਰੀ ਕਰ ਦਿੱਤਾ। ਲੋਕ ਆਪੋ ਆਪਣੇ ਕਿੱਲਿਆਂ ਨਾਲ ਦੁਬਾਰਾ ਬਝਣੇ ਸ਼ੁਰੂ ਹੋ ਗਏ। ਜਿਹੜੇ ਸਵਾਲ ਅਤੇ ਚੇਤੰਨਤਾ ਸੰਘਰਸ਼ ਨੇ ਮਨਾ ਵਿੱਚ ਉਕਰੇ ਸਨ, ਜੁਬਾਨ ਤੇ ਚੜੇ ਸਨ ਬੇਸ਼ਰਮੀ ਦੇ ਥੁੱਕ ਦੀ ਲਵ ਨਾਲ ਦੁਬਾਰਾ ਨਿਗਲ ਲਏ ਗਏ।ਪੰਜਾਬ ਦੇ ਪਾਣੀਆਂ ਦਾ ਮੁੱਦਾ, ਬੇਰੁਜ਼ਗਾਰੀ, ਸਿਹਤ ਸਹੂਲਤਾਂ, ਵਿਦਿਅਕ ਢਾਂਚਾ,ਪਰਵਾਸ ਅਤੇ ਖੇਤੀ ਸਕੀਮਾਂ ਵਿੱਚ ਸੁਧਾਰ ਦੇ ਮੁੱਦੇ ਸਿਆਸੀ ਲੀਡਰਾਂ ਦੇ ਚਾਹ ਦੇ ਪਿਆਲੇ ਨਾਲ ਹਜਮ ਕਰ ਲਏ ਗਏ।ਨਸ਼ਿਆਂ ਤੇ ਬੇਅਦਬੀ ਦੇ ਸਵਾਲਾਂ ਨੂੰ ਸਿਆਸੀ ਲੀਡਰਾਂ ਦੇ ਦਲ ਬਦਲੀ ਦੇ ਰੌਲ਼ੇ ਨੇ ਪੋਚ ਕੇ ਰੱਖ ਦਿੱਤਾ ਤੇ ਪਿੰਡਾਂ ਦੀਆਂ ਸੱਥਾਂ ਵਿੱਚ ਘੜੱਮ ਚੌਧਰੀਆਂ ਦੀਆਂ ਮੋਮੋਠੰਗਣੀਆਂ ਨੇ ਲੋਕ ਜਿਹਨ ਵਿੱਚ ਹੱਕਾਂ ਲਈ ਉੱਠੇ ਸਵਾਲਾਂ ਨੂੰ ਚਿੱਤ ਕਰ ਦਿੱਤਾ । ਹੁਣ ਲੋਕ ਖੇਤਾਂ ਦੀ ਰਾਖੀ ਨਹੀਂ ਚਹੇਤਾ ਪਾਰਟੀ ਦੇ ਲੀਡਰ ਦੀ ਵੋਟ ਬੈਂਕ ਲਈ ਜਿਆਦਾ ਚਿੰਤਤ ਨਜਰ ਆਉਂਦੇ ਹਨ।ਸਤਯੁਗ ਨੂੰ ਪਲਟ ਕੇ ਕਲਯੁਗ ਹੁਕਮਰਾਨਾ ਬਣ ਗਿਆ ਹੈ।ਧੜਿਆਂ ਦੇ ਪਾੜੇ ਵਧਣ ਲੱਗੇ ਹਨ ।ਉਹੀ ਕਿਸਾਨ ਜਾਂ ਹਮਾਇਤੀ ਕਾਂਗਰਸੀ, ਅਕਾਲੀ ਜਾਂ ਭਾਜਪਾਈ, ਬਣਕੇ ਫਕਰ ਮਹਿਸੂਸ ਕਰਦਾ ਹੈ ਜੋ ਕੁੱਝ ਕੁ ਸਮਾਂ ਪਹਿਲਾਂ ਲਾਹਨਤਾਂ ਪਾਉਂਦਾ ਨਹੀਂ ਸੀ ਥੱਕਦਾ। ਸੱਥਾਂ ਵਿੱਚ ਖੁੰਢ ਚਰਚੇ ਬਦਲ ਗਏ ਹਨ।ਕਿ ਫਲਾਣੇ ਲੀਡਰ ਨੂੰ ਟਿਕਟ ਨਾ ਮਿਲਣ ਤੇ ਪਾਰਟੀ ਬਦਲ ਕੇ ਟਿਕਟ ਲੈਣ ਦੀਆਂ ਗੱਲਾਂ ਚੱਲਣ ਲੱਗੀਆਂ ਹਨ।ਅੱਜ ਕਾਂਗਰਸ ਨੂੰ ਝਟਕਾ ਤੇ ਕੱਲ ਅਕਾਲੀ ਦਲ ਨੂੰ ਝਟਕਾ ਦੀਆਂ ਸੁਰਖੀਆਂ ਸੱਥਾਂ ਵਿੱਚ ਪੜੀਆਂ ਜਾਣ ਲੱਗੀਆਂ ਹਨ। ਉਹ ਲੋਕ ਜੋ ਸੰਘਰਸ਼ ਵੇਲੇ ਟਾਹਰਾਂ ਮਾਰਦੇ ਨਹੀਂ ਸਨ ਥੱਕਦੇ ਅੱਜ ਭਿੱਜੀ ਬਿੱਲੀ ਵਾਂਗ ਡਰੇ ਹੋਏ ਫਿਰ ਉਹਨਾਂ ਘੁਰਨਿਆਂ ਵਿੱਚ ਜਾ ਵੜੇ ਹਨ ਤੇ ਕੁਝ ਲਾਲਚ ਵੱਸ ਕਰਕੇ ਧੱਕ ਲੈ ਗਏ ਹਨ । ਸਾਹੋ ਸਾਹੀ ਹੋਈ ਆਪਣਿਆਂ ਦੋਸ਼ਾ ਨੂੰ ਲੁਕਾਉਣ ਲਈ ਖੇਤੀ ਫਿਰ ਬੋਹੜ ਥੱਲੇ ਆ ਖੜੋਤੀ ਹੈ।ਗੁਰਬਾਣੀ ਦਾ ਫੁਰਮਾਨ ਕੋਈ ਹਰਿਆ ਬੂਟ ਰਹਿਓ ਰੀ÷ਵਿਰਲੇ ਲੋਕ ਬਚੇ ਹਨ ਜੋ ਸਿਸਟਮ ਨੂੰ ਸਮਝਦੇ ਹਨ ਕਿ ਕੱਲ ਇਨ੍ਹਾਂ ਲੂੰਤੀਆਂ ਖਿਲਾਫ ਧਰਨੇ ਮਾਰਨੇ ਪੈਣਗੇ ਜਦੋਂ ਕੋਲ਼ੇ ਦੀ ਘਾਟ ਦਾ ਬਹਾਨਾ ਲਾ ਕੇ ਬਿਜਲੀ ਦੀ ਸਪਲਾਈ ਕੱਟੀ ਜਾਵੇਗੀ ਖੇਤੀ ਜਰਨੇਟਰਾਂ ਨਾਲ ਫੂਕਿਆ ਡੀਜਲ ਅੱਜ ਦੇ ਚੌੜ ਕਰਨ ਨਾਲੋਂ ਮਹਿੰਗਾ ਲੱਗੇਗਾ।ਚੜਾਵੇ ਬਗੈਰ ਕੋਈ ਵੀ ਕੰਮ ਨਾ ਹੋਣ ਦੀ ਸ਼ਕਾਇਤ ਫਿਰ ਉਠੇਗੀ, ਝੂਠੇ ਪਰਚੇ ਪੁਲਿਸ ਨੂੰ ਕਮਾਈ ਕਰਾਉਣਗੇ ਅਤੇ ਆਮ ਬੰਦੇ ਦਾ ਜਿਉਣਾ ਹਰਾਮ ਕੀਤਾ ਜਾਵੇਗਾ।ਅੱਜ ਦੀ ਕੀਤੀ ਨਲਾਇਕੀ ਲਈ ਨਮੋਸ਼ੀ ਤੇ ਪੁਛਤਾਵਾ ਵਧੇਗਾ ।। ਉਹ ਪੰਜਾਬ ਜੋ ਖੇਤੀ ਕਨੂੰਨਾਂ ਦੀ ਲੜਾਈ ਸਮੇਂ ਦੇਸ਼ ਦਾ ਝੰਡਾ ਬਰਦਾਰ ਤੇ ਸਿਆਸੀ ਵਲਗਣਾਂ ਵਿਚੋਂ ਨਿਕਲਿਆ ਇਨਕਲਾਬੀ ਯੋਧਾ ਅਖਵਾਉਂਦਾ ਸੀ। ਪਿੰਜਰੇ ਦਾ ਸ਼ੇਰ ਨਹੀਂ ਤੋਤਾ ਬਣਿਆ ਨਜ਼ਰ ਆਉਂਦਾ ਹੈ। ਅੱਜ ਟਾਹਰਾਂ ਮਾਰਨ ਵਾਲੇ ਲੋਕ ਲੀਡਰਾਂ ਦੇ ਗਰੇਵਾਲ(ਚੰਮਚੇ) ਬਣੇ ਭਵਿੱਖ ਦੇ ਦੋਸ਼ੀ ਸਾਬਤ ਹੋਣਗੇ। ਦਿੱਲੀ ਧਰਨੇ ਸਮੇਂ ਮੀਡੀਆ ਦੇ ਕੈਮਰੇ ਸਾਹਵੇਂ ਆਕੜ ਆਕੜ ਕੇ ਸਿਆਸੀ ਪਾਰਟੀਆਂ ਦੇ ਲੀਡਰਾਂ ਨੂੰ ਖਰੀਆਂ ਖਰੀਆਂ ਸੁਣਾਉਣ ਵਾਲੇ ਅੱਜ ਓਸੇ ਕਿਸਤੀ ਵਿੱਚ ਬਹਿਣ ਕਰਕੇ ਜਲਾਲਤ ਨਾਲ ਦਿਨ ਕੱਟ ਸਕਦੇ ਹਨ ਫਕਰ ਨਾਲ ਜੀਅ ਨਹੀਂ ਸਕਦੇ। ਉਸ ਸਮੇਂ ਭਾਵੇਂ ਹਰ ਸਿਆਸੀ ਪਾਰਟੀ ਦਾ ਵਿਰੋਧ ਸੀ ਕਿਉਂਕਿ ਰਾਜ ਕਰਤਾ ਲੋਕਾਂ ਨੇ ਹੀ ਸੋਨੇ ਦੀ ਚਿੜੀ ਦੇ ਨਾਮ ਨਾਲ ਜਾਣੇ ਜਾਂਦੇ ਪੰਜਾਬ ਨੂੰ ਭਿਖਾਰੀ ਬਣਨ ਤੱਕ ਲੁਟਿਆ ਹੈ।ਖਾਸ ਕਰਕੇ ਕੇਂਦਰ ਦੀ ਭਾਜਪਾ ਸਰਕਾਰ ਪ੍ਰਤੀ ਗੁੱਸਾ ਵਧੇਰੇ ਪ੍ਰਚੰਡ ਸੀ ਉਹ ਭਾਜਪਾ ਜੋ ਪਹਿਲਾਂ 20 ਕੁ ਸੀਟਾਂ ਉਹ ਵੀ ਬਾਦਲ ਪਰਿਵਾਰ ਦੀ ਮਿਹਰਬਾਨੀ ਤੇ ਮਕਾਰੀ ਕਰਕੇ ਲੜਦੀ ਸੀ ਅੱਜ ਪੈਂਹਟ ਸੀਟਾਂ ਤੱਕ ਆ ਪਹੁੰਚੀ ਹੈ।ਮੁੱਖ ਮੰਤਰੀ ਦੀ ਕੁਰਸੀ ਤੋਂ ਜਲੀਲ ਕਰਕੇ ਲਾਹਿਆ ਕੈਪਟਨ ਅਮਰਿੰਦਰ ਸਿੰਘ ਪਿਓ ਦਾਦਿਆਂ ਦੇ ਗਦਾਰ ਖੂਨ ਤੇ ਦੁਬਾਰਾ ਮੋਹਰ ਲਾ ਕੇ ਸ਼ਾਹ, ਮੋਦੀ ਨਾਲ ਯਾਰੀ ਪੁਗਦੀ ਕਰਕੇ ,ਮਕਾਰ ਢੀਂਡਸੇ ਦੀ ਸਹਾਇਤਾ ਨਾਲ ਪੰਜਾਬ ਵਿੱਚ ਭਾਜਪਾ ਦੇ ਬੁਝੇ ਦੀਵੇ ਵਿੱਚ ਤੇਲ ਪਾਉਂਦਾ ਅਤੇ ਪੰਜਾਬ ਦੀ ਪਿੱਠ ਵਿੱਚ ਛੁਰਾ ਮਾਰਨ ਲਈ ਹਲ਼ਕਿਆ ਫਿਰਦਾ ਹੈ। ਕਿਸੇ ਵੀ ਸਿਆਸੀ ਪਾਰਟੀ ਦੇ ਅਜੰਡੇ ਉੱਤੇ ਜਹਿਰ ਬਣੇ ਤੇ ਮੁਕਦੇ ਜਾਂਦੇ ਪਾਣੀਆਂ ਦੀ ਗੱਲ ਨਹੀਂ ਪੰਜਾਬ ਦੀ ਧਰਤ ਹੇਠਲਾ ਪਾਣੀ ਤਿੰਨ ਪਤਣਾ ਦਾ ਕੇਵਲ17 ਸਾਲ ਯੋਗਾ ਹੀ ਬਚਿਆ ਹੈ ਕੀ ਏਨਾ ਨੇੜੇ ਅੰਤ ਦੇਖ ਕੇ ਵੀ ਇਨ੍ਹਾਂ ਦੀ ਡੁਬਦੀ ਕਿਸ਼ਤੀ ਵਿੱਚ ਸਵਾਰ ਹੋ ਜਾਵਾਂਗੇ ? ਗੁਰੂਆਂ ਦੇ ਨਾਮ ਤੇ ਵਸਦੇ ਪੰਜਾਬ ਨੂੰ ਕਿਸ ਅਲੌਕਿਕ ਸ਼ਕਤੀ ਦਾ ਭਰਮ ਭੁਲੇਖਾ ਹੈ।ਹੱਥਾਂ ਨਾਲ ਦਿੱਤੀਆਂ ਗੰਢਾਂ ਦੰਦਾਂ ਨਾਲ ਵੀ ਨਹੀਂ ਖੁਲਣੀਆਂ ਕਰੋ ਸੋ ਭਰੋ ਕੁਦਰਤੀ ਨਿਯਮ ਹੈ। ਸੁਕਰਾਤ ਨੂੰ ਮੌਤ ਦੇ ਘਾਟ ਉਤਾਰਨ ਨਾਲ ਸਚਾਈ ਨੇ ਮਰਨਾ ਨਹੀਂ। ਗਲੇਲੀਓ ਨੂੰ ਝੁਠਲਾਇਆ ਨਹੀਂ ਜਾ ਸਕਦਾ ਸੱਚ ਆਖਰ ਸੱਚ ਹੈ ਕਿ ਪੰਜਾਬ ਨੂੰ ਉਜਾੜਨ ਵਿੱਚ ਸਾਡਾ ਹੀ ਹੱਥ ਹੈ।ਮਤਦਾਨ ਦਾ ਆਪਣੀ ਮੱਤ ਨਾਲ ਦਾਨ ਕਰੀਏ ਨਾ ਕਿ ਲਾਲਚ, ਡਰਾਵੇ ਜਾਂ ਮੋਹ ਨਾਲ।

ਪੰਜਾਬ ਤੋਂ ਪੰਜਾਬੀ ਸਟਾਈਲ ਦੇ ਸੂਟ
ਵਿਆਹ ਭਾਂਵੇ ਕਨੇਡਾ ਹੋਵੇ ਜਾਂ ਪੰਜਾਬ ਜਾਕੇ ਕਰਨਾ ਐ !
ਬਠਿੰਡਾ ਨੇਹਚਲ ਸਟੂਡਿਓ ਤਾਂ ਵਿਆਹ ਵਿੱਚ ਸ਼ਾਮਿਲ ਜਰੂਰ ਹੋਵੇਗਾ ਕਿਉਂਕਿ ਉਹੋ ਜਿਹੇ ਸੂਟ ਤੁਹਾਨੂੰ ਹੋਰ ਕਿਤੋਂ ਮਿਲ ਈ ਨਹੀਂ ਸਕਦੇ
Nehchhal Vogue Studio
Bathinda (PB)
ਰੇਟ ਤੁਹਾਡੀ ਜੇਬ ਦੇ ਹਾਣੀ ਹੋਣਗੇ
Hand- Machine Embroidery,
Indian Bridal Lehnga's, Tailoring,
(Hand, Block, Screen Painting), Sarees.....
Enjoy The Boutique Designer Attires
But Not At Boutique Price
73407 84137
ਆਨ ਲਾਈਨ ਆਰਡਰ ਅਤੇ ਹਵਾ ਦੇ ਬੁੱਲਿਆਂ ਵਾਂਗ ਡਲਿਵਰੀ ਤੁਹਾਡੇ ਘਰ ਹੁੰਦੀ ਹੈ



ਜੇ ਕੌਸਕੋ ਸਟੋਰ ਵਿੱਚੋਂ ਦੁੱਧ ਵਾਲੀਆਂ ਕੈਨੀਆਂ, ਪੈਪਸੀ, ਕੋਕ, ਜੂਸ, ਲਿਕਰ ਲੈਣ ਚੱਲੇ ਹੋ ਤਾਂ
ਪਹਿਲਾਂ ਘਰ ਪਈਆਂ ਖਾਲੀ ਕੈਨੀਆਂ ਅਤੇ ਜੂਸ ਵਾਲੇ ਡੱਬੇ ਵੀ ਗੱਡੀ ਵਿੱਚ ਰੱਖ ਲਓ
ਕਿਉਂਕਿ ਬੋਤਲ ਡਿਪੂ ਹੁਣ ਕੈਲਗਰੀ ਵਿੱਚ ਸਟੋਨੀ ਟਰੇਲ ਤੋਂ
17 ਐਵਨਿਊ ਚੈਸਟਰਮੀਅਰ ਵੱਲ ਨਿਕਲਦਿਆਂ ਹੀ
ਕੌਸਕੋ ਸਟੋਰ ਦੇ ਬਿਲਕੁੱਲ ਸਾਹਮਣੇ ਹੀ ਖੁੱਲ ਗਿਆ।
ਇਹਨਾਂ ਨੂੰ ਸੁਪਰਵਾਈਜ਼ਰ/ਬੋਤਲ ਸੌਰਟਰ
ਵਰਕਰਾਂ ਦੀ ਵੀ ਲੋੜ ਹੈ
ਪੰਜਾਬੀ ਬੋਲਣ ਵਾਲਾ ਸਟਾਫ
East Hill Bottle Depot Ltd.
Call: 403 975 0128
55 East Hill Blvd (Front of new Costco at 17 ave SE.) Calgary(AB)



NEW WAVE OPTICAL
#7-200-52nd Street NE Calgary, AB T2A-4K8
PH: 403-290-0307 FAX: 403-290-0306
Email: newwaveoptical@yahoo.com
All Type of Frames!
"Online" prices in store!
Unbeatable Price!
Complete Eyewear, Contact lenses and Sunglasses!
For more info call:
Sandeep Pandher
MANAGER
at 403-999-2500



# ਅਣਖੀ ਮੈਟੀਆਂ ਨੇ ਆਹੂ ਲਾਹਤੇ ਫ਼ਿਰੰਗੀਆਂ ਦੇ



ਜਗਦੇਵ ਸਿੱਧੂ ਕੈਲਗਰੀ
403 351 1136

ਕਿੱਡੀ ਹੈਰਾਨੀ ਦੀ ਗੱਲ ਹੈ ਕਿ ਛੋਟੇ ਜਿਹੇ ਬਰਤਾਨੀਆਂ ਦੀ ਇੱਕ ਪ੍ਰਾਈਵੇਟ ਕੰਪਨੀ ਵਪਾਰ ਕਰਨ ਆਈ ਤੇ ਕੈਨੇਡਾ ਦੇ 78 ਲੱਖ ਵਰਗ ਕਿਲੋਮੀਟਰ ਉਪਰ ਪੂਰੇ 200 ਸਾਲ ਤੱਕ ( 1670 ਤੋਂ 1870 ) ਮਨਮਾਨੀਆਂ ਕਰ ਕੇ ਰਾਜ ਕਰਦੀ ਰਹੀ। ਉਸ ਸਮੇਂ ਫਿਰੰਗੀਆਂ ਦੀ ਈਸਟ ਇੰਡੀਆ ਕੰਪਨੀ ਨੇ ਭਾਰਤ ਅੰਦਰ ਵੀ ਇਵੇਂ ਹੀ ਕੀਤਾ ਅਤੇ ਅਫ਼ਰੀਕਾ ਕੰਪਨੀ ਨੇ ਅਫ਼ਰੀਕਾ ਅੰਦਰ। ਏਸੇ ਨੂੰ ਕਹਿੰਦੇ ਨੇ ਅੱਗ ਲੈਣ ਆਈ ਘਰ ਵਾਲੀ ਬਣ ਬੈਠੀ। ਕੈਨੇਡਾ ਅੰਦਰ ਪਹਿਲਾਂ ਹਡਜ਼ਨਜ਼ ਬੇਅ ਕੰਪਨੀ ਤੇ ਕੁਛ ਚਿਰ ਬਾਦ ਨਾਰਥ ਵੈਸਟ ਕੰਪਨੀ ਨੇ ਪੈਰ ਜਮਾਏ ਪਰ ਮਗਰੋਂ ਜਾ ਕੇ ਦੋਵਾਂ ਦਾ ਰਲੇਵਾਂ ਹੋ ਗਿਆ ਤੇ ਹਡਜ਼ਨਜ਼ ਬੇਅ ਕੰਪਨੀ ਦੇ ਨਾਂ ਹੇਠ ਇਸ ਵਿਸ਼ਾਲ ਇਲਾਕੇ ਅੰਦਰ ਏਕਾਧਿਕਾਰ ਸਥਾਪਤ ਕਰ ਲਿਆ। ਕੰਪਨੀ ਨੇ ਦੂਰ ਦੂਰ ਤੱਕ, ਹਡਜ਼ਨ ਬੇਅ ਤੋਂ ਲੈ ਕੇ ਵਿਕਟੋਰੀਆ, ਪੈਸਿਫਿਕ ਤਟ ਤੱਕ ਅਨੇਕਾਂ ਵਪਾਰ ਕੇਂਦਰ ਤੇ ਕਿਲੇ ( ਪੋਸਟ ਤੇ ਫੋਰਟ ) ਬਣਾ ਲਏ। ਇਨ੍ਹਾਂ ਵਿੱਚੋਂ ਇੱਕ ਬਹੁਤ ਹੀ ਮਹੱਤਵ ਪੂਰਨ ਕੇਂਦਰ ਰੈੱਡ ਰਿਵਰ ਅਤੇ ਅਸਿਨੀਬੋਇਨ ਰਿਵਰ ਦੇ ਸੰਗਮ ਉਪਰ ਫੋਰਟ ਜਿਬਰਾਲਟਰ ( ਮਗਰੋਂ ਫੋਰਟ ਗੈਰੀ ਪਰ ਅੱਜ ਕੱਲ੍ਹ ਵਿੱਨੀਪੈੱਗ ) ਸੀ। ਹਥਲਾ ਵਾਕਿਆ ਕੰਪਨੀਆਂ ਦੇ ਰਲੇਵੇਂ ਤੋਂ ਪਹਿਲਾਂ ਦਾ ਹੈ ਜਦੋਂ ਦੋਵੇਂ ਕੰਪਨੀਆਂ ਦਾ ਆਪਸ ਵਿਚ ਦੁਸ਼ਮਣੀ ਤੱਕ ਦਾ ਗਹਿ ਗੱਚ ਮੁਕਾਬਲਾ ਸੀ। ਉਸ ਸਮੇਂ ਰੈੱਡ ਰਿਵਰ ਕਾਲੋਨੀ ਵਿੱਚ ਕਾਫ਼ੀ ਗਿਣਤੀ ਵਿਚ ਬੇਰੜੇ, ਜਾਣੀ ਮੇਟੀ, ਦੂਜੇ ਮੂਲ ਨਿਵਾਸੀ ਅਤੇ ਯੂਰਪੀਨ ਆਬਾਦਕਾਰ ਸਨ। ਇਹ ਲੋਕ ਬੀਵਰ ਅਤੇ ਬਾਈਜ਼ਨ ( ਜੰਗਲੀ ਮੱਝਾਂ ) ਦਾ ਸ਼ਿਕਾਰ ਕਰ ਕੇ ਇਨ੍ਹਾਂ ਦੀਆਂ ਜੱਤਾਂ, ਖੱਲਾਂ, ਹੱਡੀਆਂ ਅਤੇ ਪੈਮੀਕਾਨ ਨਾਰਥ ਵੈਸਟ ਕੰਪਨੀ ਨੂੰ ਵੇਚ ਕੇ ਉਸ ਤੋਂ ਬੰਦੂਕਾਂ, ਗੋਲਾ ਬਾਰੂਦ, ਚਾਕੂ, ਕੱਪੜੇ, ਭਾਂਡੇ ਤੇ ਹੋਰ ਜ਼ਰੂਰੀ ਵਸਤਾਂ ਵਟਾਰੇ ਵਜੋਂ ਲੈਂਦੇ ਸਨ। ਬੀਵਰ ਅਤੇ ਬਾਈਜ਼ਨ ( ਜੰਗਲੀ ਮੱਝਾਂ ) ਦਾ ਸ਼ਿਕਾਰ ਕਰ ਕੇ ਇਨ੍ਹਾਂ ਦੀਆਂ ਜੱਤਾਂ, ਖੱਲਾਂ, ਹੱਡੀਆਂ ਅਤੇ ਪੈਮੀਕਾਨ ਨਾਰਥ ਵੈਸਟ ਕੰਪਨੀ ਨੂੰ ਵੇਚ ਕੇ ਉਸ ਤੋਂ ਬੰਦੂਕਾਂ, ਗੋਲਾ ਬਾਰੂਦ, ਚਾਕੂ, ਕੱਪੜੇ, ਭਾਂਡੇ ਤੇ ਹੋਰ ਜ਼ਰੂਰੀ ਵਸਤਾਂ ਵਟਾਰੇ ਵਜੋਂ ਲੈਂਦੇ ਸਨ। ਪੈਮੀਕਨ ਬਾਈਜ਼ਨ ਦੇ ਮੀਟ ਨੂੰ ਸੁਕਾ ਕੇ, ਕੁੱਟ ਕੇ, ਵਿਚ ਚਰਬੀ ਤੇ ਬੈਰੀਆਂ ਮਿਲਾ ਕੇ ਬਣਾਇਆ ਜਾਂਦਾ ਸੀ ਜਿਸ ਨੂੰ ਖੱਲ ਦੀਆਂ ਪੋਟਲੀਆਂ ਵਿਚ ਪਾਕੇ ਦੂਰ ਦੂਰ ਤੱਕ ਭੇਜਿਆ ਜਾਂਦਾ ਸੀ ਇਹ ਲੰਮੀਆਂ ਬਰਫੀਲੀਆਂ ਸਰਦੀਆਂ ਵਿਚ ਖਾਣ ਲਈ ਵਧੀਆ ਪੌਸ਼ਟਿਕ ਖ਼ੁਰਾਕ ਸੀ।

ਅਗਸਤ, 1812 ਵਿਚ ਹਡਜ਼ਨਜ਼ ਬੇਅ ਕੰਪਨੀ ਦਾ ਨਵਾਂ ਗਵਰਨਰ, ਮਾਈਲਜ਼ ਮੈਕਡਾਨਲ ਰੈੱਡ ਰਿਵਰ ਵਿਖੇ ਆਇਆ। ਉਸ ਨੇ ਬਿਨਾ ਕਿਸੇ ਅਧਿਕਾਰ ਤੋਂ ਹੁਕਮ ਚਾੜ੍ਹਿਆ ਕਿ ਪੈਮੀਕਨ ਸਿਰਫ਼ ਯੂਰਪੀ ਆਬਾਦਕਾਰਾਂ ਨੂੰ ਦਿੱਤਾ ਜਾਵੇ, ਮੈਟੀ ਘੋੜਿਆਂ ਤੇ ਸਵਾਰ ਹੋ ਕੇ ਬਾਈਜ਼ਨ ਦਾ ਸ਼ਿਕਾਰ ਨਾ ਕਰਨ। 8 ਜਨਵਰੀ, 1814 ਨੂੰ ਪੈਮੀਕਨ ਕਾਲੋਨੀ ਤੋਂ ਬਾਹਰ ਭੇਜਣ ਤੇ ਸਾਲ ਲਈ ਪਾਬੰਦੀ ਆਇਦ ਕਰ ਦਿੱਤੀ। ਨਾਰਥ ਵੈਸਟ ਕੰਪਨੀ ਨੂੰ ਮਾਲ ਵੇਚਣ ਵਾਲੇ ਮੈਟੀਆਂ ਨੂੰ ਗ੍ਰਿਫ਼ਤਾਰ ਕਰਨ ਦਾ ਹੁਕਮ ਦਿੱਤਾ। ਮੀਟ, ਪੈਮੀਕਨ, ਅਨਾਜ, ਸਬਜ਼ੀਆਂ ਜਾਂ ਹੋਰ ਵਸਤਾਂ ਕਾਲੋਨੀ ਤੋਂ ਬਾਹਰ ਲਿਜਾਣ ਦੀ ਮਨਾਹੀ ਕਰ ਦਿੱਤੀ। ਅਕਤੂਬਰ ਮਹੀਨੇ ਦੂਜੀ ਕੰਪਨੀ ਦੀਆਂ ਚੌਕੀਆਂ ਦੇ ਵਾਸ਼ਿੰਦਿਆਂ ਨੂੰ ਛੇ ਮਹਿਨਿਆਂ ਅੰਦਰ ਜਗਾਹ ਖਾਲੀ ਕਰਨ ਦਾ ਹੁਕਮ ਦੇ ਦਿੱਤਾ। ਮੈਟੀਆਂ ਨੇ ਇਨ੍ਹਾਂ ਸਾਰੇ ਅਪਹੁਦਰੇ ਹੁਕਮਾਂ ਦੀ ਅਣਦੇਖੀ ਕਰ ਕੇ ਮਜ਼ਾਕ ਉਡਾਇਆ। ਉਹ ਤਾਂ ਆਜ਼ਾਦ ਜੰਮੇ ਸਨ ਤੇ ਕਿਸੇ ਦੇ ਮਨਮਾਨੇ ਵਿਹਾਰ ਨੂੰ ਟਿੱਚ ਕਰ ਕੇ ਜਾਣਦੇ ਸਨ। ਉਨ੍ਹਾਂ ਅਣਖੀ ਯੋਧਿਆਂ ਲਈ ਇਹ ਫੁਰਮਾਨ ਜੰਗ ਦਾ ਐਲਾਨ ਸਨ।




ਮੈਟੀਆਂ ਨੇ ਕਥਬਰਟ ਗਰਾਂਟ ਨਾਂ ਦੇ ਸਕਾਟ-ਕਰੀ ਮੈਟੀ ਨੂੰ ਆਪਣਾ ਸੈਨਿਕ ਆਗੂ ਚੁਣ ਲਿਆ। ਨਾਰਥ-ਵੈਸਟ ਕੰਪਨੀ ਦੇ ਫੋਰਟ ਟਰੈਂਬਲਾਂ, ਸਸਕੈਚਵਨ ਵਿਖੇ ਸਕਾਟ ਪਿਤਾ ਅਤੇ ਕਰੀ ਮਾਂ ਦੇ ਜਨਮਿਆਂ ਗਰਾਂਟ ਛੇ ਸਾਲ ਦੀ ਉਮਰ ਵਿਚ ਯਤੀਮ ਹੋ ਗਿਆ ਸੀ। ਉਹ 19 ਸਾਲ ਦੀ ਉਮਰ ਵਿਚ 1812 ਵਿਚ ਇਸ ਕੰਪਨੀ ਵਿਚ ਆ ਗਿਆ ਸੀ। ਉਸ ਦੀ ਭੈਣ ਇਸ ਕੰਪਨੀ ਦੇ ਇੱਕ ਅਫਸਰ ਨੂੰ ਵਿਆਹੀ ਹੋਈ ਸੀ। ਉਸ ਦੀ ਸ਼ਾਦੀ ਵੀ ਬੇਰੜੀ ਧੀ ਐਲਿਜ਼ਬਥ ਮੈਕੇਅ ਨਾਲ ਹੋਈ ਜਿਸ ਦਾ ਭਰਾ ਹਡਜ਼ਨਜ਼ ਬੇਅ ਕੰਪਨੀ ਦੇ ਬਰੈਂਡਨ ਹਾਊਸ ਦਾ ਇੰਚਾਰਜ ਸੀ। ਕਲਰਕ ਵਜੋਂ ਕੰਮ ਕਰਦਾ ਗਰਾਂਟ ਮੈਟੀਆਂ ਦੇ ਮੁੱਢਲੇ ਦੇਸ਼ਭਗਤਾਂ ਦਰਮਿਆਨ ਆਗੂ ਹੋ ਕੇ ਉਭਰਿਆ। ਉਸ ਨੇ ਆਪਣੇ ਇਲਾਕੇ ਦੇ ਮੈਟੀਆਂ ਨੂੰ ਪ੍ਰੇਰਨਾ ਦੇ ਕੇ ਜੱਤ-ਵਪਾਰੀਆਂ ਅਤੇ ਦੂਜੇ ਮੂਲਨਿਵਾਸੀਆਂ ਤੋਂ ਵਿਲੱਖਣ ਸਭਿਆਚਾਰਕ ਪਛਾਣ ਦਿਵਾਈ। ਮਗਰੋਂ ਦੇ ਧਾਕੜ ਗਵਰਨਰ ਜਾਰਜ ਸਿੰਪਸਨ ਨੇ 1828 (ਰਲੇਵੇਂ ਤੋਂ ਬਾਦ ) ਵਿਚ ਗਰਾਂਟ ਨੂੰ ਮੈਦਾਨਾਂ ਦਾ ਵਾਰਡਨ ( ਵਾਰਡਨ ਆਫ ਦ ਪਲੇਨਜ਼ ) ਬਣਾਇਆ। ਪੈਮੀਕਨ ਜੰਗ ਦੇ ਦੌਰ ਵਿਚ ਹੋਈਆਂ ਕਈ ਜ਼ਿਕਰਯੋਗ ਝੜਪਾਂ ਅਤੇ ਧਾਵਿਆਂ ਸਮੇਂ ਉਸ ਦੀ ਅਗਵਾਈ ਕਰਨ ਦੀ ਯੋਗਤਾ ਤੇ ਦਲੇਰੀ ਚਮਕੀ। ਮੈਟੀ ਲੋਕ ਯੂਰਪੀ ਆਬਾਦਕਾਰਾਂ ਨੂੰ ਆਪਣੀ ਜੱਦੀ-ਪੁਰਖੀ ਜ਼ਮੀਨ ਤੋਂ ਖਦੇੜਨ ਲਈ ਉਨ੍ਹਾਂ ਤੇ ਅਚਾਨਕ ਛਾਪੇ ਮਾਰਦੇ, ਵਾਗਲੇ ਤੋੜ ਦਿੰਦੇ, ਗਊਆਂ ਭੇਡਾਂ ਖਿੰਡਾ ਦਿੰਦੇ, ਖੇਤਾਂ ਵਿਚ ਫਸਲਾਂ ਨੂੰ ਲਤਾੜ ਜਾਂ ਜਲਾ ਦਿੰਦੇ ਤੇ ਰਾਤ ਨੂੰ ਉਨ੍ਹਾਂ ਦੇ ਟਿਕਾਣਿਆਂ ਮੂਹਰੇ ਰਫ਼ਲ ਦੇ ਫ਼ਾਇਰ ਕਰਦੇ। ਗਵਰਨਰ ਦੇ ਹੁਕਮਾਂ ਦੀਆਂ ਧੱਜੀਆਂ ਉਡਾਉਂਦੇ ਹੋਏ ਘੁੜ-ਸਵਾਰ ਹੋ ਕੇ ਬਾਈਜ਼ਨ ਦਾ ਸ਼ਰੇਆਮ ਸ਼ਿਕਾਰ ਕਰਦੇ। ਉਹ ਕੰਪਨੀ ਦੀਆਂ ਚੌਕੀਆਂ ਅਤੇ ਆਬਾਦਕਾਰਾਂ ਦੇ ਖੇਤਾਂ ਵਿੱਚੋਂ ਜੱਤ ਤੇ ਹੋਰ ਸਾਜ਼ੋ-ਸਾਮਾਨ ਚੋਰੀ ਕਰਦੇ ਤੇ ਜ਼ਬਤ ਕਰ ਲੈਂਦੇ।

1815 ਦੀਆਂ ਗਰਮੀਆਂ ਵਿਚ ਨਾਰਵੈਸਟਰਾਂ ( ਨਾਰਥ ਵੈਸਟ ਕੰਪਨੀ ਵਾਲੇ ) ਅਤੇ ਮੈਟੀਆਂ ਨੇ ਫੋਰਟ ਡਗਲਸ ਤੇ ਹਮਲਾ ਕਰ ਕੇ ਇਸ ਨੂੰ ਮਿੱਲ, ਰਸੋਈ, ਲੋਹਾਰੇ ਕਾਰਖਾਨੇ ਅਤੇ ਤਬੇਲਿਆਂ ਸਮੇਤ ਜਲਾ ਕੇ ਤਬਾਹ ਕਰ ਦਿੱਤਾ। ਸੈਲਕਿਰਕ ਦੁਆਰਾ ਸਕਾਟਲੈਂਡ ਤੋਂ ਲਿਆਂਦੇ 150 ਆਬਾਦਕਾਰਾਂ ਨੂੰ ਸਣੇ ਹੰਕਾਰੀ ਮੈਕਡਾਨਲ ਦੇ ਕੈਦੀ ਬਣਾ ਲਿਆ। ਰਹਿੰਦੇ ਆਬਾਦਕਾਰ ਡਰ ਕੇ ਕਣਕ, ਜੌਂ ਤੇ ਆਲੂਆਂ ਦੇ ਖੇਤ ਛੱਡ ਕੇ ਲੇਕ ਵਿੱਨੀਪੈੱਗ ਤੋਂ ਉੱਤਰ ਵੱਲ ਚਾਲੇ ਪਾ ਗਏ। ਅਗਲੇ ਸਾਲ ਬਦਲੇ ਦੀ ਕਾਰਵਾਈ ਵਜੋਂ ਅਸਿਨੀਬੋਇਆ ਅਤੇ ਰੂਪਰਟਸ ਲੈਂਡ ਦੇ ਨਵੇਂ ਗਵਰਨਰ ਰਾਬਰਟ ਸੈਂਪਲ ਨੇ ਨਾਰਥ ਵੈਸਟ ਕੰਪਨੀ ਦੇ ਫੋਰਟ ਜਿਬਰਾਲਟਰ ਨੂੰ ਕਬਜ਼ੇ ਵਿਚ ਲੈ ਕੇ ਤਬਾਹ ਕਰ ਦਿੱਤਾ। ਗਰਾਂਟ ਨੇ ਗੁੱਸੇ ਵਿਚ ਆ ਕੇ ਉਸੇ ਸਾਲ ਮੈਟੀਆਂ ਨੂੰ ਨਾਲ ਲੈ ਕੇ ਬਰੈਂਡਨ ਹਾਊਸ ਨੂੰ ਲੁੱਟਿਆ, 29000 ਪੌਂਡ ਪੈਮੀਕਨ ਕਬਜ਼ੇ ਵਿਚ ਲਿਆ ਅਤੇ ਅਸਮਾਨੀ ਰੰਗ ਵਿਚਲੇ ਆਠੇ ਦੀ ਸ਼ਕਲ ਵਾਲਾ ਨਵਾਂ ਮੈਟੀ ਪਰਚਮ ਲਹਿਰਾ ਦਿੱਤਾ।

19 ਜੂਨ, 1816 ਵਾਲੇ ਦਿਨ ਗਰਾਂਟ ਸਣੇ 60 ਮੈਟੀ ਤੇ ਮੂਲਨਿਵਾਸੀ ਸਾਥੀ ਪੈਮੀਕਨ ਗੱਡਿਆਂ ਤੇ ਲੱਦ ਕੇ ਨਾਰਥ ਵੈਸਟ ਕੰਪਨੀ ਦੇ ਕੈਨੋਅ ਬ੍ਰਿਗੇਡ ਨੂੰ ਦੇਣ ਵਾਸਤੇ ਲੇਕ ਵਿੱਨੀਪੈੱਗ ਵੱਲ ਜਾ ਰਹੇ ਸਨ। ਉਹ ਦੂਜੀ ਕੰਪਨੀ ਦੇ ਹਥਿਆਰਬੰਦ ਦਸਤਿਆਂ ਤੋਂ ਬਚਦੇ ਹੋਏ ਜਾ ਰਹੇ ਸਨ ਜਦੋਂ ਉਨ੍ਹਾਂ ਦਾ ਸਾਹਮਣਾ ਸੇਂਪਲ ਅਤੇ ਉਸ ਦੇ 28 ਬੰਦਿਆਂ ਨਾਲ ਹੋ ਗਿਆ। ਦੋਵੇਂ ਟੋਲੇ ਸੈਵਨ ਓਕਸ ਨਾਂ ਦੇ ਦਰਖਤਾਂ ਨਾਲ ਘਿਰੇ ਚੋਅ ਦੇ ਨੇੜੇ ਇੱਕ ਦੂਜੇ ਵੱਲ ਵਧੇ। ਗਰਾਂਟ ਨੇ ਸਾਥੀਆਂ ਨੂੰ ਦਰਖਤਾਂ ਦੇ ਝੁੰਡ ਕੋਲ ਅਰਧ ਚੱਕਰ ( ਸੈਮੀ ਸਰਕਲ ) ਬਣਾ ਕੇ ਤਾਇਨਾਤ ਕੀਤਾ। ਦੋਵੇਂ ਧਿਰਾਂ ਚੋਅ ਦੇ ਬੰਨਿਆਂ ਤੇ ਆਹਮੋ-ਸਾਹਮਣੇ ਘੂਰਨ ਲੱਗੀਆਂ। ਗਰਾਂਟ ਨੇ ਬਾਉਚਰ ਨੂੰ ਗੱਲਬਾਤ ਕਰਨ ਲਈ ਅਗਾਂਹ ਕੀਤਾ ਤੇ ਆਪਣੀ ਬੰਦੂਕ ਅਗਾਂਹ ਵਧ ਰਹੇ ਸੇਂਪਲ ਦੀ ਸੇਧ ਵਿਚ ਤਾਣ ਲਈ। ਬਾਉਚਰ ਸੇਂਪਲ ਨੂੰ ਮੰਦਾ ਬੋਲ ਕੇ ਉਸ ਦੀ ਬੇਇੱਜ਼ਤੀ ਕਰਦਾ ਰਿਹਾ। ਸੇਂਪਲ ਗੁੱਸੇ ਤੋਂ ਬੇ-ਕਾਬੂ ਹੋ ਕੇ ਬਾਉਚਰ ਨੂੰ ਗ੍ਰਿਫ਼ਤਾਰ ਕਰਨ ਦੇ ਇਰਾਦੇ ਨਾਲ ਉਸ ਦੀ ਬੰਦੂਕ ਨੂੰ ਪੈ ਗਿਆ ਜਾਂ ਉਸ ਦੇ ਘੋੜੇ ਦੀ ਲਗਾਮ ਨੂੰ। ਘੋੜਾ ਪਿਛਾਂਹ ਨੂੰ ਗਿਆ ਤੇ ਬਾਉਚਰ ਥੱਲੇ ਡਿੱਗ ਪਿਆ। ਗਰਾਂਟ ਨੇ ਫਾਇਰ ਕਰ ਦਿੱਤਾ ਤੇ ਸੇਂਪਲ ਧੜੱਮ ਦੇ ਕੇ ਡਿੱਗ ਪਿਆ। ਸੇਂਪਲ ਦੇ ਆਦਮੀ ਉਸ ਨੂੰ ਬਚਾਉਣ ਲਈ ਅੱਗੇ ਆਏ। ਉਹ ਇਕੱਠੇ ਹੋਏ ਹੀ ਸਨ ਕਿ ਗਰਾਂਟ ਨੇ ਸਾਥੀਆਂ ਨੂੰ ਘੋੜਿਆਂ ਓਹਲੇ ਹੋ ਕੇ ਫਾਇਰਿੰਗ ਦਾ ਹੁਕਮ ਦੇ ਦਿੱਤਾ। ਫੇਰ ਕੀ ਸੀ, ਬਾਈਜ਼ਨ ਦੇ ਮਾਹਿਰ ਸ਼ਿਕਾਰੀਆਂ ਨੇ ਗੋਲੀਆਂ ਦਾ ਮੀਂਹ ਵਰ੍ਹਾ ਦਿੱਤਾ। ਸੇਂਪਲ ਦੇ ਕੁਛ ਆਦਮੀ ਜ਼ਖ਼ਮੀ ਹੋ ਗਏ। ਮੈਟੀ ਅੱਗੇ ਹੋ ਕੇ ਉਨ੍ਹਾਂ ਨੂੰ ਮਾਰਦੇ ਰਹੇ, ਕੱਪੜੇ ਪਾੜ ਕੇ ਨੰਗੇ ਕਰੀ ਗਏ, ਰਾਈਫਲ ਦੇ ਬੱਟ ਮਾਰ ਕੇ ਖੋਪੜੀਆਂ ਭੰਨਦੇ ਰਹੇ ਅਤੇ ਲੋਥਾਂ ਨੂੰ ਰੁਲਦੀਆਂ ਛੱਡ ਕੇ ਬਘਿਆੜਾਂ ਜੋਗੀਆਂ ਕਰ ਗਏ। ਜ਼ਖ਼ਮੀ ਸੇਂਪਲ ਨੇ ਗਰਾਂਟ ਕੋਲ ਤਰਲਾ ਮਾਰਿਆ ਕਿ ਉਸ ਨੂੰ ਫੋਰਟ ਪੁਚਾ ਦੇਵੇ। ਗਰਾਂਟ ਮੰਨ ਗਿਆ ਪਰ ਜਿਉਂ ਹੀ ਗਰਾਂਟ ਕਿਸੇ ਹੋਰ ਕੰਮ ਲਈ ਪਾਸੇ ਹੋਇਆ, ਇੱਕ ਮੈਟੀ ਨੇ ਸੇਂਪਲ ਦੀ ਛਾਤੀ ਵਿਚ ਗੋਲੀ ਮਾਰ ਕੇ ਉਸ ਨੂੰ ਪਾਰ ਬੁਲਾਇਆ। ਕੈਪਟਨ ਰੋਜਰ ਤਰਸ ਲਈ ਤਰਲੇ ਕਰਦਾ ਰਿਹਾ ਪਰ ਥਾਮਸ ਮੈਕੇਅ ਨੇ ਸਿਰ ਵਿਚ ਗੋਲੀ ਦਾਗ ਕੇ ਉਸ ਦਾ ਕੀਰਤਨ ਸੋਹਿਲਾ ਪੜ੍ਹ ਦਿੱਤਾ। ਇੱਕ ਹੋਰ ਮੈਟੀ ਨੇ ਚਾਕੂ ਨਾਲ ਉਸ ਦੀ ਗੋਗੜ ਪਾੜ ਕੇ ਸਬਰ ਕੀਤਾ। ਸੇਂਪਲ ਦਾ ਇੱਕੋ ਆਦਮੀ ਬਚ ਸਕਿਆ-ਜਾਹਨ ਪ੍ਰਿਚਡ। ਉਸ ਨੂੰ ਚਿਤਾਵਨੀ ਦੇ ਕੇ ਫੋਰਟ ਡਗਲਸ ਵੱਲ ਰਵਾਨਾ ਕੀਤਾ। ਕੁੱਲ 25 ਮਿੰਟਾਂ ਵਿਚ ਲੜਾਈ ਦਾ ਭੋਗ ਪੈ ਗਿਆ। ਗਵਰਨਰ ਸੇਂਪਲ ਸਣੇ 21 ਫ਼ਿਰੰਗੀ ਮਾਰੇ ਗਏ। ਸਿਰਫ਼ ਇੱਕੋ ਮੈਟੀ ਜ਼ਖ਼ਮੀ ਹੋਇਆ। ਅਗਲੇ ਦਿਨ ਸਥਾਨਕ ਆਗੂ ਪੀਗਸ ਕੁਛ ਸ਼ਿਕਾਰੀਆਂ ਨੂੰ ਨਾਲ ਲੈਕੇ ਸੇਂਪਲ ਦੀ ਲਾਸ਼ ਸਣੇ ਸਾਰੀਆਂ ਲਾਸ਼ਾਂ ਨੂੰ ਗੱਡੇ ਵਿਚ ਲੱਦ ਕੇ ਫੋਰਟ ਡਗਲਸ ਵਿਖੇ ਲੈ ਗਿਆ ਜਿੱਥੇ ਉਨ੍ਹਾਂ ਨੂੰ ਇਕੱਠੀਆਂ ਕਬਰਾਂ ਵਿਚ ਦਫ਼ਨਾਇਆ ਗਿਆ। ਗਰਾਂਟ ਦੇ ਕਹਿਣ ਤੇ ਬਾਕੀ ਦੇ 180 ਆਬਾਦਕਾਰ ਵੀ ਆਬਾਦੀ ਛੱਡ ਕੇ ਲੇਕ ਵਿੱਨੀਪੈੱਗ ਵੱਲ ਚਾਲੇ ਪਾ ਗਏ। ਕਾਫ਼ੀ ਸਮੇਂ ਬਾਦ ਪੈਮੀਕਨ ਜੰਗ ਦੇ ਜੁਝਾਰੂਆਂ ਖਿਲਾਫ਼ ਮਾਂਟਰੀਆਲ ਵਿਖੇ ਮੁਕੱਦਮੇ ਚਲਾਏ ਗਏ। ਸੈਵਨ ਓਕਸ ਦੀ ਲੜਾਈ ਵਿਚ ਹਿੱਸਾ ਲੈਣ ਵਾਲਿਆਂ ਵਿੱਚੋਂ ਕਿਸੇ ਨੂੰ ਵੀ ਕੋਈ ਸਜ਼ਾ ਨਹੀਂ ਹੋਈ। ਕਥਬਰਟ ਗਰਾਂਟ ਨੂੰ ਵੀ ਚੁਪ-ਚੁਪੀਤੇ ਬਰੀ ਕਰ ਦਿੱਤਾ। ਸਿਰਫ਼ ਇੱਕ ਜਣੇ ਨੂੰ ਸਜ਼ਾ ਸੁਣਾਈ ਗਈ ਜਿਸ ਤੇ ਕਦੇ ਅਮਲ ਨਹੀਂ ਹੋਇਆ। ਆਪਣੇ ਲੋਕਾਂ ਦੇ ਹੱਕਾਂ, ਰੁਜ਼ਗਾਰ, ਸਭਿਆਚਾਰ ਅਤੇ ਉਨ੍ਹਾਂ ਦੀ ਅਣਖ ਲਈ ਜਾਨ ਤਲੀ ਤੇ ਧਰ ਕੇ ਜਰਵਾਣਿਆਂ ਨਾਲ ਮੱਥਾ ਲਾਉਣ ਵਾਲੇ ਗਰਾਂਟ ਵਰਗੇ ਯੋਧਿਆਂ ਨੂੰ ਇਤਿਹਾਸ ਸ਼ਾਨਾਂਮੱਤੇ ਪੰਨਿਆ ਵਿਚ ਦਰਜ ਕਰ ਲੈਂਦਾ ਹੈ।

# ਪੰਜਾਬੀਆਂ ਲਈ ਇਮਤਿਹਾਨ ਦੀ ਘੜੀ



ਮੋਹਨ ਸ਼ਰਮਾ
ਪ੍ਰੋਜੈਕਟ ਡਾਇਰੈਕਟਰ
ਨਸ਼ਾ ਛੁਡਾਊ ਕੇਂਦਰ,ਸੰਗਰੂਰ।
ਮੋ:94171-48866

ਪੰਜਾਬ ਦੀਆਂ ਵਿਧਾਨ ਸਭਾ ਚੋਣਾਂ ਦਾ ਬਿਗਲ ਵੱਜ ਚੁੱਕਿਆ ਹੈ। ਪੰਚਾਇਤ ਚੋਣਾਂ ਤੋਂ ਲੈ ਕੇ ਲੋਕ ਸਭਾ ਦੀਆਂ ਚੋਣਾਂ ਤੱਕ ਵੋਟਰ ਨੂੰ ਆਪਣੀ ਵੋਟ ਦੀ ਅਹਿਮੀਅਤ ਦਾ ਅਸਥਾਈ ਤੌਰ ਤੇ ਪਤਾ ਤਾਂ ਲੱਗਦਾ ਹੈ। ਦਿਲ-ਲੁਭਾਊ ਨਾਅਰੇ, ਰੱਜ ਕੇ ਰੋਟੀ ਦੇਣ ਦੇ ਵਾਅਦੇ, ਕਿਰਤ ਦਾ ਬਣਦਾ ਹੱਕ, ਕੁੱਲੀ ਨੂੰ ਮਕਾਨ ਵਿੱਚ ਬਦਲਣ ਜਿਹੇ ਵਾਅਦਿਆਂ ਦਾ ਚੋਗਾ ਖਿਲਾਰਕੇ ਚੋਣ ਲੜ ਰਿਹਾ ਉਮੀਦਵਾਰ ਵੋਟਰ ਨੂੰ ਬੜੇ ਚਾਅ ਅਤੇ ਉਤਸ਼ਾਹ ਨਾਲ ਆਪਣੇ ਹੱਕ ਵਿੱਚ ਭੁਗਤਣ ਲਈ ਤਿਆਰ ਕਰ ਲੈਂਦਾ ਹੈ। ਪਰ ਬਾਅਦ ਵਿੱਚ ਉਸਦੀ ਹਾਲਤ ਉਸ ਬੇਬਸ ਕਿਰਸਾਨ ਵਰਗੀ ਹੁੰਦੀ ਹੈ ਜੋ ਔੜਾਂ ਮਾਰੀ ਫਸਲ ਵੇਖਕੇ ਆਸ ਭਰੀਆਂ ਨਜ਼ਰਾਂ ਨਾਲ ਅਸਮਾਨ ਵੱਲ ਵਿਹੰਦਾ ਹੈ। ਕਦੇ ਕਦੇ ਬੱਦਲ ਗਰਜ਼ਦਾ ਵੀ ਹੈ, ਪਰ ਮੀਂਹ ਨਹੀਂ ਪੈਂਦਾ।

ਭਾਰਤੀ ਚੋਣ ਕਮਿਸ਼ਨ ਵੱਲੋਂ ਵਿਧਾਨ ਸਭਾ ਚੋਣ ਲੜਣ ਵਾਲੇ ਉਮੀਦਵਾਰ ਲਈ ਭਾਵੇਂ ਚੋਣ ਖਰਚੇ ਦੀ ਸੀਮਾਂ 40 ਲੱਖ ਰੁਪਏ ਮਿੱਥੀ ਹੈ ਪਰ ਇਸ ਹੱਦ ਅੰਦਰ ਰਹਿਕੇ ਖਰਚ ਕਰਨ ਵਾਲੇ ਉਮੀਦਵਾਰ ਘੱਟ ਹਨ। ਵੱਡੀਆਂ ਪਾਰਟੀਆਂ ਦੇ ਉਮੀਦਵਾਰਾਂ ਨੂੰ ਤਾਂ ਟਿਕਟ ਪ੍ਰਾਪਤ ਕਰਨ ਲਈ ਹੀ ਪਾਰਟੀ ਫੰਡ ਵਜੋਂ ਚਾਰ-ਪੰਜ ਕਰੋੜ ਰੁਪਏ ਦੇਣੇ ਪੈ ਜਾਂਦੇ ਹਨ ਅਤੇ ਐਨਾ ਕੁ ਪੈਸਾ ਹੀ ਉਹ ਆਪਣੀ ਚੋਣ ਤੇ ਖਰਚ ਕਰ ਦਿੰਦਾ ਹੈ। ਅੰਦਾਜਨ 9-10 ਕਰੋੜ ਰੁਪਿਆ ਆਪਣੀ ਚੋਣ ਤੇ ਖਰਚ ਕਰਕੇ ਜਿੱਤਣ ਉਪਰੰਤ ਜਿੱਥੇ ਉਹ ਜਾਇਜ਼-ਨਜ਼ਾਇਜ਼ ਢੰਗ ਨਾਲ ਪਹਿਲਾਂ ਕੀਤੇ ਖ਼ਰਚ ਦੀ ਪੂਰਤੀ ਕਰਦਾ ਹੈ, ਫਿਰ ਅਗਲੀਆਂ ਚੋਣਾਂ ਲਈ ਐਨੇ ਕੁ ਪੈਸੇ ਦਾ ਜੁਗਾੜ ਫਿੱਟ ਕਰਨ ਦੇ ਨਾਲ ਨਾਲ ਆਪਣਾ ਭਵਿੱਖ ਸੁਰੱਖਿਅਤ ਰੱਖਣ ਲਈ ਧੰਨ ਕੁਬੇਰਾਂ ਕੋਲੋਂ ਪੈਸਾ ਇਕੱਠਾ ਕਰਕੇ ਆਪਣੀਆਂ ਤਿਜੌਰੀਆਂ ਭਰਨ ਵਿੱਚ ਵੀ ਕੋਈ ਕਸਰ ਨਹੀਂ ਛੱਡਦਾ। ਪਾਰਟੀਆਂ ਅਤੇ ਉਮੀਦਵਾਰਾਂ ਦੀ ਇਹ ਸਾਂਝ ਕਾਰਨ ਹੀ ਟਿਕਟਾਂ ਪ੍ਰਾਪਤ ਕਰਨ ਵਿੱਚ ਕਾਮਯਾਬ ਰਹੇ ਉਮੀਦਵਾਰਾਂ ਦੀ ਯੋਗਤਾ, ਗੁਣ, ਪਿਛੋਕੜ, ਦੇਸ਼ ਪ੍ਰਤੀ ਵਫ਼ਾਦਾਰੀ ਅਤੇ ਕਿਰਦਾਰ ਨੂੰ ਛਿੱਕੇ ਟੰਗ ਕੇ ਪੈਸਾ, ਬਾਹੂਬਲ ਅਤੇ ਜ਼ੁਰਮ ਹੀ ਉਸਦੇ ' ਗੁਣ ' ਬਣ ਜਾਂਦੇ ਹਨ ਅਤੇ ਰਾਸ਼ਟਰ ਨਿਰਮਾਣ ਵਿੱਚ ਆਪਣਾ ' ਯੋਗਦਾਨ ' ਪਾਉਣ ਲਈ ਉਨ੍ਹਾਂ ਨੂੰ ਵਿਧਾਨ ਸਭਾ ਵਿੱਚ ਭੇਜਣ ਵਾਸਤੇ ਹਰ ਸੰਭਵ ਯਤਨ ਕੀਤਾ ਜਾਂਦਾ ਹੈ। ਇਸ ਕਾਰਨ ਹੀ ਆਜ਼ਾਦੀ ਦੇ 75 ਸਾਲਾਂ ਬਾਅਦ ਵੀ ਲੋਕਾਂ ਦੇ ਦਿਲਾਂ ਅੰਦਰ ਰਾਜਸੀ ਆਗੂਆਂ ਪ੍ਰਤੀ ਭਰੋਸਾ ਅਤੇ ਵਿਸ਼ਵਾਸ ਤਿੜਕਿਆ ਹੈ। ਜੰਨਤਾਂ ਦੇ ਹਿੱਤਾਂ ਨਾਲ ਇਨ੍ਹਾਂ ਦਾ ਕੋਈ ਸਰੋਕਾਰ ਨਹੀਂ। ' ਭ੍ਰਿਸ਼ਟਾਚਾਰੀ ਦੇਸ਼ ' ਹੋਣ ਦੇ ਲੱਗੇ ਧੱਬੇ ਦਾ ਕਾਰਨ ਵੀ ਸਿਆਸਤਦਾਨਾਂ ਵੱਲੋਂ ਵੱਧ ਤੋਂ ਵੱਧ ਹੱਥ ਰੰਗਣੇ ਹਨ। ਸਾਡੇ ਦੇਸ਼ ਦਾ ਲੋਕ ਤੰਤਰ ਮੁੰਬਈ ਸ਼ੇਅਰ ਬਜ਼ਾਰ ਦੀ ਤਰ੍ਹਾਂ ਇੱਕ ਸ਼ੇਅਰ ਬਜ਼ਾਰ ਦਾ ਰੂਪ ਹੀ ਧਾਰਨ ਕਰਦਾ ਜਾ ਰਿਹਾ ਹੈ। ਕਾਰਪੋਰੇਟ ਜਗਤ, ਤਸ਼ਕਰ ਅਤੇ ਕਾਲੇ ਧੰਦੇ ਨਾਲ ਜੁੜੇ ਹੋਏ ਕਾਰੋਬਾਰੀ ਚੋਣਾਂ ਵਿੱਚ ਰੇਸ ਦੇ ਘੋੜਿਆਂ ਦੀ ਤਰ੍ਹਾਂ ਸਿਆਸਤਦਾਨਾਂ ਤੇ ਖੁੱਲ੍ਹ ਕੇ ਪੈਸੇ ਖ਼ਰਚ ਕਰਦੇ ਹਨ ਅਤੇ ਫਿਰ ਤਾਕਤ ਵਿੱਚ ਆਉਣ ਤੇ ਉਨ੍ਹਾਂ ਦੇ ਅਹਿਸਾਨਾਂ ਦਾ ਬਦਲਾ ਤਸ਼ਕਰੀ ਵਿੱਚ ਖੁੱਲ੍ਹ ਦੇਣ ਦੇ ਨਾਲ ਨਾਲ ਭਾਈਵਾਲੀ ਕਾਇਮ ਕਰਕੇ, ਸਸਤੇ ਭਾਅ ਤੇ ਜਾਇਦਾਦਾਂ ਦਾ ਸੌਦਾ ਕਰਵਾਕੇ ਅਤੇ ਵਿਉਪਾਰਕ ਅਦਾਰਿਆਂ ਵਿੱਚ ਜੁਗਾੜ ਫਿੱਟ ਕਰਵਾਉਣ ਦੇ ਨਾਲ ਨਾਲ ਲੋਕਾਂ ਤੇ ਰੋਅਬ ਪਾਉਣ ਲਈ ਅਹਿਮ ਸਖ਼ਸ਼ੀਅਤਾਂ ਦੀ ਸੂਚੀ ਵਿੱਚ ਸ਼ਾਮਲ ਕਰਵਾਕੇ ਸਰਕਾਰੀ ਗੰਨਮੈਨ ਵੀ ਉਨ੍ਹਾਂ ਦੀ ਸੇਵਾ ਵਿੱਚ ਲਾ ਦਿੱਤੇ ਜਾਂਦੇ ਹਨ। ਦੂਜੇ ਪਾਸੇ ਜਦ ਵੋਟਰਾਂ ਨੂੰ ਇਸ ਗੱਲ ਦਾ ਅਹਿਸਾਸ ਹੈ ਕਿ ਲੋਕਤੰਤਰ ਦੀ ਬੁਨਿਆਦ ਹੀ ਪੈਸਾ ਅਤੇ ਨਸ਼ਿਆਂ ਤੇ ਟਿਕੀ ਹੋਈ ਹੈ ਤਾਂ ਉਨ੍ਹਾਂ ਨੇ ਆਪਣਾ ਵੋਟ ਵੇਚਣਾ ਸ਼ੁਰੂ ਕਰ ਦਿੱਤਾ ਹੈ। ਉਹ ਨੇਤਾਵਾਂ ਨਾਲ ਸਿੱਧੀ ਸੌਦੇਬਾਜ਼ੀ ਤੇ ਉੱਤਰ ਆਏ ਹਨ। ਇਸ ਸੌਦੇਬਾਜ਼ੀ ਵਿੱਚ ਅਹਿਮ ਮੁੱਦਿਆਂ ਤੇ ਨਸ਼ਾ ਅਤੇ ਪੈਸਾ ਭਾਰੂ ਹੋ ਗਏ ਹਨ। ਹੁਣ ਸਿਆਸਤ ਇੱਕ ਵਿਉਪਾਰ ਅਤੇ ਵੋਟਰ ਇਸ ਦੀ ਮੰਡੀ ਬਣ ਗਏ ਹਨ। 'ਰਾਜ ਨਹੀਂ, ਸੇਵਾ 'ਲਈ ਪਿੜ ਵਿੱਚ ਕੁੱਦੇ ਸਿਆਸੀ ਆਗੂਆਂ ਨੂੰ ਇਸ ਗੱਲ ਦੀ ਕੋਈ ਚਿੰਤਾ ਨਹੀਂ ਕਿ ਦੇਸ਼ ਦਾ ਅੰਨ ਦਾਤਾ ਖੁਦਕੁਸ਼ੀਆਂ ਦੇ ਰਾਹ ਪੈ ਗਿਆ ਹੈ ਅਤੇ ਨਸ਼ਿਆਂ ਦੇ ਭੰਨੇ ਨੌਜਵਾਨਾਂ ਦਾ ਹਰ 8 ਮਿੰਟ ਬਾਅਦ ਸਿਵਾ ਬਲ ਰਿਹਾ ਹੈ ਅਤੇ ਕੈਂਸਰ ਜਿਹੀ ਨਾ ਮੁਰਾਦ ਬਿਮਾਰੀ ਨੇ ਵੀ ਕਈ ਪਿੰਡਾਂ ਨੂੰ ਆਪਣੀ ਲਪੇਟ ਵਿੱਚ ਲੈ ਲਿਆ ਹੈ।

ਇਸ ਵੇਲੇ ਚੋਣਾਂ ਵਿੱਚ ਦੇਸ਼, ਪ੍ਰਾਂਤ ਜਾਂ ਸਮਾਜਿਕ ਹਿੱਤਾਂ ਦੀ ਥਾਂ ਦੂਸ਼ਣਬਾਜ਼ੀ, ਅਸਭਿਅਕ ਭਾਸ਼ਾ ਜਾਂ ਫਿਰ ਜੋੜ-ਤੋੜ ਦੀ ਰਾਜਨੀਤੀ ਕੀਤੀ ਜਾ ਰਹੀ ਹੈ। ਰੋਜ਼ੀ, ਰੋਟੀ, ਕਪੜਾ,ਮਕਾਨ, ਸਿਹਤ ਸੇਵਾਵਾਂ, ਵਾਤਾਵਰਣ, ਵਿਦਿਆ, ਰੁਜ਼ਗਾਰ, ਖੇਤੀ ਖੇਤਰ, ਪੇਂਡੂ ਸਭਿਆਚਾਰ, ਔਰਤ ਦੀ ਸੁਰੱਖਿਆ ਅਤੇ ਵਿਕਾਸ ਦੀ ਗੱਲ ਇੱਕ ਮਿਰਗ ਤ੍ਰਿਸ਼ਨਾ ਬਣਕੇ ਰਹਿ ਗਈ ਹੈ। ਇਸ ਦੀ ਥਾਂ ਨਸ਼ੇ, ਭਾਂਡੇ, ਮੰਜੇ, ਸਿਲੰਡਰ, ਸਮਾਰਟ ਫੋਨ, ਚੁੱਲ੍ਹੇ, ਗ੍ਰਾਂਟਾਂ ਦੇ ਲਾਰੇ ਜਾਂ ਫਿਰ ਪ੍ਰਤੀ ਵੋਟ ਦਾ ਮੁੱਲ ਪਾਕੇ ਵੋਟਰਾਂ ਨੂੰ ' ਵਿਕਾਊ ਮਾਲ ' ਬਣਾਇਆ ਜਾ ਰਿਹਾ ਹੈ। ਪਾਰਟੀਆਂ ਵੱਲੋਂ ਤਿਆਰ ਕੀਤਾ ਚੋਣ ਮਨੋਰਥ ਪੱਤਰ ਤਾਂ ਹੁਣ ਲਾਰੇ-ਲੱਪਿਆਂ ਨਾਲ ਭਰਿਆ ਦਸ਼ਤਾਵੇਜ਼ ਹੀ ਬਣਕੇ ਰਹਿ ਗਿਆ ਹੈ ਅਤੇ ਚੋਣਾਂ ਉਪਰੰਤ ਇਹ ਚੋਣ ਮਨੋਰਥ ਪੱਤਰਾਂ ਤੇ ਧੂੜ ਪੈਂਦੀ ਰਹਿੰਦੀ ਹੈ।



ਪੰਜਾਬ ਦੇ ਵਿਕਾਸ ਦਾ ਦਾਅਵਾ ਕਰਨ ਵਾਲੇ ਜਾਂ ਪੰਜਾਬ ਨੂੰ ਭਾਰਤ ਦਾ ਸਿਰਮੌਰ ਸੂਬਾ ਬਨਾਉਣ ਦਾ ਵਾਅਦਾ ਕਰਨ ਵਾਲਿਆਂ ਨੂੰ ਇਹ ਚਿੰਤਾ ਨਹੀਂ ਕਿ ਪੰਜਾਬ ਦੀਆਂ ਹਵਾਵਾਂ ਹੱਥ ਲੁੱਟਾਂ, ਖੋਹਾਂ, ਠੱਗੀਆਂ, ਨਜਾਇਜ਼ ਕਬਜ਼ਿਆਂ, ਬਲਾਤਕਾਰਾਂ, ਭਾੜੇ ਦੇ ਕਾਤਲਾਂ ਅਤੇ ਘਰਾਂ ਅੰਦਰ ਬੈਠਿਆਂ 'ਤੇ ਚੱਲ ਰਹੇ ਹਥਿਆਰਾਂ ਨੇ ਖੌਫ਼ ਦੀਆਂ ਦੀਵਾਰਾਂ ਖੜੀਆਂ ਕਰ ਦਿੱਤੀਆਂ ਹਨ, ਟੁਟਦੇ ਹੋਏ ਘਰ, ਵਿਗੜ ਰਹੇ ਬੱਚੇ, ਨਿਪੁੰਸ਼ਕ ਗੱਭਰੂ, ਜ਼ੁਰਮ ਵੱਲ ਵਧਦੇ ਕਦਮਾਂ ਦੇ ਨਾਲ ਨਾਲ ਨਸ਼ਿਆਂ ਦੀ ਖਪਤ ਵਿੱਚ ਹਰ ਸਾਲ 15-20 ਫਿਸਦੀ ਦਾ ਵਾਧਾ ਹੋ ਰਿਹਾ ਹੈ। ਪੰਜਾਬ ਦੀ ਜਵਾਨੀ ਨੇ ਨੰਗੇਜ਼ਤਾ, ਅਸ਼ਲੀਲਤਾ ਅਤੇ ਅਪਰਾਧਾਂ 'ਚ ਗਲਤਾਨ ਹੋ ਕੇ ਮਾਪਿਆਂ ਨੂੰ ਵੀ ਕੱਖੋਂ ਹੌਲਾ ਕਰ ਦਿੱਤਾ ਹੈ। ਗੁਰੂਆਂ ਪੀਰਾਂ ਦਾ ਵਰੋਸਾਇਆ, ਦੁੱਧ ਅਤੇ ਅੰਨ੍ਹ ਦੇ ਭੰਡਾਰ ਵਾਲਾ ਪੰਜਾਬ ਹੁਣ ਗੈਂਗਸਟਰਾਂ ਅਤੇ ਅਪਰਾਧੀਆਂ ਦੀ ਧਰਤੀ ਵਜੋਂ ਜਾਣਿਆ ਜਾਂਦਾ ਹੈ। ਅਜਿਹੀ ਮਾਰੂ ਅਤੇ ਹਿੰਸਕ ਪ੍ਰਵਿਰਤੀ ਰਾਹੀਂ ਪੰਜਾਬ ਵਿੱਚ ਭਾਈ ਲਾਲੋ ਦੇ ਵਾਰਸ ਨਹੀਂ ਸਗੋਂ ਮਲਿਕ ਭਾਗੋ ਦੇ ਵਾਰਸ ਪੈਦਾ ਹੋ ਰਹੇ ਹਨ ਅਤੇ ਸਾਡੇ ਗੋਦੜੀਆਂ ਦੇ ਲਾਲ ਦਮੜੀਆਂ ਦੇ ਮੁਥਾਜ਼ੀ ਹੋ ਗਏ ਹਨ। ਪੰਜਾਬ ਦੇ ਪ੍ਰਸਿੱਧ ਇਨਕਲਾਬੀ ਕਵੀ ਸਵ. ਪਾਸ਼ ਨੇ ਸ਼ੁਪਨਿਆਂ ਦੀ ਮੌਤ ਨੂੰ ਜ਼ਿੰਦਗੀ ਦਾ ਸਭ ਤੋਂ ਵੱਡਾ ਦੁਖਾਂਤ ਕਿਹਾ ਹੈ। ਮਨੁੱਖ ਨੇ ਆਜ਼ਾਦ ਫ਼ਿਜ਼ਾ ਵਿੱਚ ਸਾਹ ਲੈਣ ਉਪਰੰਤ ਨਰੋਏ ਅਤੇ ਤੰਦਰੁਸਤ ਸਮਾਜ ਦੇ ਸੁਪਨੇ ਲਏ ਸਨ। ਮਨੁੱਖ ਦੀ ਇਸ ਪ੍ਰਬਲ ਇੱਛਾ ਨੂੰ ਵੇਖਦੇ ਹੋਏ ਲੀਡਰਾਂ ਨੇ ਇਹ ਸੁਪਨੇ ਵੇਚਣੇ ਸ਼ੁਰੂ ਕਰ ਦਿੱਤੇ। ਆਜ਼ਾਦੀ ਦੇ 75 ਸਾਲਾਂ ਬਾਅਦ ਵੀ ਲੀਡਰਾਂ ਵੱਲੋਂ ਸੁਪਨੇ ਵੇਚਣ ਦਾ ਧੰਦਾ ਜਾਰੀ ਹੈ। ਪਰ ਦੁਖਾਂਤਮਈ ਗੱਲ ਇਹ ਹੈ ਕਿ ਸੁਪਨੇ ਵੇਚਣ ਅਤੇ ਖਰੀਦਣ ਦੀ ਸੌਦੇਬਾਜ਼ੀ ਵਿੱਚ ਵਿਕਾਸ ਦਰ 7 ਫੀਸਦੀ ਦੇ ਨੇੜੇ-ਤੇੜੇ ਹੀ ਰਹੀ ਹੈ, ਜਦੋਂ ਕਿ ਸੁਪਨੇ ਵੇਚਣ ਵਾਲੇ ਆਗੂਆਂ ਦੀ ਜਾਇਦਾਦ ਵਿੱਚ ਸੌ ਗੁਣਾਂ ਤੋਂ ਵੀ ਜ਼ਿਆਦਾ ਵਾਧਾ ਹੋਇਆ ਹੈ। ਸੁਪਨੇ ਖਰੀਦਣ ਵਾਲੇ ਆਪਣੇ ਆਪ ਨੂੰ ਠੱਗੇ ਹੋਏ ਮਹਿਸੂਸ ਕਰ ਰਹੇ ਹਨ। ਪੰਜਾਬ ਦੀ ਹਰ ਚੋਣ ਨਾਲ ਪ੍ਰਾਂਤ ਵਿੱਚ 80-90 ਹਜ਼ਾਰ ਨਵੇਂ ਨਸ਼ਈ ਪੈਦਾ ਹੋ ਜਾਂਦੇ ਹਨ। ਇਹ ਸਭ ਕੁਝ ਜਿੱਥੇ ਨੌਜਵਾਨਾਂ ਨੂੰ ਵਿਗਾੜਣ, ਘਰ ਤੋੜਣ, ਜ਼ੁਰਮਾਂ ਅਤੇ ਦੁਰਘਟਨਾਵਾਂ ਵਿੱਚ ਵਾਧਾ ਕਰਦਾ ਹੈ, ਉਥੇ ਹੀ ਬਿਮਾਰੀਆਂ, ਅਨੁਸ਼ਾਸ਼ਣਹੀਣਤਾ, ਵਹਿਮ-ਭਰਮ ਅਤੇ ਤਣਾਅ ਨੌਜਵਾਨਾਂ ਦੇ ਪੈਰਾਂ ਦੀਆਂ ਬੇੜੀਆਂ ਵੀ ਬਣਦੀਆਂ ਹਨ। ਸਮਾਜ ਬੀਮਾਰ ਹੋ ਰਿਹਾ ਹੈ ਅਤੇ ਬੀਮਾਰ ਸਮਾਜ ਦੀ ਉਮਰ ਜਿਆਦਾ ਲੰਬੀ ਨਹੀਂ ਹੁੰਦੀ। ਨਸ਼ੇ ਦੀ ਸ਼ਰੇਆਮ ਸਪਲਾਈ ਕਾਰਨ ਹੀ ਬਲਾਤਕਾਰ ਦੀਆਂ ਘਟਨਾਵਾਂ ਵਿੱਚ 33 ਫਿਸਦੀ ਅਗਵਾ ਅਤੇ ਉਧਾਲਣ ਦੀਆਂ ਵਾਰਦਾਤਾਂ ਵਿੱਚ 14 ਫੀਸਦੀ, ਲੁੱਟਾਂ ਖੋਹਾਂ ਵਿੱਚ 22 ਫੀਸਦੀ, ਸੰਨ੍ਹ ਲਾਉਣ ਦੀਆਂ ਘਟਨਾਵਾਂ ਵਿੱਚ 15 ਫੀਸਦੀ ਦਾ ਵਾਧਾ ਹੋਣਾ ਪੰਜਾਬ ਦੇ ਮੱਥੇ ਤੇ ਇੱਕ ਕਲੰਕ ਹੀ ਤਾਂ ਹੈ। ਇੱਥੇ ਵਰਨਣਯੋਗ ਹੈ ਕਿ ਨਸ਼ਿਆਂ ਨੂੰ ਉਤਸ਼ਾਹਿਤ ਕਰਨਾ, ਰੱਖਿਆ ਕਰਨੀ, ਨਸ਼ਿਆਂ ਦੇ ਸਾਧਨ ਉਪਲੱਬਧ ਕਰਨੇ ਇਹ ਸਭ ਕੁਝ ਤੱਥ, ਤਰਕ, ਜ਼ਮੀਨੀ ਹਕੀਕਤ ਅਤੇ ਮਾਨਵੀ ਕਦਰਾਂ ਕੀਮਤਾਂ ਦੇ ਅਧਾਰ ਤੇ ਸਮਾਜਿਕ ਅਪਰਾਧ ਹੈ। ਭਲਾਂ ਜੋ ਕੰਮ ਸਦਾਚਾਰਕ ਪੱਖ ਤੋਂ ਠੀਕ ਨਹੀਂ, ਉਹ ਸਿਆਸਤ ਦੇ ਪੱਖ ਤੋਂ ਕਿਵੇਂ ਠੀਕ ਹੋ ਸਕਦਾ ਹੈ? ਦੁਖਾਂਤਕ ਪੱਖ ਹੈ ਕਿ ਚੋਣ ਲੜਣ ਵਾਲੇ ਆਗੂਆਂ ਲਈ ਜਿਹੜਾ ਮੁੱਦਾ ਹੋਣਾ ਚਾਹੀਦਾ ਸੀ, ਉਸੇ ਨੂੰ ਹੀ ਸਾਧਨ ਬਣਾਕੇ ਸਤਾ ਦੀਆਂ ਪੌੜੀਆਂ ਤੇ ਚੜਣ ਦੇ ਯਤਨ ਜਾਰੀ ਹਨ।

ਆਪਣੀ ਵੋਟ ਦੇ ਅਧਿਕਾਰ ਦੀ ਸਹੀ ਵਰਤੋਂ ਕਰਨ ਤੋਂ ਪਹਿਲਾਂ ਗੰਭੀਰ ਹੋਕੇ ਸੋਚਣ ਦੀ ਲੋੜ ਹੈ ਕਿ ਸਾਡੀ ਇਸ ਕੀਮਤੀ ਵੋਟ ਨੇ ਉਨ੍ਹਾਂ ਆਗੂਆਂ ਨੂੰ ਪੰਜਾਬ ਦੀ ਅਸੈਂਬਲੀ ਵਿੱਚ ਭੇਜਣਾ ਹੈ ਜਿਨ੍ਹਾਂ ਨੇ ਆਪਣਾ ਵਿਕਾਸ ਕਰਨ ਦੀ ਥਾਂ ਪੰਜਾਬ ਦੇ ਵਿਕਾਸ ਵਿੱਚ ਯੋਗਦਾਨ ਪਾਉਣਾ ਹੈ। ਵੋਟ ਪਾਉਣ ਤੋਂ ਪਹਿਲਾਂ ਐਨਾ ਕੁ ਜ਼ਰੂਰ ਵਿਚਾਰ ਲਿਆ ਜਾਵੇ ਕਿ : ਚੋਣਾਂ ਵਿੱਚ ਜਿੱਤ ਪ੍ਰਾਪਤ ਕਰਨ ਉਪਰੰਤ ਜਿਹੜੇ ਆਗੂ ਦੇ ਬਾਅਦ ਵਿੱਚ ਦਰਸ਼ਨ ਹੀ ਨਹੀਂ ਹੁੰਦੇ ਅਤੇ ਉਹ ਹੁਣ ਵਿਲਾਕੇ ਵਿੱਚ ਆਕੇ ਵਿਕਾਸ ਦੀਆਂ ਫੜਾਂ ਮਾਰ ਰਹੇ ਹਨ, ਉਹ ਇਸ ਤੋਂ ਪਹਿਲਾਂ ਕਿੱਥੇ ਰਹੇ ?

ਚੋਣਾਂ ਦਰਮਿਆਨ ਜਿਹੜਾ ਭ੍ਰਿਸ਼ਟ ਹੱਥ ਕੰਡਿਆਂ ਦੀ ਵਰਤੋਂ ਕਰ ਰਿਹਾ ਹੈ ਦਰਅਸਲ ਉਹ ਇੱਕ ਮਹੀਨਾ ਤੁਹਾਨੂੰ ਅਤੇ ਤੁਹਾਡੀ ਔਲਾਦ ਨੂੰ ਭ੍ਰਿਸ਼ਟ ਕਰਕੇ ਤੁਰਦਾ ਬਣੇਗਾ ਅਤੇ ਇਸ ਦਾ ਸੰਤਾਪ ਤੁਹਾਨੂੰ ਅਗਲੇ 4 ਸਾਲ 11 ਮਹੀਨੇ ਭੁਗਤਣਾ ਪਵੇਗਾ। ਮੁਫ਼ਤਖੋਰੀ, ਉਤਪਾਦਨ ਅਤੇ ਕਿਰਤ-ਸ਼ਕਤੀ ਨੂੰ ਪ੍ਰਭਾਵਿਤ ਕਰਦੀ ਹੈ। ਜਿਸ ਉਮੀਦਵਾਰ ਦਾ ਉਦੇਸ਼ ਵਿਕਾਸ-ਮੁਖੀ ਦੀ ਥਾਂ ਵੋਟ-ਮੁਖੀ ਹੈ, ਉਹ ਤੁਹਾਨੂੰ ਨਿਕਾਰਾ, ਨਿਕੰਮਾ ਅਤੇ ਲਾਪਰਵਾਹ ਬਣਾ ਦੇਵੇਗਾ।' ਪੰਜਾਬ ਵਸਦਾ ਗੁਰਾਂ ਦੇ ਨਾਂ ਤੇ ' ਇਸ ਨੂੰ ਅਸਲੀ ਅਰਥ ਸਾਡੀ ਉਸਾਰੂ ਨਸ਼ਿਆਂ ਰਹਿਤ ਸੋਚ ਹੀ ਦੇ ਸਕਦੀ ਹੈ। ਸਾਨੂੰ ਇਹ ਗੱਲ ਯਾਦ ਰੱਖਣੀ ਚਾਹੀਦੀ ਹੈ ਕਿ ਜਿਹੋ ਜਿਹੇ ਲੋਕ, ਉਸ ਤਰ੍ਹਾਂ ਦੀਆਂ ਹੀ ਸਰਕਾਰਾਂ ਹੋਣਗੀਆਂ। ਨਿਜ਼ਾਮ ਦੀ ਬਦਲੀ ਲੋਕਾਂ ਦੇ ਹੱਥਾਂ ਵਿੱਚ ਹੈ, ਭ੍ਰਿਸ਼ਟ ਨੇਤਾਵਾਂ ਦੇ ਹੱਥ ਵਿੱਚ ਨਹੀਂ। ਅੱਜ ਦੀ ਪੈਦਾਵਾਰ ਤੋਂ ਅਨੁਸਾਨ ਨਾ ਲਗਾਉ। ਉਸ ਬੀਜ ਤੋਂ ਲਗਾਉ ਜਿਹੜਾ ਅੱਜ ਬੀਜਣਾ ਹੈ। ਭਲਾਂ ਜੇ ਜ਼ਮੀਨ ਹੀ ਬੰਜ਼ਰ ਜਾਂ ਸੇਮ ਦੀ ਮਾਰੀ ਹੋਈ ਹੈ, ਫਿਰ ਬੀਜ ਕਿੱਥੇ ਬੀਜੋਂਗੇ ? ਜ਼ਮਹੂਰੀਅਤ ਬਾਹੂਬਲਾਂ, ਧਨ ਕੁਬੇਰਾਂ, ਮੁਜ਼ਰਮਾ ਅਤੇ ਸਮਾਜ-ਦੋਖੀਆਂ ਦੀ ਦਾਸੀ ਨਹੀਂ ਬਣਨੀ ਚਾਹੀਦੀ। ਚੋਣਾਂ ਵਾਲੇ ਅਜਿਹੇ ਉਮੀਦਵਾਰਾਂ ਨੂੰ ਨਿਕਾਰਨਾ ਅਤਿੰਅੰਤ ਜਰੂਰੀ ਹੈ।

ਪੰਜਾਬ ਦੇ ਲੋਕਾਂ ਅਤੇ ਦਾਨਸ਼ਵਰਾਂ ਲਈ ਇਹ ਇਮਤਿਹਾਨ ਦੀ ਘੜੀ ਹੈ। ਠੀਕ ਸੋਚ ਵਾਲੇ ਸਿਰ ਜੋੜ ਕੇ ਸੋਚਣ। ਜੇਕਰ ਅਸੀਂ ਹੁਣ ਵੀ ਠੀਕ ਫੈਸਲਾ ਲੈਕੇ ਵੋਟਾਂ ਦੀ ਸਹੀ ਵਰਤੋਂ ਨਾ ਕੀਤੀ ਤਾਂ ਇਤਿਹਾਸ ਸਾਡੀ ਹੋਣੀ ਤੇ ਕੀਰਨੇ ਪਾਵੇਗਾ ਅਤੇ ਅਸੀਂ ਜ਼ਮੀਰ-ਵਿਹੂਣੇ, ਵਿਕਾਊ ਅਤੇ ਕਾਇਰਾਂ ਦੀ ਗਿਣਤੀ ਵਿੱਚ ਸ਼ਾਮਲ ਹੋਵਾਂਗੇ। ਇਹ ਗੱਲ ਚੇਤੇ ਰੱਖਣੀ ਹੈ ਕਿ : ਜ਼ਮੀਰ ਵੇਚ ਕੇ ਵੋਟਾਂ ਜੇ ਅਸੀਂ ਪਾਈਆਂ, ਪੰਜ ਸਾਲ ਫਿਰ ਚੁਗਾਂਗੇ ਕੰਚ ਲੋਕੋ।
' ਵਿਕਾਊ ਮਾਲ' ਬਣਕੇ ਫਿਰ ੇਖ ਲੈਣਾ,
ਸਾਡੇ ਨਾਂ ਨੂੰ ਲੱਗੂ ਕਲੰਕ ਲੋਕੋ।

ਕੈਲਗਰੀ ਵਿੱਚ ਸਰ੍ਹੋਂ ਦੇ ਖੇਤਾਂ ਵਿੱਚ
ਕੰਮ ਕਰਨ ਵਾਲੇ ਵਰਕਰਾਂ ਦੀ ਲੋੜ ਹੈ



ਸੱਤੇ ਦਿਨ 13 ਘੰਟੇ ਕੰਮ ਹੋਵੇਗਾ।
ਤਨਖਾਹ ਘੰਟਿਆਂ ਦੇ ਹਿਸਾਬ ਨਾਲ ਕੰਮ
ਦਾ ਸੀਜ਼ਨ ਖਤਮ ਹੋਣ ਉਪਰੰਤ
ਸਟੈਂਪਾਂ ਵੀ ਮਿਲਣਗੀਆਂ।
ਰਹਿਣ ਅਤੇ ਖਾਣ ਦਾ ਪੂਰਾ ਪ੍ਰਬੰਧ ਹੈ।
ਕੈਮਲੂਪਸ ਏਰੀਆ ਵਿੱਚ ਜਿਨਸਿੰਗ
ਦਾ ਕੰਮ ਦਸੰਬਰ ਮਹੀਨੇ ਤੱਕ ਚੱਲੇਗਾ।
ਕਾਲ ਕਰੋ:
1 250 319 7263

# ਕਾਗਜ਼ੀ ਵਿਚੋਲਪੁਣਾ

### ਲੜਕੇ ਦੀ ਲੋੜ
ਕਨੇਡੀਅਨ ਸਿਟੀਜਨ ਰਾਮਗੜੀਆ ਵੈਲ ਸੈਟਲਡ ਸਿੱਖ ਪਰਿਵਾਰ ਦੀ ਸੋਹਣੀ ਸੁਨੱਖੀ ਲੜਕੀ ਜਨਮ 1993/ਕੱਦ 5 ਫੁੱਟ 6 ਇੰਚ,ਵਿਦਿਅਕ ਯੋਗਤਾ ਯੁਨੀਵਰਿਸਟੀ ਆਫ ਕੈਲਗਰੀ ਤੋਂ ਬੀ ਐਸ ਐਨ ਆਰ ਐਨ,ਦੀ ਡਿਗਰੀ ਹੋਲਡਰ ਲਈ ਕਨੇਡਾ ਤੋਂ ਹੀ ਹਾਣ ਪਰਵਾਣ ਦੇ ਚੰਗੇ ਪੜੇ ਲਿਖੇ ਰਾਮਗੜੀਆ ਪਰਿਵਾਰ ਦੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 403 402 9508 ***194***

### ਲੜਕੀ ਦੀ ਲੋੜ
ਪੰਜਾਬ ਰਹਿੰਦੇ ਚੰਗੇ ਪੜੇ ਲਿਖੇ ਰਵੀਦਾਸੀਆ ਸਿੱਖ (ਮੋਹਲ) ਪਰਿਵਾਰ ਦੇ ਲੜਕੇ ਜਨਮ 1994/ ਕੱਦ 5 ਫੁੱਟ 9 ਇੰਚ, ਰੰਗ ਕਣਕਵੰਨਾ,ਵਿਦਿਅਕ ਯੋਗਤਾ : ਬੀ ਏ ਐਲ ਐਲ ਬੀ,ਲਈ ਕਨੇਡੀਅਨ ਸਿਟੀਜਨ ਜਾਂ ਪੀ ਆਰ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦਾ ਪਿਤਾ ਏਡੀਸੀ ਵਿਕਾਸ ਦੇ ਦਫਤਰੋਂ ਸੁਪਰਡੈਂਟ ਰਿਟਾਇਰ ਹੋਇਆ ਹੈ ਅਤੇ ਮਾਤਾ ਮੌਜਦਾ ਸਮੇ ਪੰਚਾਇਤ ਅਫਸਰ ਲੱਗੀ ਹੋਈ ਹੈ। ਲੜਕਾ ਇਸ ਵੇਲੇ ਆਪਣੀ ਪ੍ਰੈਕਟਿਸ ਕਰ ਰਿਹਾ ਹੈ। ਪੂਰਾ ਪਰਿਵਾਰ,ਸਮਾਜ ਸੇਵੀ,ਅਗਾਂਹਵਧੂ ਕਦਰਾ ਕੀਮਤਾਂ ਦਾ ਧਾਰਨੀ ਹੈ। ਪਿਛਲੇ 40 ਸਾਲਾਂ ਤੋਂ ਪਰਿਵਾਰ ਅੰਦਰ ਦਾਜ ਬੰਦ ਹੈ। ਸੰਪਰਕ: 0091 80541 16006 ***202***

### ਲੜਕੀ ਦੀ ਲੋੜ
ਜੱਟ ਸਿੱਖ ਔਜਲਾ ਪਰਿਵਾਰ ਦੇ ਵਿਜਟਿਰ ਵੀਜੇ ਉੱਪਰ ਆਏ ਲੜਕੇ ਜਨਮ 1995,ਕੱਦ 5 ਫੁੱਟ 11 ਇੰਚ, ਵਿਦਿਅਕ ਯੋਗਤਾ ਮਕੈਨੀਕਲ ਇੰਜਨੀਅਰ ਡਿਪਲੋਮਾਂ ਹੋਲਡਰ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸਟੂਡੈਂਟ ਵੀਜੇ ਉੱਪਰ ਆਈ ਲੜਕੀ ਵੀ ਸੰਪਰਕ ਕਰ ਸਕਦੀ ਹੈ। ਸੰਪਰਕ: 431 277 5720 ***194***

### ਲੜਕੀ ਦੀ ਲੋੜ
ਕਨੇਡੀਅਨ ਸਿਟੀਜਨ ,ਜੱਟ ਸਿੱਖ ਸੰਧੂ ਪਰਿਵਾਰ ਦੇ ਲੜਕੇ ਉਮਰ 36 ਸਾਲ, ਕੱਦ 5 ਫੁੱਟ 10 ਇੰਚ, ਈ ਟੀ ਐਸ ਡਰਾਈਵਰ ,ਸੈਲਰੀ 90,000 ਕਨੇਡੀਅਨ ਡਾਲਰ ਕਮਾਉਂਦੇ ਲੜਕੇ ਲਈ ਹਾਣ ਪਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 780 975 4410 ***193***

### ਲੜਕੇ- ਲੜਕੀ ਦੀ ਲੋੜ
ਕਨੇਡੀਅਨ ਪੀ ਆਰ ਜੱਟ ਸਿੱਖ ਚੀਮਾਂ ਪਰਿਵਾਰ ਦੇ ਲੜਕੇ, ਜਨਮ 1990, ਵਧੀਆ ਕੰਮਕਾਰ,ਪਰਿਵਾਰ ਕਨੇਡਾ ਸੈਟਲ ਹੈ। ਇਸੇ ਹੀ ਪਰਿਵਾਰ ਦੀ ਪੰਜਾਬ ਰਹਿੰਦੀ ਲੜਕੀ ਉਮਰ 33 ਸਾਲ , ਵਿਦਿਅਕ ਯੋਗਤਾ ਬੀ ਏ , ਕੱਦ 5 ਫੁੱਟ 6 ਇੰਚ ਲਈ ਲਈ ਰਿਸ਼ਤਿਆਂ ਦੀ ਲੋੜ ਹੈ। ਸੰਪਰਕ: 587 433 0213 ਜਾਂ 587 581 1313 ***193***

### ਲੜਕੀ ਦੀ ਲੋੜ
ਕਨੇਡੀਅਨ ਪੀ ਆਰ, ਜੱਟ ਸਿੱਖ ਗਰਚਾ ਪਰਿਵਾਰ ਦੇ ਲੜਕੇ ਜਿਸ ਕੋਲ ਆਪਣਾ ਖੁਦ ਦਾ ਘਰ ਹੈ, ਉਮਰ 32 ਸਾਲ,ਕੱਦ 5 ਫੁੱਟ 8 ਇੰਚ, ਵਿਦਿਅਕ ਯੋਗਤਾ ਇਲੈਕਟਰੀਸਨ ਡਿਪਲੋਮਾ ਹੋਲਡਰ ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸਤੇ ਦੀ ਲੋੜ ਹੈ। ਲੜਕੇ ਦਾ ਆਪਣਾ ਬਿਜਨਿਸ ਹੈ। ਵਿਜਟਰ ਜਾਂ ਵਰਕ ਪਰਮਿਟ ਉੱਪਰ ਲੜਕੀ ਵੀ ਸੰਪਰਕ ਕਰ ਸਕਦੀ ਹੈ। ਲੜਕੀ ਦੀ ਉਮਰ 25 ਸਾਲ ਤੋਂ ਉਪਰ ਹੋਵੇ। ਸੰਪਰਕ: 403 615 0583 ***199***

### ਲੜਕੀ ਦੀ ਲੋੜ
ਕਨੇਡੀਅਨ ਸਿਟੀਜਨ ਸਿੰਘ ਪਰਿਵਾਰ ਦੇ ਤਲਾਕ ਸੁਦਾ, ਆਪਣਾ ਟਰਾਂਸਪੋਰਟ ਦਾ ਬਿਜਨਿਸ ਕਰਦੇ ਲੜਕੇ ਉਮਰ 38 ਸਾਲ, ਕੱਦ 5 ਫੁੱਟ 10 ਇੰਚ, ਵਿਦਿਅਕ ਯੋਗਤਾ ਬੀ ਐਸ ਸੀ ਡਿਗਰੀ ਹੋਲਡਰ ਲਈ ਗੁਰਸਿੱਖ ਵਿਚਾਰਾਂ ਵਾਲੀ ਕਨੇਡੀਅਨ ਪੀ ਆਰ ਜਾਂ ਸਿਟੀਜਨ ਵਿਧਵਧ ਜਾਂ ਸਿੰਗਲ ਜਾਂ ਡਿਵੋਰਸ ਉਮਰ 31 ਸਾਲ ਤੋਂ 36 ਸਾਲ ਦੇ ਲੱਗਭੱਗ ਹੋਵੇ। ਇਸ ਫੋਨ 306 514 7590 ਜਾਂ ਈ ਮੇਲ rockygs17@gmail.com ਉੱਪਰ ਸੰਪਰਕ ਕਰ ਸਕਦੇ ਹੋ। ***192***

### ਲੜਕੀ ਦੀ ਲੋੜ
ਇੰਡੀਆ ਰਹਿੰਦੇ ਮੰਡਾਹਰ ਪਰਿਵਾਰ ਦੇ ਸੋਹਣੇ ਸੁਨੱਖੇ ਲੜਕੇ ਉਮਰ 26 ਸਾਲ, ਕੱਦ 6 ਫੁੱਟ 1 ਇੰਚ, ਵਿਦਿਅਕ ਯੋਗਤਾ ਬੀ ਬੀ ਏ,ਆਪਣਾ ਖੁਦ ਦਾ ਬਿਜਨਿਸ ਚਲਾ ਰਹੇ ਲਈ,ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸਟੂਡੈਂਟ, ਵਿਜਟਿਰ ਜਾਂ ਵਰਕ ਪਰਮਿਟ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ। ਲੜਕੇ ਦਾ ਵੱਡਾ ਭਰਾ ਕਨੇਡਾ ਪੱਕੇ ਤੌਰ ਤੇ ਸੈਟਲ ਹੈ ਜੋ ਵਿਆਹ ਉਪਰੰਤ ਲੜਕੇ ਨੂੰ ਸੈਟਲ ਹੋਣ ਲਈ ਮੱਦਦ ਵੀ ਕਰ ਸਕਦਾ ਹੈ। ਕਾਲ: 403 681 7586 ***190***

### ਲੜਕੀ ਦੀ ਲੋੜ
ਕਨੇਡੀਅਨ ਪੀ ਆਰ, ਜੱਟ ਸਿੱਖ ਗਿੱਲ ਲੜਕਾ,ਉਮਰ 31 ਸਾਲ, ਕੱਦ ਫੁੱਟ 11 ਇੰਚ ਵਿਦਿਅਕ ਯੋਗਤਾ ਮਾਸਟਰ ਆਫ ਕੰਪਿਊਟਰ ਐਪਲੀਕੇਸ਼ਨ ਅਤੇ ਸੇਟ ਕਾਲਿਜ ਕੈਲਗਰੀ ਤੋਂ ਆਈ ਟੀ ਸਰਟੀਫਿਕੇਸ਼ਨ ਕੀਤੀ ਹੋਈ ਹੈ, ਲਈ ਚੰਗੇ ਰਿਸ਼ਤੇ ਦੀ ਲੋੜ ਹੈ, ਵਰਕ ਪਰਮਿਟ ਤੇ ਸਟੂਡੈਂਟ ਆਈ ਲੜਕੀ ਵੀ ਸੰਪਰਕ ਕਰ ਸਕਦੇ ਹਨ। ਕਾਲ: 587-323-3024, ਜਾਂ ਈ ਮੇਲ: rmgill0231@gmail.com ***188***

### ਲੜਕੀ ਦੀ ਲੋੜ
ਕੈਨੇਡੀਅਨ ਸਿਟੀਜ਼ਨ ਤਲਾਕਸ਼ੁਦਾ ਲੜਕਾ, ਉਮਰ 42 ਸਾਲ, ਕੱਦ 5'- 11" ਲਈ ਯੋਗ ਅਤੇ ਪਰਿਵਾਰਕ ਕੈਨੇਡਾ ਵਸਨੀਕ ਜਾਂ ਵਰਕ ਪਰਮਿਟ ਵਾਲੀ ਲੜਕੀ ਦੀ ਲੋੜ ਹੈ। ਸੰਪਰਕ:- 306-400-1004 ***188***

### ਲੜਕੀ ਦੀ ਲੋੜ
ਕਨੇਡੀਅਨ ਪੀ ਆਰ, ਜੱਟ ਸਿੱਖ ਸਾਧੜਾ ਪਰਿਵਾਰ ਦੇ ਕਲੀਨ ਸੇਵ, ਤਲਾਕ ਸੁਦਾ, ਲੜਕੇ ਉਮਰ 46 ਸਾਲ ,ਕੱਦ 5 ਫੁੱਟ 7 ਇੰਚ ,ਵਿਦਿਅਕ ਯੋਗਤਾ ਬੀ ਏ ,ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਕੋਲ ਇੰਗਲੈਂਡ ਦੀ ਸਿਟੀਜਨਸਿੱਪ ਵੀ ਹੈ ਅਤੇ ਹੁਣ ਕਨੇਡਾ ਵਿੱਚ ਟਰੱਕਿੰਗ ਇੰਡਸਟਰੀ ਵਿੱਚ ਨੌਕਰੀ ਕਰਦਾ ਹੈ। ਬਿਨਾ ਬੱਚੇ ਤੋਂ ਵਰਕ ਪਰਮਿਟ ਜਾਂ ਵਿਜਟਿਰ ਵੀਜੇ ਉੱਪਰ ਕਨੇਡਾ ਰਹਿੰਦੀ ਲੜਕੀ ਵੀ ਸੰਪਰਕ ਕਰ ਸਕਦੀ ਹੈ। ਸੰਪਰਕ: 1 306 881 1650 ***192***

### ਲੜਕੀ ਦੀ ਲੋੜ
ਜੱਟ ਸਿੱਖ ਧਾਲੀਵਾਲ ਪਰਿਵਾਰ ਦੇ ਵਿਜੀਟਰ ਵੀਜੇ ਉੱਪਰ ਕਨੇਡਾ ਆਏ ਲੜਕੇ ਉਮਰ 31 ਸਾਲ, ਕੱਦ 6 ਫੁੱਟ ਲਈ ਹਾਣ-ਪਰਵਾਣ ਦੀ ਕਨੇਡੀਅਨ ਪੀ ਆਰ ਜਾਂ ਵਰਕ ਪਰਮਿਟ ਵਾਲੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਕਨੇਡਾ ਵਿੱਚ ਵੈੱਲ ਸੈੱਟਲਡ ਹੈ। ਲੜਕਾ ਇੰਡੀਆ ਵਿੱਚ ਸਰਕਾਰੀ ਨੌਕਰੀ ਕਰਦਾ ਹੋਇਆ ਆਇਆ ਹੈ। ਸੰਪਰਕ-: +1 204-951-6503,+1 431-374-4686 ***191***

### ਲੜਕੀ ਦੀ ਲੋੜ
ਕਨੇਡੀਅਨ ਪੀ ਆਰ ਰਾਮਗੜੀਆ ਸਿੱਖ ਪਰਿਵਾਰ ਦੇ ਲੜਕੇ ਉਮਰ 32 ਸਾਲ, ਕੱਦ 6 ਫੁੱਟ, ਵਿਦਿਅਕ ਯੋਗਤਾ : Masters in food science ਲਈ ਹਾਣ ਪਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਕਨੇਡਾ ਵਿੱਚ ਹੀ ਰਹਿੰਦੀ ਲੜਕੀ ਨੂੰ ਪਹਿਲ। ਸਟੂਡੈਂਟ ਵੀਜਾ ਜਾਂ ਵਰਕ ਪਰਮਿਟ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ। ਸੰਪਰਕ: 403 404 0022, 403 470 4136***191***

### ਲੜਕੇ ਦੀ ਲੋੜ
ਕਨੇਡੀਅਨ ਸਿਟੀਜਨ ਜੱਟ ਸਿੱਖ ਗਿੱਲ ਪਰਿਵਾਰ ਦੀ ਤਲਾਕ ਸੁਦਾ ਲੜਕੀ ਉਮਰ 37 ਸਾਲ, ਕੱਦ 5 ਫੁੱਟ 3 ਇੰਚ, ਵਿਦਿਅਕ ਯੋਗਤਾ ਬੀ ਏ ,ਬਿਊਟੀਸ਼ਨ ਡਿਪਲੋਮਾਂ ਹੋਲਡਰ ਲਈ ਹਾਣ ਪ੍ਰਵਾਣ ਦੇ ਕਨੇਡੀਅਨ ਸਿਟੀਜਨ ਜਾਂ ਪੀ ਆਰ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਕੋਲ 10 ਸਾਲ ਦਾ ਬੇਟਾ ਵੀ ਹੈ। ਤਲਾਕਸੁਦਾ ਬੱਚੇ ਵਾਲਾ ਵੈਲ ਸੈਟਲਡ ਲੜਕਾ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 1 (403) 606-4767 ***191***

### ਲੜਕੀ ਦੀ ਲੋੜ
ਸ਼ਰਮਾ ਪਰਿਵਾਰ ਦੇ ਇੰਡੀਆ ਰਹਿੰਦੇ ਪਿਊਰ ਵੈਜੀਟੇਰੀਅਨ ਮੰਗਲੀਕ ( 9 ਦਸੰਬਰ 1991) ਲੜਕੇ ਉਮਰ 30 ਸਾਲ, ਕੱਦ 6 ਫੁੱਟ, ਵਿਦਿਅਕ ਯੋਗਤਾ ਗਰੈਜੂਏਟ,ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸਤੇ ਦੀ ਲੋੜ ਹੈ। ਲੜਕੇ ਦੀ ਭੈਣ ਕਨੇਡਾ ਵਿਆਹੀ ਹੋਈ ਹੈ ਅਤੇ ਪੱਕੇ ਤੌਰ ਤੇ ਕਨੇਡਾ ਸੈਟਲ ਹੈ। ਸੰਪਰਕ: ਵਟਸਐਪ: 8725973226 ਜਾਂ 1 780 245 4555***191***

### ਲੜਕੀ ਦੀ ਲੋੜ
ਜੱਟ ਸਿੱਖ ਗਿੱਲ ਪਰਿਵਾਰ ਦੇ ਕਨੇਡੀਅਨ ਪੀ ਆਰ ਲੜਕੇ ਉਮਰ 29 ਸਾਲ ,ਕੱਦ 5 ਫੁੱਟ 10 ਇੰਚ,ਆਟੋ ਮੋਬਾਈਲ ਇੰਜੀਨੀਅਰ ਡਿਪਲੋਮਾਂ ਹੋਲਡਰ ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕਾ ਇਸ ਵੇਲੇ ਆਟੋਮੋਬਾਇਲ ਟੈਕਨੀਸ਼ੀਅਨ ਦੀ ਜੌਬ ਕਰ ਰਿਹਾ ਹੈ। ਮਾਲਵਾ ਇਲਾਕੇ ਨੂੰ ਪਹਿਲ। ਵਟਸ ਐਪ ਸੰਪਰਕ : 306 515 3985***191***

### ਲੜਕੇ ਦੀ ਲੋੜ
ਕਨੇਡੀਅਨ ਪੀ ਆਰ, ਜੱਟ ਸਿੱਖ ਪਰਿਵਾਰ ਦੀ ਤਲਾਕ ਸੁਦਾ ਲੜਕੀ ਉਮਰ 38, ਕੱਦ 5 ਫੁੱਟ 7 ਇੰਚ, ਵਿਦਿਅਕ ਯੋਗਤਾ ਬੀ ਏ , ਲਈ ਹਾਣ ਪ੍ਰਵਾਣ ਦੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਕੋਲ 4 ਸਾਲ ਦਾ ਬੇਟਾ ਹੈ। ਵਰਕ ਪਰਮਿਟ ,ਵਿਜਟਿਰ ਵੀਜੇ ਵਾਲੇ ਵੀ ਸੰਪਰਕ ਕਰ ਸਕਦੇ ਹਨ। ਕਨੇਡੀਅਨ ਪੀ ਆਰ ਜਾਂ ਸਿਟੀਜਨ ਤਲਾਕ ਸੁਦਾ ਲੜਕਾ ਜਿਹਨਾਂ ਦੇ ਭਾਵੇ ਕੋਈ ਬੱਚਾ ਵੀ ਹੋਵੇ ਉਹ ਵੀ ਸੰਪਰਕ ਕਰ ਸਕਦੇ ਹਨ। ਕਾਲ: 1 825 735 4706 ***191***

### ਲੜਕੀ ਦੀ ਲੋੜ
ਪੰਜਾਬ ਰਹਿੰਦੇ ਜੱਟ ਸਿੱਖ ਪਰਿਵਾਰ ਦੇ ਨਸ਼ਾ ਰਹਿਤ ਲੜਕੇ ਉਮਰ 35 ਸਾਲ ਕੱਦ 5 ਫੁੱਟ 11 ਇੰਚ, ਵਿਦਿਅਕ ਯੋਗਤਾ ਪਲੱਸ ਟੂ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦੀ ਭੈਣ ਕਨੇਡੀਅਨ ਪੀ ਆਰ ਹੈ। ਜਾਤਪਾਤ ਦਾ ਕੋਈ ਬੰਧਨ ਨਹੀਂ ਹੈ। ਤਲਾਕ ਸੁਦਾ ਵੀ ਸੰਪਰਕ ਕਰ ਸਕਦੇ ਹਨ। 1 825 735 4706***191***

### ਲੜਕੀ ਦੀ ਲੋੜ
ਕਨੇਡੀਅਨ ਪੀ ਆਰ ,ਨਸ਼ਾ ਰਹਿਤ, ਜੱਟ ਸਿੱਖ ਪਰਿਵਾਰ ਦੇ ਲੜਕੇ (ਸਾਰਟ ਮੈਰਿਜ ਡਿਵੋਰਸ) ਉਮਰ 45 ਸਾਲ, ਕੱਦ 5 ਫੁੱਟ 7 ਇੰਚ ਵਿਦਿਅਕ ਯੋਗਤਾ ਪਲੱਸ 2, ਲਈ 35 ਤੋਂ 43 ਸਾਲ ਉਮਰ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਵਰਕ ਪਰਮਿਟ,ਵਿਜਟਿਰ ਵੀਜਾ, ਡਿਵੋਰਸ ਅਤੇ ਬੱਚੇ ਸਮੇਤ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ। ਸੰਪਰਕ: 587 707 3254 ***191***

### ਲੜਕੀ ਦੀ ਲੋੜ
ਕਨੇਡੀਅਨ ਪੀ ਆਰ, ਜੱਟ ਸਿੱਖ ਸੰਧੂ ਪਰਿਵਾਰ ਦੇ ਲੜਕੇ, ਉਮਰ 28 ਸਾਲ, ਕੱਦ 6 ਫੁੱਟ, ਵਿਦਿਅਕ ਯੋਗਤਾ ਮਕੈਨੀਕਲ ਇੰਜੀਨੀਅਰ ਲਈ ਕਨੇਡਾ ਤੋਂ ਹੀ ਪੜੀ ਲਿਖੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਦਾ ਕੱਦ 5 ਫੁੱਟ 6 ਇੰਚ ਤੋਂ ਲੈਕੇ 5 ਫੁੱਟ 9 ਇੰਚ ਦੇ ਵਿਚਕਾਰ ਹੋਵੇ। ਬੀ ਐਸ ਸੀ ਨਰਸਿੰਗ ਤੇ ਮਾਲਵਾ ਇਲਾਕੇ ਨੂੰ ਪਹਿਲ। ਲੜਕੇ ਦਾ ਸਾਰਾ ਪਰਿਵਾਰ ਕੈਲਗਰੀ (ਕਨੇਡਾ) ਸੈਟਲ ਹੈ। ਸੰਪਰਕ: 587 619 4311 ਜਾਂ ਵਟਸ ਐਪ 91 94642 68716 ***190***

### ਲੜਕੀ ਦੀ ਲੋੜ
ਗਰੇਵਾਲ ਜੱਟ ਸਿੱਖ ਪਰਿਵਾਰ ਦੇ ਕਨੇਡਾ ਵਰਕ ਪਰਮਿਟ ਉੱਪਰ ਆਏ ਲੜਕੇ, ਉਮਰ 31 ਸਾਲ, ਕੱਦ 5 ਫੁੱਟ 7 ਇੰਚ, ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਵਰਕ ਪਰਮਿਟ ਜਾਂ ਸਟੂਡੈਂਟ ਵੀਜੇ ਉੱਪਰ ਆਈ ਲੜਕੀ ਵੀ ਸੰਪਰਕ ਕਰ ਸਕਦੀ ਹੈ। ਲੜਕੇ ਦਾ ਭਰਾ ਕਨੇਡਾ ਪੱਕੇ ਤੌਰ ਤੇ ਸੈਟਲ ਹੈ ਜੋ ਕਿ ਲੜਕੇ ਨੂੰ ਸੈਟਲ ਹੋਣ ਤੇ ਆਰਥਿਕ ਤੌਰ ਤੇ ਮੱਦਦ ਵੀ ਕਰ ਸਕਦਾ ਹੈ। ਸੰਪਰਕ : 1 604 368 6214 ਜਾਂ 1 236 788 4632 ***190***

### ਲੜਕੀ ਦੀ ਲੋੜ
ਪੜੇ ਲਿਖੇ ਮਹਾਸਾ ਪਰਿਵਾਰ ਦੇ ਪੁਰਤਗਾਲ ਵਿੱਚ ਪੱਕੇ ਤੌਰ ਤੇ ਰਹਿ ਰਹੇ ਲੜਕੇ ਉਮਰ 32 ਸਾਲ , ਜਿਸ ਨੇ ਬੀ ਟੈਕ ਪੰਜਾਬ ਤੋਂ ਅਤੇ ਐਮ ਟੈਕ ਯੁਰਪ ਤੋਂ ਕੀਤੀ ਹੈ, ਲਈ ਕਨੇਡੀਅਨ ਪੀ ਆਰ ਜਾਂ ਵਰਕ ਪਰਮਿਟ ਵਾਲੀ ਲੜਕੀ ਦੇ ਰਿਸਤੇ ਦੀ ਲੋੜ ਹੈ। ਮਾਝੇ ਨੂੰ ਪਹਿਲ। ਕੋਈ ਜਾਤੀ ਬੰਧਨ ਨਹੀਂ ਹੈ। ਵਟਸਐਪ ਸੰਪਰਕ: 1 780 850 7078 ਜਾਂ 91 94 17430798 **185**

### ਲੜਕੀ ਦੀ ਲੋੜ
ਕਨੇਡੀਅਨ ਪੀ ਆਰ ਜੱਟ ਸਿੱਖ ਬਰਾੜ ਪਰਿਵਾਰ ਦੇ ਸੋਹਣੇ ਸੁਨੱਖੇ ਐਡਮੰਟਨ ਵਿੱਚ ਚੰਗੀ ਜੌਬ ਕਰ ਰਹੇ ਲੜਕੇ ,ਜਨਮ 1988,ਕੱਦ 5 ਫੁੱਟ 10 ਇੰਚ ਲਈ ਹਾਣ ਪਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 780 762 4646 ***189***

### ਲੜਕੇ ਦੀ ਲੋੜ
ਸ਼ਰਮਾ ਪਰਿਵਾਰ ਦੀ ਇੰਡੀਆ ਰਹਿ ਰਹੀ ਤਲਾਕਸ਼ੁਦਾ ਲੜਕੀ ਉਮਰ 27 ਸਾਲ, ਕੱਦ 5 ਫੁੱਟ 6 ਇੰਚ, ਵਿਦਿਅਕ ਯੋਗਤਾ ਬੀ ਐਸ ਸੀ ਨਰਸਿੰਗ ਲਈ ਕਨੇਡਾ ਜਾਂ ਅਮਰੀਕਾ ਤੋਂ ਹਾਣ ਪਰਵਾਣ ਦੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਕੋਲ ਪਹਿਲੇ ਵਿਆਹ ਦਾ 4 ਸਾਲ ਦਾ ਬੇਟਾ ਵੀ ਹੈ। ਸੰਪਰਕ: 587 433 1218 ***189***

### ਲੜਕੇ ਦੀ ਲੋੜ
ਇੰਡੀਆ ਰਹਿ ਰਹੀ ਰਵੀਦਾਸੀਆ ਸਿੱਖ ਪਰਿਵਾਰ ਦੀ ਸੋਹਣੀ ਸੁਨੱਖੀ ਲੜਕੀ,ਉਮਰ 28 ਸਾਲ, ਕੱਦ 5 ਫੁੱਟ 5 ਇੰਚ, ਵਿਦਿਅਕ ਯੋਗਤਾ :ਜੀ ਐਨ ਐਮ ਨਰਸਿੰਗ,ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਜਾਤ ਪਾਤ ਦਾ ਕੋਈ ਬੰਧਨ ਨਹੀਂ ਹੈ। ਤਲਾਕਸੁਦਾ ਵੀ ਸੰਪਰਕ ਕਰ ਸਕਦੇ ਹਨ। ਕਾਲ: 587 889 5313 ***189***

### ਲੜਕੇ ਦੀ ਲੋੜ
ਕਨੇਡਾ ਸਟੂਡੈਂਟ ਆਈ ਪਰ ਹੁਣ ਪੋਸਟ ਗਰੈਜੂਏਟ ਵਰਕ ਪਰਮਿਟ ਉੱਪਰ ਬਦੇਸਾ ਪਰਿਵਾਰ ਦੀ ਲੜਕੀ ਉਮਰ 31 ਸਾਲ, ਕੱਦ 5 ਫੁੱਟ 4 ਇੰਚ, ਵਿਦਿਅਕ ਯੋਗਤਾ ਐਮ ਐਸ ਸੀ , ਐਮ ਐੱਡ ਲਈ ਕਨੇਡਾ ਤੋਂ ਹੀ ਹਾਣ ਪਰਵਾਣ ਦੇ ਕਨੇਡੀਅਨ ਪੀ ਆਰ ਜਾਂ ਵਰਕ ਪਰਮਿਟ ਵਾਲੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 91 9855391591 Or e mail : saabbadesha@gmail.com ***189***

### ਲੜਕੇ ਦੀ ਲੋੜ
ਜੱਟ ਸਿੱਖ ਗਿੱਲ ਪਰਿਵਾਰ ਦੀ ਇੰਡੀਆ ਵਿੱਚ ਰਹਿੰਦੀ ਸੋਹਣੀ ਸੁਨੱਖੀ ਲੜਕੀ ਉਮਰ 37 ਸਾਲ, ਕੱਦ 5 ਫੁੱਟ 5 ਇੰਚ, ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਨੇ ਪਲੱਸ ਟੂ ਤੋਂ ਬਾਦ ਆਈ ਟੀ ਆਈ ਸਿਲਾਈ ਕਢਾਈ ਦਾ ਡਿਪਲੋਮਾਂ ਕੀਤਾ ਹੋਇਆ ਹੈ। ਲੜਕੀ ਦਾ ਭਰਾ ਕਨੇਡਾ ਵੈੱਲ ਸੈਟਲਡ ਹੈ। ਕੋਈ ਜਾਤੀ ਭੇਦਭਾਵ ਨਹੀਂ, ਤਲਾਕਸੂਦਾ ਬਾਰੇ ਵੀ ਵਿਚਾਰ ਕੀਤਾ ਜਾ ਸਕਦਾ ਹੈ। ਸੰਪਰਕ: 1 647 327 0556 ਜਾਂ 437 213 6387 ***188***

### ਲੜਕੀ ਦੀ ਲੋੜ
ਕਨੇਡੀਅਨ ਸਿਟੀਜਨ , ਵਿਦਿਅਕ ਯੋਗਤਾ ਬੀ ਏ,ਉਮਰ 40 ਸਾਲ, ਕੱਦ 5 ਫੁੱਟ 10 ਇੰਚ, ਤਲਾਕਸੁਦਾ ਲੜਕੇ ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸਤੇ ਦੀ ਲੋੜ ਹੈ। ਵਰਕ ਪਰਮਿਟ ਜਾਂ ਵਿਜਟਿਰ ਵੀਜੇ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ। ਸੰਪਰਕ: 1 825 439 9000 ਈ ਮੇਲ: Harpreet88b@gmail.com ***188***

### ਲੜਕੀ ਦੀ ਲੋੜ
ਆਸਟਰੇਲੀਅਨ ਪੀ ਆਰ ਸ਼ਰਮਾ ਪਰਿਵਾਰ ਦੇ ਸੋਹਣੇ ਸੁਨੱਖੇ, ਨਾਨ ਡਰਿੰਕਰ, ਨਾਨ ਸਮੋਕਰ,ਲੜਕੇ ,ਉਮਰ 32 ਸਾਲ, ਕੱਦ 5 ਫੁੱਟ 11 ਇੰਚ, ਵਿਦਿਅਕ ਯੋਗਤਾ ਡਿਪਲੋਮਾਂ ਇਨ ਅਕਾਊਂਟਿੰਗ, ਲਈ ਹਾਣ ਪਰਵਾਣ ਦੀ ਕਨੇਡੀਅਨ ਪੀ ਆਰ, ਸਿਟੀਜਨ ਜਾਂ ਸਟੂਡੈਂਟ ਵੀਜਾ ਵਾਲੀ ਲੜਕੀ ਦੇ ਰਿਸਤੇ ਦੀ ਭਾਲ ਹੈ। ਲੜਕੇ ਦਾ ਪਰਿਵਾਰ ਕਨੇਡਾ ਸੈਟਲ ਹੈ। ਜਾਤ ਪਾਤ ਦਾ ਕੋਈ ਬੰਧਨ ਨਹੀਂ ਹੈ। ਕਾਲ: (403) 890-7020 ***188***

### ਲੜਕੇ ਦੀ ਲੋੜ
ਕਨੇਡੀਅਨ ਸਿਟੀਜਨ ਜੱਟ ਸਿੱਖ ਸੰਧੂ ਪਰਿਵਾਰ ਦੀ ਲੜਕੀ ਉਮਰ 32 ਸਾਲ, ਕੱਦ 5 ਫੁੱਟ 5 ਇੰਚ, ਬਿਜਨਿਸ ਐਡਮਿਨਿਸਟਰੇਸ਼ਨ ਫਾਇਨੈਂਸ ਡਿਪਲੋਮਾ ਹੋਲਡਰ ਲਈ ਕਨੇਡਾ ਜਾਂ ਅਮਰੀਕਾ ਤੋਂ ਹੀ ਹਾਣ ਪਰਵਾਣ ਦੀ ਯੋਗਤਾ ਵਾਲੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਨਾਮਵਰ ਫਾਇਨੈਂਸ ਕੰਪਨੀ ਵਿੱਚ ਜੌਬ ਕਰ ਰਹੀ ਹੈ। ਵਿਜਟਿਰ ਜਾਂ ਵਰਕ ਪਰਮਿਟ ਵਾਲੇ ਸੰਪਰਕ ਨਾ ਕਰਨ। ਸੰਪਰਕ: 1 825 365 9343 ***188***

### ਲੜਕੇ ਦੀ ਲੋੜ
ਇੰਡੀਆ ਰਹਿ ਰਹੀ ਚੰਗੇ ਪੜੇ ਲਿਖੇ ਐਸ ਸੀ ਪਰਿਵਾਰ ਵਿੱਚੋਂ ਕਲਾਸ ਵਨ ਅਫਸਰ ਦੀ ਧੀ, ਉਮਰ 33 ਸਾਲ ,ਕੱਦ 5 ਫੁੱਟ 3 ਇੰਚ, ਵਿਦਿਅਕ ਯੋਗਤਾ: ਬੀ ਐਡ, ਡਬਲ ਐਮ ਏ ਹਿੰਦੀ ਅਤੇ ਇੰਗਲਿਸ਼,ਪੀ ਜੀ ਡੀ ਸੀ ਏ,ਸੋਹਣੀ ਸੁਨੱਖੀ ਲੜਕੀ ਲਈ ਹਾਣ ਪਰਵਾਣ ਦੇ ਕਨੇਡੀਅਨ ਪੀ ਆਰ , ਸਿਟੀਜਨ ਜਾਂ ਇੰਡੀਆ ਵਿੱਚ ਚੰਗੀ ਜੌਬ ਜਾਂ ਬਿਜਨਿਸ ਕਰਦੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਭੈਣ ਕਨੇਡਾ ਪੱਕੇ ਤੌਰ ਤੇ ਸੈਟਲ ਹੈ। ਸੰਪਰਕ: 306 737 9272 ਜਾਂ 306 737 9328 ਈ ਮੇਲ : Singhmonika651@gmail.com ***188***

### ਲੜਕੀ ਦੀ ਲੋੜ
ਕਨੇਡੀਅਨ ਪੀ ਆਰ ਮਜਬੀ ਸਿੱਖ ਸਹੋਤਾ ਪਰਿਵਾਰ ਦੇ ਲੜਕੇ ਉਮਰ 28 ਸਾਲ ,ਕੱਦ 5 ਫੁੱਟ 9 ਇੰਚ, ਵਿਦਿਅਕ ਯੋਗਤਾ ਡੈਂਟਲ ਹਾਈਜੀਨ ਡਿਪਲੋਮਾਂ ਹੋਲਡਰ ਲਈ ਹਾਣ ਪਰਵਾਣ ਦੀ ਲੜਕੀ ਦੇ ਰਿਸਤੇ ਦੀ ਲੋੜ ਹੈ। ਬੀ ਐਸ ਸੀ ਨਰਸਿੰਗ ਵਾਲੀ ਲੜਕੀ ਨੂੰ ਪਹਿਲ। ਲੜਕੇ ਨੇ ਕਨੇਡਾ ਬਿਜਨਿਸ ਮੈਨੇਜਮੈਂਟ ਦਾ ਡਿਪਲੋਮਾਂ ਕੀਤਾ ਹੋਇਆ ਹੈ ਅਤੇ ਇਸ ਵੇਲੇ ਟਰਾਂਸਪੋਰਟ ਦੇ ਕਿੱਤੇ ਵਿੱਚ ਸਫਲ ਬਿਜਨਿਸਮੈਨ ਹੈ। ਸਾਦਾ ਵਿਆਹ, ਸਟੂਡੈਂਟ ਜਾਂ ਵਰਕ ਪਰਮਿਟ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ। ਲੜਕੇ ਦਾ ਸਾਰਾ ਪਰਿਵਾਰ ਕਨੇਡਾ ਹੀ ਸੈਟਲ ਹੈ। 1 306 807 4758 ***188***

### ਲੜਕੇ ਦੀ ਲੋੜ
Respectable, well established, Jatt Sikh parents seeking a suitable match for their daughter, 29 yrs. old, 5'-3" tall, Canadian PR, Master's in Applied Sciences from University of Calgary, well settled as Engineer/Analyst in Chilliwack (BC), very beautiful and family oriented. The boy should be Canadian PR/Citizen, educated from Canada/ North America (Bachelor/Master/Doctorate), smart, handsome, good looking, with modern values Jatt Sikh. Please email recent picture and biodata to: basketfiree@gmail.com or call: 1-778-539-7001 ***188***

### ਲੜਕੀ ਦੀ ਲੋੜ

"ਪੰਜਾਬੀ ਅਖ਼ਬਾਰ" ਵਿੱਚ ਖਬਰਾਂ,ਕਾਰੋਬਾਰ ਵਿੱਚ ਵਾਧੇ ਲਈ ਵਿਓਪਾਰਕ ਐਡਵਰਟਾਈਜ਼ਮੈਂਟ,ਬੱਚਿਆਂ ਦੇ ਜਨਮ ਦਿਨ ਮੌਕੇ ਦੀਆਂ ਤਸਵੀਰਾਂ,ਵਿਆਹ ਦੀ ਵਰ੍ਹੇਗੰਢ, ਵਿਆਹ ਲਈ ਲੜਕੇ ਲੜਕੀ ਦੀ ਭਾਲ ਸਬੰਧੀ,ਵਰਕਰਾਂ ਦੀ ਲੋੜ,ਘਰ ਜਾਂ ਕਾਰ ਖਰੀਦਣ ਜਾਂ ਵੇਚਣ ਸਬੰਧੀ ਇਸਤਿਹਾਰ ਜਾਂ ਆਪਣੀਆਂ ਰਚਨਾਵਾਂ ਛਪਵਾਉਣ ਲਈ ਸੰਪਰਕ ਕਰੋ।
ਕੈਲਗਰੀ-403 640 2000
ਐਡਮਿੰਟਨ-780 599 2000 ਸੈਸਕਾਟੂਨ 639 999 1000
ਰੀਜ਼ਾਇਨਾ- 639 999 1000, ਵਿਨੀਪੈੱਗ- 431 733 3000

### ਲੜਕੀ ਦੀ ਲੋੜ
Respectable, well established, Jatt Sikh parents seeking a suitable match for their son, 34 yrs. old, 5'-11" tall, Canadian Citizen, well settled as engineering professional in Edmonton, background in Master of Industrial Engineering, handsome, smart, family oriented and blend of modern and cultural values. The girl should be Canadian PR/Citizen, educated from Canada/North America (Bachelor/Master/Doctorate), smart, beautiful, well-versed in both cultures, Jatt Sikh. Please email recent picture and bio-data to: basketfiree@gmail.com or call: 1-403-404-4069 ***188***

### ਲੜਕੇ ਦੀ ਲੋੜ
ਜੱਟ ਸਿੱਖ ਬਰਾੜ ਪਰਿਵਾਰ ਦੀ ਕਨੇਡਾ ਵਿਜਟਿਰ ਵੀਜੇ ਉੱਪਰ ਆਈ ਲੜਕੀ ਉਮਰ 33 ਸਾਲ ,ਵਿਦਿਅਕ ਯੋਗਤਾ ਐਮ ਏ ਪੋਲੀਟੀਕਲ ਸਾਇੰਸ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੌ ਲੋੜ ਹੈ। ਵਰਕ ਪਰਮਿਟ ਵਾਲੇ ਵੀ ਸੰਪਰਕ ਕਰ ਸਕਦੇ ਹਨ। ਸੰਪਰਕ: 587 917 5911 ਜਾਂ 403 702 2524 ***194***

### ਲੜਕੀ ਦੀ ਲੋੜ
ਕਨੇਡਾ ਵਰਕ ਪਰਮਿਟ ਵੀਜੇ ਉੱਪਰ ਆਪਣਾ ਬਿਜਨਿਸ ਕਰ ਰਹੇ ਬਰਾੜ ਪਰਿਵਾਰ ਦੇ ਲੜਕੇ ,ਉਮਰ 30 ਸਾਲ,ਵਿਦਿਅਕ ਯੋਗਤਾ ਬੀ ਸੀ +ਐਮ ਸੀ ਏ ਡਿਗਰੀ ਹੋਲਡਰ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 587 917 5911 ਜਾਂ 403 702 2524 ***194***

## ਕੈਲਗਰੀ ਵਿੱਚ ਪੀਜ਼ਾ 73 ਵਿਕਾਊ ਹੈ
**ਕੈਲਗਰੀ ਦੇ ਬਿਜ਼ੀ ਏਰੀਆ ਵਿੱਚ ਵਧੀਆ ਕਮਾਈ ਕਰ ਰਿਹਾ ਪੀਜ਼ਾ ਸਟੋਰ**

**Pizza 73**

7527 Macleod trail SW Calgary ਵਿਕਾਊ ਹੈ।

Contact:
Jennifer 403 221 7373 ext. 671
Email jwensmann@pizzapizza.ca
Darshan 403 399 7046
Email Darsha_sidhu@hotmail.Com

### ਲੜਕੇ ਦੀ ਲੋੜ
ਪੰਜਾਬ ਰਹਿ ਰਹੀ ਚੰਗੀ ਪੜੀ ਲਿਖੀ, ਯੁਨੀਵਰਸਿਟੀ ਵਿੱਚ ਜੌਬ ਕਰਦੀ ਲੜਕੀ ਉਮਰ 28 ਸਾਲ, ਵਿਦਿਅਕ ਯੋਗਤਾ ਐਮ ਏ ,ਬੀ ਐਡ, ਲਈ ਹਾਣ ਪਰਵਾਣ ਦੇ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਦੇ ਦੋਵੇਂ ਭਰਾ ਕਨੇਡਾ ਵੈਲ ਸੈਟਲਡ ਹਨ। ਵਰਕ ਪਰਮਿਟ ਵਾਲਾ ਲੜਕਾ ਵੀ ਸੰਪਰਕ ਕਰ ਸਕਦਾ ਹੈ। ਜਾਤ ਪਾਤ ਦਾ ਕੋਈ ਬੰਧਨ ਨਹੀਂ। ਸੰਪਰਕ: 403 702 0424 ***192***

### Need Nanny
Looking for a nanny live in or live out 5 days a week (Mon - Fri) to cook, clean, and babysit 1.5 year old baby girl & 6 year old baby boy.
Salary: $12-$15
Gurbinder Sohal
City: Regina, SK
Contact Number 306-520-4313

## ਕੈਲਗਰੀ ਦੀ ਨਾਮਵਰ ਕੰਪਨੀ ਨੂੰ ਘਰਾਂ ਦੇ ਕੰਮ ਲਈ ਵਰਕਰਾਂ ਦੀ ਸਖਤ ਲੋੜ ਹੈ।
ਰੂਫਰ ਅਤੇ ਸਾਈਡਿੰਗ ਇੰਨਸਟਾਲਰ ਚਾਹੀਦੇ ਹਨ। ਜੇਕਰ ਤਜਰਬਾ ਹੋਵੇ ਤਾਂ ਵਧੀਆ ਹੈ ਨਹੀਂ ਤਾਂ ਉਹ ਖੁਦ ਕੰਮ ਸਿਖਾ ਵੀ ਦੇਣਗੇ। ਅੰਗਰੇਜੀ ਦੀ ਕੋਈ ਸਮੱਸਿਆ ਨਹੀਂ ਜ਼ਿਆਦਾ ਵਰਕਰ ਪੰਜਾਬੀ ਹੀ ਬੋਲਦੇ ਹਨ ਐਲ ਐਮ ਆਈ ਏ ਦਿਵਾਉਣ ਵਿੱਚ ਵੀ ਮੱਦਦ ਕਰ ਸਕਦੇ ਹਨ।
**ਅੱਜ ਹੀ ਕਾਲ ਕਰੋ: 403 680 0436**

### Hiring !
**Daffodils Cargologistics Inc. islooking for Class 1 Drivers forlong - HaulBest pay packages upto 58 cents per mile Applicants should have minimum of 7 - 12 months driving experience Please contact with your drivinglicense and commercialdriving abstract**
**Email: dclogistics4@gmail.com**
**Phone : 204-396-1696 , 204-891-0031**

### Name change
I **PAVNEET KAUR**/Daughter of **PARMINDER SINGH**, holder of Indian passport No. **V2079802**, issued at **VANCOUVER, on 05 Oct 2021**, permanent resident of **V.PO: LASOI TEH & DISST: MALERKOTLA (PUNJAB) India PIN: 148023** and presently residing at **110 MARTINBROOK RD NE CALGARY (AB) T3J3E1 CANADA** Do hereby change My name from **PAVNEET KAUR to PAVNEET KAUR TIWANA** with immediate effect.
Date: 01/02/2022 Phone: 587 434 9212

## ਏ ਵਨ ਸਟੱਕੋ ਕੈਲਗਰੀ ਵਾਲਿਆਂ ਨੂੰ ਵਰਕਰਾਂ ਦੀ ਲੋੜ
**A1 Roofing & Siding Ltd.**
- ROOFING
- SIDING
- SOFFIT
- STUCCO
- HARDIE
- FASCIA
- EAVESTROUGH

ਘਰਾਂ ਦੀਆਂ ਛੱਤਾਂ ਅਤੇ ਸਾਈਡਿੰਗ, ਸਟੱਕੋ ਦਾ ਤਸੱਲੀਬਖਸ਼ ਕੰਮ ਕਰਵਾਓ
Jaswinder 403-614-2094 Harwinder 403-402-5615

ਏ ਵਨ ਸਟੱਕੋ ਕੈਲਗਰੀ ਵਾਲਿਆਂ ਨੂੰ ਵਰਕਰਾਂ ਦੀ ਲੋੜ "ਐਲ ਐਮ ਆਈ ਵੀ ਮਿਲ ਜਾਵੇਗੀ "ਜੇਕਰ ਕੰਮ ਦਾ ਤਜ਼ਰਬਾ ਨਹੀਂ ਹੈ ਤਾਂ ਉਹ ਕੰਮ ਵੀ ਸਿਖਾ ਦੇਣਗੇ। ਸਰੀਰਕ ਤੌਰ ਤੇ ਮਿਹਨਤ ਮੁਸ਼ੱਕਤ ਵਾਲਾ ਕੰਮ ਕਰਨ ਵਾਲੇ ਸੰਪਰਕ ਕਰਨ "403 614 2094 ਜਾਂ 403 402 5615

### Name change
I, **Dilshaan** son of **Kamaljeet Singh Bassi**, holder of Indian passport No.- **P3313874**, issued at-**Hisar, Haryana on-26/08/2016**, permanent resident of-**Vill - Peeranwali, PO- Neoli Kalan, Hisar, PIN: 125004, Haryana**, India and presently residing at **4213-B Albulet Drive, Regina, (SK) S4W 0L7 Canada**, do hereby change My name from **Dilshaan-to -Dilshaan Singh Bassi** with immediate effect.
Date: 17/01/2022 Phone: 306-727-3111

### Need Nanny
Looking for a nanny live in or live out 5 days a week (Mon - Fri) to cook, clean, and babysit 0-5 year old baby girl.
Salary: $12-$15 Per Hour
Gurpreet Suman & Pradeep Kaur Sandhu
City: Regina, SK
Contact Number 306-621-0987

### Hiring
**Hair and face art salon islooking for hairdresser (NOC CODE 6341) Applicants should have minimum of 1-2 years of experience.**
**Number of Vacancies :2**
**Wage rate: 20/hour fulltime job**
**Interested candidates please send your resume at email: hairandfaceart994@gmail.com**

## ਸੁਪਰੀਮ ਕੋਰਟ ਨੇ 'ਬਿਕਰਮ ਮਜੀਠੀਆ' ਦੀ ਗ੍ਰਿਫ਼ਤਾਰੀ 'ਤੇ ਲਾਈ ਰੋਕ

ਚੰਡੀਗੜ੍ਹ (ਪੰਜਾਬੀ ਅਖਬਾਰ ਬਿਊਰੋ)- ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਬਿਕਰਮ ਸਿੰਘ ਮਜੀਠੀਆ ਨੂੰ ਸੁਪਰੀਮ ਕੋਰਟ ਨੇ ਵੱਡੀ ਰਾਹਤ ਦਿੱਤੀ ਹੈ। ਸੁਪਰੀਮ ਕੋਰਟ ਨੇ 23 ਫ਼ਰਵਰੀ ਤਕ ਮਜੀਠੀਆ ਦੀ ਗ੍ਰਿਫ਼ਤਾਰੀ 'ਤੇ ਰੋਕ ਲਗਾ ਦਿੱਤੀ ਹੈ। ਅਦਾਲਤ ਨੇ ਪੰਜਾਬ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਮਜੀਠੀਆ ਨੂੰ ਚੋਣ ਪ੍ਰਚਾਰ ਕਰਨ ਲਈ ਹਰੀ ਝੰਡੀ ਦੇ ਦਿੱਤੀ ਹੈ। ਹਾਲਾਂਕਿ 23 ਫ਼ਰਵਰੀ ਨੂੰ ਮਜੀਠੀਆ ਨੂੰ ਮੈਜਿਸਟ੍ਰੇਟ ਸਾਹਮਣੇ ਸਰੰਡਰ ਕਰਨਾ ਪਵੇਗਾ। ਇਸ ਤੋਂ ਪਹਿਲਾਂ ਸੁਪਰੀਮ ਕੋਰਟ ਵਲੋਂ ਅੱਜ ਦੇ ਦਿਨ ਤੱਕ ਲਈ ਮਜੀਠੀਆ ਦੀ ਗ੍ਰਿਫ਼ਤਾਰੀ 'ਤੇ ਰੋਕ ਲਾਈ ਹੋਈ ਸੀ। ਦੱਸ ਦੇਈਏ ਕਿ ਬੀਤੇ ਦਿਨੀਂ ਡਰੱਗਜ਼ ਮਾਮਲੇ ਵਿੱਚ ਫ਼ਸੇ ਮਜੀਠੀਆ ਨੂੰ ਗ੍ਰਿਫ਼ਤਾਰ ਕਰਨ ਲਈ ਪੰਜਾਬ ਪੁਲੀਸ ਵਲੋਂ ਮਜੀਠੀਆ ਦੇ ਅੰਮ੍ਰਿਤਸਰ ਦੇ ਰਣਜੀਤ ਐਵੇਨਿਊ ਕਾਲੋਨੀ ਵਿੱਚ ਸਥਿਤ ਘਰ ਵਿੱਚ ਛਾਪੇਮਾਰੀ ਕੀਤੀ ਗਈ ਸੀ ਪਰ ਪੁਲੀਸ ਮਜੀਠੀਆ ਨੂੰ ਗ੍ਰਿਫ਼ਤਾਰ ਕਰਨ ਵਿੱਚ ਨਾਕਾਮਯਾਬ ਰਹੀ ਸੀ।

## ਸੁਖਜਿੰਦਰ ਰੰਧਾਵਾ ਦਾ ਅਕਾਲੀਆਂ 'ਤੇ ਤੰਜ, ਕਿਹਾ-10 ਸਾਲਾਂ 'ਚ ਨਸ਼ਿਆਂ ਕਾਰਨ ਪੰਜਾਬ ਦਾ ਨਾਂ ਬਦਨਾਮ ਕੀਤਾ

ਜਲੰਧਰ (ਪੰਜਾਬੀ ਅਖਬਾਰ ਬਿਊਰੋ)-ਪੰਜਾਬ ਦੇ ਉੱਪ-ਮੁੱਖ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਅਕਾਲੀਆਂ 'ਤੇ ਸਿੱਧਾ ਸਿਆਸੀ ਹਮਲਾ ਬੋਲਦਿਆਂ ਕਿਹਾ ਹੈ ਕਿ ਉਨ੍ਹਾਂ ਨੇ 10 ਸਾਲਾਂ ਤਕ ਸੱਤਾ 'ਚ ਰਹਿੰਦੇ ਹੋਏ ਨਸ਼ਿਆਂ ਕਾਰਨ ਪੰਜਾਬ ਦਾ ਨਾਂ ਪੂਰੀ ਦੁਨੀਆਂ ਵਿੱਚ ਬਦਨਾਮ ਕਰ ਦਿੱਤਾ ਅਤੇ ਹੁਣ ਜੇਕਰ ਜਨਤਾ ਨੇ ਕਾਂਗਰਸ ਨੂੰ ਮੁੜ ਮੌਕਾ ਦਿੱਤਾ ਤਾਂ ਅਸੀਂ ਨਸ਼ਿਆਂ ਦਾ ਨਾਮੋ-ਨਿਸ਼ਾਨ ਪੰਜਾਬ 'ਚੋਂ ਮਿਟਾ ਦੇਵਾਂਗੇ। ਰੰਧਾਵਾ ਨੇ ਕਿਹਾ ਕਿ ਪਿਛਲੇ 10 ਸਾਲਾਂ 'ਚ ਹੀ ਜਦੋਂ ਸੱਤਾ 'ਤੇ ਅਕਾਲੀ ਕਾਬਜ਼ ਰਹੇ ਤਾਂ ਨਸ਼ਿਆਂ ਕਾਰਨ ਪੰਜਾਬ ਦਾ ਨਾਂ ਬਦਨਾਮ ਹੋਣਾ ਸ਼ੁਰੂ ਹੋ ਗਿਆ ਸੀ। 2007 ਤੋਂ ਲੈ ਕੇ 2017 ਤਕ ਪੰਜਾਬ ਦੀ ਬਦਨਾਮੀ ਨਸ਼ਿਆਂ ਕਾਰਨ ਹੋਈ, ਜਿਨ੍ਹਾਂ ਨੇ ਸਾਡੀ ਨੌਜਵਾਨ ਪੀੜ੍ਹੀ ਨੂੰ ਆਪਣੇ ਚੁੰਗਲ ਵਿੱਚ ਲੈ ਲਿਆ।

ਉੱਪ-ਮੁੱਖ ਮੰਤਰੀ ਨੇ ਕਿਹਾ ਕਿ 2007 ਤੋਂ ਪਹਿਲਾਂ ਪੰਜਾਬ ਵਿੱਚ ਕਦੇ ਵੀ ਨਸ਼ਿਆਂ ਦਾ ਜ਼ਿਕਰ ਨਹੀਂ ਹੁੰਦਾ ਸੀ। ਜਦੋਂ ਤਕ ਸ਼ਾਸਨ 'ਤੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਪਕੜ ਰਹੀ, ਨਸ਼ਿਆਂ ਦਾ ਜ਼ਿਕਰ ਨਹੀਂ ਆਉਂਦਾ ਸੀ ਪਰ ਜਦੋਂ ਬਾਦਲ ਦੀ ਪਕੜ ਢਿੱਲੀ ਪੈ ਗਈ ਅਤੇ ਨੌਜਵਾਨ ਨੇਤਾ ਅੱਗੇ ਆ ਗਏ ਤਾਂ ਨਸ਼ਿਆਂ ਦਾ ਪ੍ਰਚਲਨ ਪੰਜਾਬ ਵਿੱਚ ਵੱਧਣਾ ਸ਼ੁਰੂ ਹੋ ਗਿਆ। ਰੰਧਾਵਾ ਨੇ ਕਿਹਾ ਕਿ ਭਾਵੇਂ ਉਨ੍ਹਾਂ ਦੇ ਅਕਾਲੀ ਦਲ ਨਾਲ ਸਿਆਸੀ ਮਤਭੇਦ ਹਨ ਪਰ ਉਨ੍ਹਾਂ ਨੇ ਪ੍ਰਕਾਸ਼ ਸਿੰਘ ਬਾਦਲ ਨੂੰ ਲੈ ਕੇ ਕਦੇ ਵੀ ਇਹ ਦੋਸ਼ ਨਹੀਂ ਲਾਇਆ ਕਿ ਉਨ੍ਹਾਂ ਦੇ ਕਾਰਜ ਕਾਲ ਵਿੱਚ ਨਸ਼ਿਆਂ ਦਾ ਪ੍ਰਚੱਲਨ ਵਧਿਆ ਪਰ ਜਦੋਂ ਸੱਤਾ 'ਤੇ ਸੁਖਬੀਰ ਅਤੇ ਮਜੀਠੀਆ ਦੀ ਪਕੜ ਹੋ ਗਈ ਤਾਂ ਉਹ ਨਸ਼ਿਆਂ 'ਤੇ ਰੋਕ ਨਹੀਂ ਲਗਾ ਸਕੇ। ਉਨ੍ਹਾਂ ਜਨਤਾ ਨੂੰ ਕਿਹਾ ਕਿ ਉਹ ਅਕਾਲੀ ਨੇਤਾਵਾਂ ਨੂੰ ਜ਼ਰੂਰ ਪੁੱਛੇ ਕਿ ਉਨ੍ਹਾਂ ਨੇ ਪੰਜਾਬ ਨੂੰ ਨਸ਼ਿਆਂ ਦੀ ਦਲਦਲ 'ਚ ਕਿਉਂ ਧੱਕਿਆ। ਉਨ੍ਹਾਂ ਦੋਸ਼ ਲਾਇਆ ਕਿ ਅਕਾਲੀ ਨੇਤਾਵਾਂ ਦੀ ਅਜੇ ਵੀ ਭਾਜਪਾ ਨਾਲ ਅੰਦਰੂਨੀ ਗੰਢਤੁਪ ਹੈ। ਇਸ ਲਈ ਬਿਕਰਮ ਮਜੀਠੀਆ ਵਾਰ-ਵਾਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਤਾਰੀਫ਼ ਕਰਦੇ ਹਨ। ਉਨ੍ਹਾਂ ਲੋਕਾਂ ਨੂੰ ਸੁਚੇਤ ਕਰਦੇ ਹੋਏ ਕਿਹਾ ਕਿ ਉਹ ਭਾਜਪਾ ਦੇ ਝਾਂਸੇ ਵਿੱਚ ਨਾ ਆਉਣ ਕਿਉਂਕਿ ਕੱਲ ਨੂੰ ਲੋੜ ਪੈਣ 'ਤੇ ਭਾਜਪਾ ਮੁੜ ਅਕਾਲੀ ਦਲ ਨੂੰ ਸਮਰਥਨ ਦੇ ਸਕਦੀ ਹੈ।

# ਗੋਰਖ ਨਾਥ ਦਾ ਚੇਲਾ-ਦੇਵ ਥਰੀਕੇ ਵਾਲਾ



ਗੁਰਮੀਤ ਕੜਿਆਲਵੀ
9872640994

ਥਰੀਕਿਆਂ ਵਾਲੇ ਦੇਵ ਨੇ ਪੰਜਾਬੀ ਗੀਤਕਾਰੀ ਦੇ ਅੰਬਰ 'ਤੇ ਬੜੀ ਉੱਚੀ ਉਡਾਰੀ ਭਰੀ ਹੈ-ਉਕਾਬ ਵਰਗੀ। ਕੋਈ ਵਕਤ ਸੀ ਜਦੋਂ ਪੰਜਾਬ ਦੀ ਫਿਜ਼ਾ 'ਚ ਕੁਲਦੀਪ ਮਾਣਕ ਦੀ ਆਵਾਜ਼ 'ਚ ਥਰੀਕਿਆਂ ਵਾਲੇ ਦੇ ਗੀਤ ਸੁਣਦੇ ਸਨ। ਇਹਨਾਂ ਬੋਲਾਂ 'ਚ ਥਰੀਕਿਆਂ ਵਾਲੇ ਦੇਵ ਦੀ ਜਿੰਦ ਧੜਕਦੀ ਸੀ। ਦੇਵ ਦਾ ਸਿਰਜਿਆ ਗੀਤ 'ਦੀਵਿਆਂ ਵੇਲੇ ਦਰ ਆਪਣੇ ਦਾ ਕਿਸ ਕੁੰਢਾ ਖੜਕਾਇਆ, ਨੀ ਉੱਠ ਵੇਖ ਨਨਾਣੇ ਕੌਣ ਪ੍ਰਾਹੁਣਾ ਆਇਆ ਦਿਨ 'ਚ ਚਾਰ ਪੰਜ ਵਾਰ ਰੇਡੀਓ 'ਤੇ ਵੱਜਦਾ ਸੀ। ਦੁਪਿਹਰ ਵੇਲੇ ਆਉਂਦੇ 'ਭੈਣਾਂ ਦੇ ਪ੍ਰੋਗਰਾਮ' ਅਤੇ ਆਥਣੇ ਠੰਡੂ ਰਾਮ ਹੁਰਾਂ ਵਲੋਂ ਪੇਸ਼ ਕੀਤੇ ਜਾਂਦੇ 'ਦਿਹਾਤੀ ਪ੍ਰੋਗਰਾਮ' ਤੋਂ ਇਲਾਵਾ ਹੋਰ ਵੀ ਕਈ ਪ੍ਰੋਗਰਾਮਾਂ 'ਚ ਇਹ ਗੀਤ ਸੁਣਾਇਆ ਜਾਂਦਾ। ਉਹਨਾਂ ਭਲੇ ਦਿਨਾਂ 'ਚ ਗਾਇਕੀ ਅਜੇ ਸ਼ੋਰ ਸ਼ਰਾਬਾ ਨਹੀਂ ਸੀ ਬਣੀ। ਗੀਤਕਾਰੀ ਦੇ ਨਾਂ ਹੇਠ ਵੀ ਬਹੁਤਾ ਊਲ ਜਲੂਲ ਨਹੀਂ ਸੀ ਲਿਖਿਆ ਜਾਣ ਲੱਗਾ। ਬਕੌਲ ਮਾਣਕ, ਪੰਜਾਬੀ ਗਾਇਕ ਹਿੱਕ ਦੇ ਜ਼ੋਰ ਨਾਲ ਗਾਉਂਦੇ ਸਨ। ਗਾਇਕ ਤੇ ਗਾਇਕਾਵਾਂ ਨੇ ਖਾਹ ਮਖਾਹ ਦੀਆਂ ਡੱਡੂ ਟਪੂਸੀਆਂ ਮਾਰਨੀਆਂ ਨਹੀਂ ਸੀ ਸਿੱਖੀਆਂ। ਗੀਤਕਾਰਾਂ ਦੇ ਗੀਤਾਂ 'ਚ ਬੰਬ ਬੰਦੂਕਾਂ ਤੇ ਕਹੀਆਂ ਕੁਹਾੜੀਆਂ ਚੱਲਣੀਆਂ ਸ਼ੁਰੂ ਨਹੀਂ ਸੀ ਹੋਈਆਂ। ਇਹ ਨਹੀਂ ਕਿ ਮਿਆਰ ਤੋਂ ਨੀਵੇ ਬੋਲ ਨਹੀਂ ਸਨ ਹੁੰਦੇ-ਹੁੰਦੇ ਸਨ ਪਰ ਵਿਰਲੇ ਵਿਰਲੇ। ਚੰਨ ਗੁਰਾਇਆ ਮਾਰਕਾ 'ਮੇਰਾ ਕੱਟਾ ਹੈ ਬ੍ਰਹਮਚਾਰੀ' 'ਮੇਰੀ ਪਾਟੀ ਹੋਈ ਟੂਪ ਨੂੰ ਪੈਂਚਰ ਲਾ ਬਾਬਾ' ਵਰਗੇ ਗੀਤ ਵੀ ਏਸੇ ਦੌਰ 'ਚ ਚੱਲ ਰਹੇ ਸਨ। ਕਈ ਢਾਡੀ ਵੀ 'ਘੱਗਰੇ ਦੀ ਲੌਣ ਚੱਕ ਕੇ' ਵਰਗੇ ਗੈਰ ਮਿਆਰੀ ਗੌਣ ਗਾਈ ਜਾਂਦੇ। ਇਹ ਗੀਤ ਮਾਨ ਸਨਮਾਨ ਦਾ ਨਹੀਂ ਬਲਕਿ ਸ਼ਰਮ ਦਾ ਸਬੱਬ ਬਣਦੇ। ਅਜਿਹਾ ਗੈਰ ਮਿਆਰੀ ਲਿਖਣ ਵਾਲੇ ਗੀਤਕਾਰ ਹਿੱਕ ਚੌੜੀ ਕਰਕੇ ਨਹੀਂ ਸੀ ਤੁਰਦੇ ਸਗੋਂ ਮੂੰਹ ਛੁਪਾਉਂਦੇ ਰਹਿੰਦੇ।

ਦੇਵ ਥਰੀਕਿਆਂ ਵਾਲੇ ਨੇ ਲੰਮਾ ਸਮਾਂ ਪੰਜਾਬੀ ਗੀਤਕਾਰੀ ਦਾ ਆਕਾਸ਼ ਮੱਲੀ ਰੱਖਿਆ ਹੈ। ਉਹ ਗੋਰਖ ਨਾਥ ਦੇ ਟਿੱਲੇ ਤੋਂ ਪੰਜਾਬੀ ਜਨਮਾਨਸ ਨੂੰ ਉਹਨਾਂ ਦੇ ਦਿਲਾਂ 'ਚ ਡੂੰਘੀ ਧਸੀ ਪਈ ਹੀਰ ਦੇ ਦਰਸ਼ਨ ਕਰਾਉਂਦਾ ਰਿਹਾ। ਉਸਦੇ ਗੀਤਾਂ ਵਿਚਲਾ ਰਾਂਝਾ ਗੁਰੂ ਗੋਰਖ ਨਾਥ ਨੂੰ 'ਟਿੱਲੇ ਵਾਲਿਆ ਮਿਲਾਦੇ ਜੱਟੀ ਹੀਰ ਨੂੰ' ਆਖਦਿਆਂ ਹੀਰ ਮਿਲਾ ਦੇਣ ਲਈ ਤਰਲੇ ਮਿੰਨਤਾਂ ਵੀ ਕਰਦਾ ਹੈ ਤੇ ਅੱਕਿਆ ਹੋਇਆ 'ਤੇਰੀ ਖਾਤਰ ਹੀਰੇ ਛੱਡਿਆ ਤਖਤ ਹਜ਼ਾਰੇ ਨੂੰ' ਕਹਿਕੇ ਮੇਹਣੇ ਤਾਅਨੇ ਵੀ ਮਾਰਨ ਲੱਗ ਜਾਂਦਾ। ਦੇਵ ਥਰੀਕਿਆਂ ਵਾਲੇ ਨੇ ਪਹੌੜ ਮੱਲ ਬਾਣੀਏ ਦੀ ਸਿਆਲਕੋਟੀਏ ਰਾਜੇ ਰਸਾਲੂ ਦੇ ਵਜ਼ੀਰ ਬੀਜੇ ਨਾਲ ਵਿਆਹੀ ਹੋਈ ਧੀ ਕੌਲਾਂ ਦਾ ਦਰਦ ਲਿਖਿਆ-ਜਿਵੇਂ ਪੰਜਾਬ ਦੀਆਂ ਲੱਖਾਂ ਧੀਆਂ ਦੀ ਬੇਵਸੀ ਨੂੰ ਜ਼ੁਬਾਨ ਦੇ ਦਿੱਤੀ ਹੋਵੇ। ਗੀਤ ਸੁਣਦਿਆਂ ਪਤੀਆਂ ਦੇ ਘਰਾਂ 'ਚੋਂ ਧੱਕੀਆਂ ਧੀਆਂ ਧਿਆਣੀਆਂ ਦੇ ਅੱਥਰੂ ਵਹਿਣ ਲੱਗਦੇ।

ਥਰੀਕਿਆਂ ਵਾਲੇ ਨੇ ਪੰਜਾਬ ਦੀ ਹਰੇਕ ਲੋਕ ਗਾਥਾ ਨੂੰ ਆਪਣੀ ਕਲਮ ਨਾਲ ਅਜਿਹੀਆਂ ਕਲਾਮਈ ਛੋਹਾਂ ਦਿੱਤੀਆਂ ਕਿ ਇਹ ਗਾਥਾਵਾਂ ਪੰਜਾਬੀਆਂ ਦੇ ਮਨਾਂ 'ਚ ਹੋਰ ਡੂੰਘੀਆਂ ਉੱਤਰ ਗਈਆਂ। ਦੇਵ ਦਾ ਸਿਰਜਿਆ ਦੁੱਲਾ ਭੱਟੀ, ਮਾਂ ਲੱਧੀ ਦੇ ਚੁੰਘੇ ਹੋਏ ਦੁੱਧ ਦੀ ਲੱਜ ਪਾਲਦਾ ਹਾਕਮਾਂ ਤੇ ਰਜਵਾੜਿਆਂ ਨੂੰ ਸਿੱਧਾ ਟੱਕਰਦਾ ਹੈ। ਉਹ ਸਮੇਂ ਦੇ ਹਾਕਮਾਂ ਦੀਆਂ ਵਧੀਕੀਆਂ ਤੋਂ ਅੱਕਿਆ ਮਾਂ ਦੇ ਰੋਕਿਆਂ ਵੀ ਨਹੀਂ ਰੁਕਦਾ ਸਗੋਂ ਮਾਂ ਨੂੰ 'ਮੇਰਾ ਨਾਂ ਨਾ ਦੁੱਲਾ ਰੱਖਦੀ-ਰੱਖ ਦਿੰਦੀ ਕੁੱਝ ਹੋਰ ਨੀ' ਆਖ ਕੇ ਚੇਤੇ ਕਰਾਉਂਦਾ ਕਿ ਉਸਦੀਆਂ ਰਗਾਂ 'ਚ ਵਹਿੰਦੇ ਖੂਨ ਵਿੱਚ ਜੋਸ਼, ਗੈਰਤ ਤੇ ਗਰਮੀ ਭਰਨ 'ਚ ਤੇਰੇ ਰੱਖੇ ਨਾਂ ਦੀ ਵੀ ਅਹਿਮ ਭੂਮਿਕਾ ਹੈ। ਬੰਦਾ ਸਿੰਘ ਬਹਾਦਰ ਦੀ ਵਾਰ ਲਿਖਕੇ ਉਸਨੇ ਪੰਜਾਬ ਦੀ ਮਿੱਟੀ ਦੇ ਜਾਇਆਂ ਨੂੰ ਹਰ ਤਰ੍ਹਾਂ ਦੀ ਜ਼ੁਲਮ ਜ਼ਿਆਦਤੀ ਦੇ ਅੱਗੇ ਹਿੱਕ ਡਾਹ ਕੇ ਖੜ ਜਾਣ ਦੀ ਪ੍ਰੇਰਨਾ ਦਿੱਤੀ। 'ਜੱਗੇ' 'ਸੁੱਚੇ' ਅਤੇ 'ਜਿਉਣੇ ਮੌੜ' ਵਰਗੇ ਦੇਵ ਲਈ ਨਾਇਕ ਨੇ ਜੋ ਅਣਖ ਇਜ਼ਤ ਦੀ ਖਾਤਰ ਵੱਡੇ ਤੋਂ ਵੱਡੇ ਰਾਠਾਂ ਨਾਲ ਭਿੜ ਜਾਂਦੇ ਹਨ। ਜਿਹੜੇ ਅਮੀਰਾਂ ਸ਼ਾਹੂਕਾਰਾਂ ਨੂੰ ਲੁੱਟ ਕੇ ਗਰੀਬਾਂ 'ਚ ਵੰਡਦੇ ਹਨ। ਹਰਦੇਵ ਦਿਲਗੀਰ ਉਰਫ਼ ਦੇਵ ਥਰੀਕਿਆਂ ਵਾਲਾ ਚਾਰ ਦਹਾਕਿਆਂ ਤੋਂ ਵੀ ਵੱਧ ਸਮਾਂ ਲੋਕ ਗਾਥਾਵਾਂ ਅਤੇ ਹੋਰ ਸਦਾ ਬਹਾਰ ਗੀਤਾਂ ਨਾਲ ਧਰਤੀ ਤੇ ਅੰਬਰ ਨੂੰ ਸਾਵੇਂ ਰੰਗ ਦੀ ਟਾਕੀ ਨਾਲ ਬੰਨ੍ਹੀ ਫਿਰਦਾ ਰਿਹਾ।

ਥਰੀਕਿਆਂ ਵਾਲੇ ਦੇਵ ਨੂੰ ਮੈਂ ਉਦੋਂ ਤੋਂ ਜਾਣਦਾ ਹਾਂ ਜਦੋਂ ਅਜੇ ਚੌਥੀ ਜਮਾਤੇ ਪੜ੍ਹਦਾ ਸਾਂ। ਉਹਨਾਂ ਦਿਨਾਂ 'ਚ ਮੇਰੇ ਪਿੰਡ ਧਾਲੀਵਾਲਾਂ ਦੀ ਧਰਮਸ਼ਾਲਾ 'ਚ ਕੁਲਦੀਪ ਮਾਣਕ ਦਾ ਅਖਾੜਾ ਲੱਗਾ ਸੀ। ਮਾਣਕ ਨੂੰ ਸੁਨਣ ਵਾਸਤੇ ਆਸੇ ਪਾਸੇ ਦੇ ਪਿੰਡਾਂ 'ਚੋਂ ਲੋਕ ਵਹੀਰਾਂ ਘੱਤ ਕੇ ਆਏ। ਉਦੋਂ ਆਏਂ ਹੁੰਦਾ ਸੀ। ਗਾਇਕ ਅਜੇ ਟੈਲੀਵਿਜ਼ਨ ਦੀ ਸਕਰੀਨ 'ਚ ਬੰਦ ਨਹੀਂ ਸੀ ਹੋਏ। ਗਾਇਕਾਂ ਦੇ ਅਖਾੜਿਆਂ 'ਚ 5ੜਕਾਂ ਦੀ ਭੀੜ ਜੁੜ ਜਾਂਦੀ ਸੀ। ਉਸ ਦਿਨ ਵੀ ਧਰਮਸ਼ਾਲਾ 'ਚ ਪੈਰ ਧਰਨ ਨੂੰ ਵੀ ਥਾਂ ਨਹੀਂ ਸੀ ਲੱਭਦੀ। ਮੈਂ ਭੀੜ 'ਚੋਂ ਖਿਸਕਦਾ ਖਿਸਕਦਾ ਸਟੇਜ ਦੇ ਐਨ ਮੂਹਰੇ ਚਲਾ ਗਿਆ ਸਾਂ। ਗੰਦਮੀ ਰੰਗ ਦੇ ਹੌਲੇ ਸਰੀਰ ਵਾਲੇ ਮਾਣਕ ਨੇ ਗੇਰੂਏ ਰੰਗ ਦਾ ਕੁੜਤਾ ਚਾਦਰਾ ਪਾਇਆ ਹੋਇਆ ਸੀ। ਮਾਵੇ ਲੱਗੀ ਹੋਈ ਤੇ ਲੜ ਛੱਡ ਕੇ ਬੰਨ੍ਹੀ ਚਿੱਟੀ ਪੱਗ ਦਾ ਤੁਰਲਾ ਕੁੱਕੜ ਦੀ ਕਲਗੀ ਵਾਂਗ ਆਕੜਿਆ ਪਿਆ ਸੀ। ਮਾਣਕ ਕੰਨ 'ਤੇ ਹੱਥ ਧਰ ਕੇ ਨੀਵਾਂ ਹੋਇਆ ਤੇ 'ਲੈ ਕੇ ਕਲਗੀਧਰ ਤੋਂ ਥਾਪੜਾ' ਦੀ ਹੇਕ ਲਾਉਂਦਿਆਂ ਬੰਦਾ ਸਿੰਘ ਬਹਾਦਰ ਦੀ ਵਾਰ ਸ਼ੁਰੂ ਕੀਤੀ ਤਾਂ ਧਰਮਸ਼ਾਲਾ 'ਚ ਲੱਗੇ ਪਿੱਪਲਾਂ 'ਤੇ ਬੈਠੇ ਜਾਨਵਰ ਅੰਬਰ ਵੱਲ ਉਡਾਰੀ ਮਾਰ ਗਏ। ਕਮਜ਼ੋਰ ਪਏ ਪੀਲੇ ਪੱਤੇ ਖੜ ਖੜ ਕਰਕੇ ਝੜਨ ਲੱਗੇ। ਮੇਰੇ ਬਾਲ ਮਨ ਨੂੰ ਲੱਗਾ ਜਿਵੇਂ ਮਾਣਕ ਦੀ ਤਿੱਖੀ ਆਵਾਜ਼ ਨਾਲ ਧਰਮਸ਼ਾਲਾ ਦੀ ਛੱਤ 'ਤੇ ਮੰਜੇ ਜੋੜ ਕੇ ਟੰਗੇ ਸਪੀਕਰ ਚਿੱਬੇ ਹੋ ਗਏ ਹੋਣਗੇ ਪਰ ਮੇਰਾ ਇਹ ਖਦਸ਼ਾ ਸੱਚ ਨਹੀਂ ਸੀ। ਮਾਣਕ ਦੀ ਟਾਟ ਵਰਗੀ ਤਿੱਖੀ ਆਵਾਜ਼ ਨਾਲ ਗੂੰਜ ਜ਼ਰੂਰ ਪੈਣ ਲੱਗ ਜਾਂਦੀ ਜਿਸਨੂੰ ਸਪੀਕਰ ਵਾਲਾ ਭਾਈ ਘੜੀ ਮੁੜੀ ਸੈੱਟ ਕਰਦਾ ਸੀ।

ਕੁਲਦੀਪ ਮਾਣਕ ਨੇ ਵਕਤ ਨੂੰ ਢਾਈ ਤਿੰਨ ਘੰਟੇ ਧਰਮਸ਼ਾਲਾ ਦੀਆਂ ਥੰਮੀਆਂ ਨਾਲ ਬੰਨ੍ਹੀ ਰੱਖਿਆ। 'ਛੇਤੀ ਕਰ ਸਰਵਣ ਬੱਚਾ, ਪਾਣੀ ਪਿਲਾਦੇ ਉਏ' ਤੋਂ ਲੈ ਕੇ 'ਤੇਰੇ ਟਿੱਲੇ ਤੋਂ ਉਏ ਸੂਰਤ ਦੀਂਹਦੀ ਆ ਹੀਰ ਦੀ-ਔਹ ਲੈ ਵੇਖ ਗੋਰਖਾ ਉੱਡਦੀ ਆ ਫੁੱਲਕਾਰੀ' ਤੱਕ ਪਤਾ ਨਹੀਂ ਕਿੰਨੇ ਕੁ ਗੀਤ ਸੁਣਾਏ ਸਨ। ਘਰਦੀ ਕੱਢੀ ਦੇਸੀ ਦਾਰੂ ਨਾਲ ਟੁੰਨ ਹੋਏ ਬਾਰਾਤੀ ਘੜੀ ਮੁੜੀ ਗੋਰਖ ਨਾਥ ਦੇ ਟਿਲੇ ਤੋਂ ਹੀਰ ਸੁਨਣ ਦੀ ਜਿ?ਦ ਕਰਦੇ ਰਹੇ। ਮਾਣਕ ਨੂੰ ਪੰਜ-ਛੇ ਵਾਰ ਇਹ ਗੀਤ ਗਾਉਣਾ ਪਿਆ ਸੀ। ਗੀਤ ਦੇ ਆਖੀਰ 'ਚ ਆਉਂਦੇ ਸ਼ਬਦ 'ਥਰੀਕੇ ਵਾਲਿਆ' 'ਥਰੀਕੇ ਵਾਲੜਾ' 'ਦੇਵ ਥਰੀਕਿਆਂ ਵਾਲਿਆ' 'ਚੋਂ 'ਥਰੀਕੇ' ਨੂੰ ਮਾਣਕ ਬੜਾ ਘਰੋੜ ਕੇ ਬੋਲਦਾ। ਉਸ ਵਲੋਂ 'ਥੱਥਾ' ਸ਼ਬਦ 'ਤੇ ਜਿਆਦਾ ਹੀ ਜ਼ੋਰ ਪਾ ਕੇ ਬੋਲਿਆ 'ਥ--- ਥਰੀਕੇ' ਮੱਲੋਮੱਲੀ ਮੇਰੇ ਵਰਗਿਆਂ ਦੇ ਜਿ?ਹਨ 'ਚ ਅੜ ਜਾਂਦਾ। ਉਦੋਂ ਐਨਾ ਨਹੀਂ ਸੀ ਪਤਾ ਕਿ ਗਾਏ ਜਾਣ ਵਾਲੇ ਗੀਤਾਂ ਨੂੰ ਕੋਈ ਲਿਖਦਾ ਵੀ ਹੈ। ਉਦੋਂ ਨਹੀਂ ਸੀ ਪਤਾ ਕਿ ਮਾਣਕ ਦੇ ਜਿੰਨਾਂ ਗੀਤਾਂ 'ਤੇ ਲੋਕ ਝੂੰਮ ਰਹੇ ਨੇ, ਉਹ ਕਿਸੇ 'ਦੇਵ ਥਰੀਕਿਆਂ ਵਾਲੇ' ਨਾਂ ਦੇ ਗੀਤਕਾਰ ਨੇ ਲਿਖੇ ਹੋਏ ਹਨ। ਉਦੋਂ ਤਾਂ ਸੋਚਿਆ ਵੀ ਨਹੀਂ ਸੀ ਅੱਗੇ ਚੱਲ ਕੇ ਥਰੀਕਿਆਂ ਵਾਲੇ ਦੇਵ ਦੀ ਮੁਹੱਬਤ ਮਾਨਣ ਦਾ ਮੌਕਾ ਵੀ ਮਿਲੇਗਾ।

ਉਹਨਾਂ ਦਿਨਾਂ 'ਚ ਨਰਿੰਦਰ ਬੀਬਾ ਦਾ ਗਾਇਆ ਗੀਤ 'ਰਣ ਗਗਨ ਦਮਾਮਾ ਵੱਜਿਆ ਸਿੰਘੋ ਸਰਦਾਰੋ, ਅੱਜ ਵੈਰੀ ਚੜ੍ਹਕੇ ਆ ਗਿਆ ਤੁਸੀਂ ਜਾ ਲਲਕਾਰੋ' ਸੁਨਣ ਵਾਲਿਆਂ ਅੰਦਰ ਜੋਸ਼ ਭਰ ਦਿੰਦਾ ਸੀ। ਬੀਬਾ ਦੀ ਆਵਾਜ਼ 'ਚ ਹੀ ਰੇਡੀਓ 'ਤੋਂ 'ਕਾਹਨੂੰ ਮਾਰਦਾਂ ਚੰਦਰਿਆਂ ਛਮਕਾਂ, ਮੈਂ ਕੱਚ ਦੇ ਗਿਲਾਸ ਵਰਗੀ' ਵੀ ਘੜੀ ਮੁੜੀ ਸੁਨਣ ਨੂੰ ਮਿਲਦਾ। ਹੁਣ ਗੀਤਾਂ ਦੇ ਬੋਲਾਂ ਦੀ ਕੁੱਝ ਕੁੱਝ ਸਮਝ ਪੈਣ ਲੱਗੀ। ਇਹ ਵੀ ਪਤਾ ਲੱਗਣ ਲੱਗਾ ਕਿ ਗਾਏ ਜਾਂਦੇ ਗੀਤ ਆਕਾਸ਼ 'ਚੋਂ ਨਹੀਂ ਆਉਂਦੇ ਬਲਕਿ ਇਹਨਾਂ ਨੂੰ 'ਥਰੀਕਿਆਂ ਵਾਲੇ ਦੇਵ' ਵਰਗੇ ਲੇਖਕ ਲਿਖਦੇ ਹਨ। ਮੈਂ ਸੋਚਦਾ ਕਿ ਗੀਤ ਲਿਖਣ ਵਾਲੇ ਆਮ ਲੋਕ ਨਹੀਂ ਹਨ-ਇਹ ਜ਼ਰੂਰ ਕਿਸੇ ਹੋਰ ਦੁਨੀਆ ਤੋਂ ਆਏ ਹੋਣਗੇ। ਕੋਈ ਆਮ ਬੰਦਾ ਇੰਜ ਪੈਂਤੀ ਅੱਖਰਾਂ ਨੂੰ ਜੋੜ ਕੇ ਗੀਤ ਕਿਵੇਂ ਬਣਾ ਸਕਦਾ ਹੈ ?

ਉਹਨਾਂ ਦਿਨਾਂ 'ਚ ਦਿਮਾਗ ਇਹ ਸੋਚ ਹੀ ਨਹੀਂ ਸੀ ਸਕਦਾ ਕਿ 'ਤੇਰੇ ਟਿੱਲੇ ਤੋਂ ਔਹ ਸੂਰਤ ਦੀਂਹਦੀ ਐ ਹੀਰ ਦੀ' ਵਰਗੇ ਗੀਤ ਲਿਖਣ ਵਾਲਾ 'ਥਰੀਕਿਆਂ ਵਾਲਾ ਦੇਵ' ਸਾਡੇ ਵਾਂਗ ਹੀ ਸਕੂਲ ਦੇ ਤੱਪੜਾਂ 'ਤੇ ਬੈਠ ਕੇ ਪੜ੍ਹਦਾ ਰਿਹਾ ਹੈ। ਲਲਤੋਂ ਕਲਾਂ ਦੇ ਸਕੂਲ 'ਚ ਗਿਆਨੀ ਹਰੀ ਸਿੰਘ ਦਿਲਬਰ ਕੋਲ ਪੜ੍ਹਦਾ ਇਹ ਵਿਦਿਆਰਥੀ ਆਪਣੇ ਲੇਖਕ ਅਧਿਆਪਕ ਦੀ ਦੇਖਾ ਦੇਖੀ ਪੜ੍ਹਨ ਲਿਖਣ ਲੱਗਾ ਹੋਵੇਗਾ। ਸੰਗਾਊ ਤੇ ਸਰੀਰੋਂ ਕਮਜ਼ੋਰ ਜਿਹੇ ਮੁੰਡੇ ਹਰਦੇਵ ਨੇ ਸਕੂਲ ਦੀ ਬਾਲ ਸਭਾ 'ਚ ਸੁਨਾਉਣ ਲਈ 'ਚੱਕ ਭੈਣੇ ਬਸਤਾ ਸਕੂਲ ਚੱਲੀਏ' ਗੀਤ ਲਿਖਿਆ ਹੋਵੇਗਾ ਤੇ ਆਪਣੇ ਵਕਤ ਦੇ ਉੱਘੇ ਨਾਵਲਕਾਰ ਕਹਾਣੀਕਾਰ ਮਾਸਟਰ ਗਿਆਨੀ ਹਰੀ ਸਿੰਘ ਨੇ ਇਸ ਗੀਤ ਨੂੰ 'ਬਾਲ ਦਰਬਾਰ' ਨਾਂ ਦੇ ਮੈਗਜ਼ੀਨ 'ਚ ਛਪਾ ਕੇ ਉਸਨੂੰ ਲਿਖਣ ਦੇ ਰਾਹ ਪਾ ਦਿੱਤਾ ਹੋਵੇਗਾ। ਹਰਦੇਵ ਸਿੰਘ ਤੋਂ ਹਰਦੇਵ ਦਿਲਗੀਰ ਬਣਿਆ ਇਹ ਮੁੰਡਾ ਬਾਲ ਗੀਤਾਂ ਦੇ ਨਾਲ ਨਾਲ ਕਹਾਣੀਆਂ ਵੀ ਜੋੜਨ ਲੱਗ ਪਿਆ ਹੋਵੇਗਾ ਤੇ ਫਿਰ ਉਸਨੇ ਨਾਵਲ ਵੀ ਝਰੀਟ ਦਿੱਤਾ ਹੋਵੇਗਾ।

ਉਹਨਾਂ ਦਿਨਾਂ 'ਚ ਰੇਡੀਓ 'ਤੇ ਵੱਜਦੇ ਇੱਕ ਗੀਤ ਨਾਲ ਬੜੀ ਗੂੜ੍ਹੀ ਮੁਹੱਬਤ ਹੋ ਗਈ। ਰੇਡੀਓ ਤੋਂ ਇਸ ਗੀਤ ਦੇ ਆਉਣ ਦੀ ਉਡੀਕ ਲੱਗੀ ਰਹਿੰਦੀ। ਜਦੋਂ ਹੀ ਅਨਾਊਂਸਰ 'ਹੁਣ ਸੁਣੋ ਪੰਜਾਬ ਦੀ ਕੋਇਲ ਸੁਰਿੰਦਰ ਕੌਰ ਦੀ ਆਵਾਜ਼ 'ਚ ਦੇਵ ਥਰੀਕੇ ਵਾਲੇ ਦਾ ਲਿਖਿਆ ਗੀਤ 'ਕੌਣ ਪ੍ਰਾਹੁਣਾ ਆਇਆ' ਆਖਦਾ ਤਾਂ ਦਿਲ 'ਚ ਗੁਦਗੁਦੀ ਜਿਹੀ ਹੋਣ ਲੱਗਦੀ। ਇਹ ਪਹਿਲਾ ਗੀਤ ਸੀ ਜੋ ਮੈਂ ਰੇਡੀਓ ਤੋਂ ਸੁਣਕੇ ਸਕੂਲ ਵਾਲੀ ਕਾਪੀ ਦੇ ਪਿਛਲੇ ਵਰਕੇ 'ਤੇ ਉਤਾਰਿਆ ਸੀ। ਗੀਤ ਦੇ ਬੋਲ ਮੇਰੇ ਦਿਮਾਗ 'ਚ ਗੂੰਜਦੇ ਰਹਿੰਦੇ:-

**ਦੀਵਿਆਂ ਵੇਲੇ ਦਰ ਅਪਣੇ ਦਾ ਕਿਸ ਕੁੰਡਾ ਖੜਕਾਇਆ**
**ਨੀ ਉੱਠ ਵੇਖ ਨਨਾਣੇ ਕੌਣ ਪ੍ਰਾਹੁਣਾ ਆਇਆ।**
**ਫੁੱਲਾਂ ਵਰਗੀ ਮਹਿਕ ਜਿਹੀ ਕੀ, ਵੀਹੀ ਵਿੱਚੋਂ ਆਵੇ**
**ਰੱਬ ਕਰਕੇ ਨੀ ਰਾਤ ਵਾਲਾ ਮੇਰਾ, ਸੁਫਨਾ ਸੱਚ ਹੋ ਜਾਵੇ**
**ਚੁੱਲ੍ਹੇ ਮੂਹਰੇ ਬੈਠੀ ਦਾ ਨੀ ਮੇਰਾ, ਅੰਗ ਅੰਗ ਨਸ਼ਿਆਇਆ**
**ਨੀ ਉੱਠ ਵੇਖ ਨਨਾਣੇ ਕੌਣ ਪ੍ਰਾਹੁਣਾ ਆਇਆ।**
**ਨੀ ਨਣਦੇ ਨੀ ਬੀਬੀਏ ਨਣਦੇ, ਬਿੜਕ ਪੈਰਾਂ ਦੀ ਆਈ**
**ਇਉਂ ਜਾਪੇ ਨੀ ਬਾਹਰ ਖੜਾ ਹੈ, ਚੰਨ ਵਰਗਾ ਤੇਰਾ ਭਾਈ**
**ਮੇਰਾ ਨਾਂ ਲੈ ਕੇ ਨੀ, ਕਿਸਨੂੰ ਹੋਰ ਬੁਲਾਇਆ**
**ਨੀ ਉੱਠ ਵੇਖ ਨਨਾਣੇ ਕੌਣ ਪ੍ਰਾਹੁਣਾ ਆਇਆ।**
**ਭੁੱਲ ਭੁਲੇਖੇ ਸ਼ੀਸ਼ੇ ਮੂਹਰੇ, ਜਦ ਬੈਠਾਂ ਮੈਂ ਆ ਕੇ,**
**ਪੁੱਠੀਆਂ ਸਿੱਧੀਆਂ ਗੱਲਾਂ ਨੀ, ਪਾ ਲੈਂਦੀਆਂ ਘੇਰਾ ਆ ਕੇ**
**ਪਰਸੋਂ ਰੋਂਦੀਆਂ ਰੀਝਾਂ ਨੂੰ ਮੈਂ, ਲਾਰਿਆਂ ਨਾਲ ਵਰਾਇਆ**
**ਨੀ ਉੱਠ ਵੇਖ ਨਨਾਣੇ ਕੌਣ ਪ੍ਰਾਹੁਣਾ ਆਇਆ।**

ਇਹ ਮੇਰੀ ਉਮਰ ਦੇ ਉਹ ਦਿਨ ਸਨ ਜਦੋਂ ਮੈਨੂੰ ਕਦੇ ਖਿਡਾਰੀ ਚੰਗੇ ਲੱਗਣ ਲੱਗਦੇ ਤੇ ਕਦੇ ਲਿਖਾਰੀ। ਮੈਂ ਨੇੜੇ ਤੇੜੇ ਹੁੰਦੇ ਖੇਡ ਮੇਲੇ ਅਤੇ ਅਖਾੜੇ ਵੇਖਣੋ ਨਾ ਖੁੰਝਦਾ। ਮੇਰਾ ਮਾੜਚੂ ਸਰੀਰ ਕਬੱਡੀ ਦੇ ਖਿਡਾਰੀਆਂ ਦੀਆਂ ਧੌਲਾਂ ਸਹਿਣ ਜੋਗਾ ਨਹੀਂ ਸੀ। ਮੈਂ ਹਿਸਾਬ ਲਾਇਆ-ਖਿਡਾਰੀ ਨਹੀਂ ਤਾਂ ਲਿਖਾਰੀ ਤਾਂ ਬਣਿਆ ਹੀ ਜਾ ਸਕਦਾ ਹੈ। ਮੈਂ ਸ਼ਬਦਾਂ ਨਾਲ ਖੇਡਣ ਦਾ ਅਭਿਆਸ ਕਰਨ ਲੱਗਾ। ਕਵਿਤਾਵਾਂ ਤੋਂ ਹੁੰਦਾ ਹੋਇਆ ਕਹਾਣੀਆਂ 'ਤੇ ਵੀ ਹੱਥ ਅਜਮਾਈ ਕਰਨ ਲੱਗਾ। ਕਹਾਣੀਆਂ ਤੇ ਕਵਿਤਾਵਾਂ ਅਖਬਾਰਾਂ ਮੈਗਜ਼ੀਨਾਂ 'ਚ ਛਪਣ ਵੀ ਲੱਗੀਆਂ। ਸਾਹਿਤਕਾਰਾਂ ਨਾਲ ਜਾਣ ਪਛਾਣ ਹੋਣ ਲੱਗੀ।



ਸਾਹਿਤ ਸਭਾਵਾਂ 'ਚ ਜਾਣ ਲੱਗਾ। ਗੀਤਾਂ, ਕਵਿਤਾਵਾਂ ਦੇ ਬੋਲਾਂ ਅੰਦਰਲੇ ਅਰਥਾਂ ਦੇ ਮਚਲਦੇ ਸਾਗਰ 'ਚ ਡੁੱਬਣ ਤਰਨ ਲੱਗਾ। ਗਾਇਕ ਗਾਇਕਾਵਾਂ ਦੀ ਆਵਾਜ਼ ਦੇ ਨਾਲ ਨਾਲ ਗੀਤਾਂ ਦੀ ਸ਼ਬਦਾਵਲੀ ਬਾਰੇ ਵੀ ਸੋਚਣ ਲੱਗਦਾ। ਅੰਦਰੇ ਅੰਦਰ ਗੀਤਾਂ ਦੀ ਆਲੋਚਨਾ ਵੀ ਹੋਣ ਲੱਗੀ। ਗਾਇਕਾਂ ਨਾਲੋਂ ਵੱਧ ਗੀਤਾਂ ਦੇ ਸਿਰਜਣਹਾਰਿਆਂ ਨਾਲ ਲਗਾਅ ਹੋਣ ਲੱਗਾ। ਗੀਤਕਾਰਾਂ ਨੂੰ ਮਿਲਣ ਦੀ ਇੱਛਾ ਵੀ ਪੈਦਾ ਹੋਣ ਲੱਗੀ। ਮੇਰੀ ਇੱਛਾ 'ਚ ਸਭ ਤੋਂ ਪਹਿਲਾ ਨਾਂ 'ਦੀਵਿਆਂ ਵੇਲੇ ਦਰ ਆਪਣੇ ਦਾ ਕਿਸ ਕੁੰਡਾ ਖੜਕਾਇਆ' ਵਾਲੇ ਦੇਵ ਥਰੀਕੇ ਦਾ ਹੁੰਦਾ।

ਇਹ ਜਗਦੇਵ ਸਿੰਘ ਜੱਸੋਵਾਲ ਵਲੋਂ ਪ੍ਰੋਫੈਸਰ ਮੋਹਨ ਸਿੰਘ ਦੇ ਨਾਂ 'ਤੇ ਲਾਏ ਜਾਂਦੇ ਗਾਇਕੀ ਮੇਲੇ ਦੀ ਚੜ੍ਹਤ ਦੇ ਦਿਨਾਂ ਦੀਆਂ ਗੱਲਾਂ ਨੇ। ਉਸ ਵਰ੍ਹੇ ਮੇਲੇ 'ਚ ਕਨੇਡਾ ਤੋਂ ਆਏ ਕੋਟ ਪੈਂਟ ਵਾਲੇ ਉੱਚੇ ਲੰਮੇ ਮੁੰਡੇ ਹਰਭਜਨ ਮਾਨ ਨੇ 'ਚਿੱਠੀਏ ਨੀ ਚਿੱਠੀਏ-ਹੰਝੂਆਂ ਨਾ ਲਿਖੀਏਂ' ਗਾ ਕੇ ਮੇਲਾ ਲੁੱਟ ਲਿਆ ਸੀ। ਅਸੀਂ ਕਾਲਜੋਂ ਉਡਾਰੀ ਮਾਰ ਕੇ ਮੇਲਾ ਵੇਖਣ ਗਏ ਸਾਂ। ਲੌਢੇ ਵੇਲੇ ਕੁਲਦੀਪ ਮਾਣਕ ਸਟੇਜ 'ਤੇ ਆਇਆ। ਇਕੱਠ 'ਚ ਰੌਲਾ ਪੈ ਗਿਆ—ਮਾਣਕ ਆ ਗਿਆ—ਮਾਣਕ ਆ ਗਿਆ। ਫਿਰ ਮੈਨੂੰ ਆਸਿਓਂ ਪਾਸਿਓਂ ਕੁਝ ਹੋਰ ਆਵਾਜ਼ਾਂ ਵੀ ਸੁਣਾਈ ਦਿੱਤੀਆਂ- **'ਔਹ ਥਰੀਕਿਆਂ ਵਾਲਾ ਦੇਵ ਐ।'** ਉੱਚੀ ਟੋਅ ਵਾਲੀ ਚਿੱਟੇ ਰੰਗ ਦੀ ਪੱਗ ਵਾਲੇ ਗੋਰੇ ਨਿਛੋਹ ਰੰਗ ਦੇ ਅੱਧਖੜ ਬੰਦੇ ਨੂੰ ਮਾਣਕ ਦੇ ਨਾਲ ਖੜਿਆਂ ਵੇਖ ਕੇ ਮੇਰਾ ਦਿਲ ਬਾਗੋ ਬਾਗ ਹੋ ਗਿਆ। ਮਾਣਕ ਨੇ ਉਸਨੂੰ ਜੱਫੀ 'ਚ ਘੁੱਟ ਲਿਆ। ਮਾਣਕ ਨੇ ਇੱਕ ਇੱਕ ਕਰਕੇ ਕਿੰਨੇ ਗੀਤ ਸੁਣਾਏ। ਦਾਰੂ ਨਾਲ ਡੱਕੀ ਮੁੰਡੀਹਰ ਨੇ ਚੀਕਾਂ ਕੂਕਾਂ ਵੀ ਮਾਰੀਆਂ। ਉਂਗਲੀ5ਂ ਛੁੱਟੇ ਜੁਆਕ ਵਾਂਗ ਬਹੁਤੇ ਗੀਤਾਂ ਦੇ ਸ਼ਬਦ ਮੁੰਡੀਹਰ ਦੇ ਰੌਲੇ ਵਿੱਚ ਹੀ ਗੁਆਚ ਗਏ। ਇਹ ਕਿਹੜੇ ਗੀਤ ਸਨ, ਮੈਨੂੰ ਕੁੱਝ ਵੀ ਪਤਾ ਨਾ ਲੱਗਾ। ਦਰਅਸਲ ਮੇਰਾ ਤਾਂ ਸਾਰਾ ਧਿਆਨ ਸਟੇਜ ਦੀ ਨੁਕਰੇ ਖੜੇ ਦੇਵ ਥਰੀਕੇ ਵੱਲ ਹੀ ਲੱਗਾ ਰਿਹਾ। ਜਦੋਂ ਮਾਣਕ ਗਾਉਣੋ ਹਟਿਆ ਤਾਂ ਜਗਦੇਵ ਸਿੰਘ ਜੱਸੋਵਾਲ ਨੇ ਮਾਇਕ ਫੜਕੇ ਕਿੰਨਾ ਚਿਰ ਮਾਣਕ ਅਤੇ ਥਰੀਕਿਆਂ ਵਾਲੇ ਦੇਵ ਦੀ ਗੁੱਡੀ ਬੰਨ੍ਹੀ। ਫਿਰ ਲੰਮੇ ਚੌੜੇ ਜੱਸੋਵਾਲ ਨੇ ਆਪਣੀ ਇੱਕ ਵੱਖੀ ਨਾਲ ਇਕਹਿਰੀ ਹੱਡੀ ਦੇ ਕੁਲਦੀਪ ਮਾਣਕ ਅਤੇ ਦੂਜੀ ਵੱਖੀ ਨਾਲ ਆਪਣੇ ਗੀਤਾਂ ਵਰਗੇ ਹੀ ਗੋਰੇ ਚਿੱਟੇ ਦੇਵ ਨੂੰ ਘੁੱਟ ਲਿਆ।

ਆਪਣੇ ਹਿੱਸੇ ਦਾ ਸਨਮਾਨ ਲੈ ਕੇ ਮਾਣਕ ਸਟੇਜ ਤੋਂ ਉੱਤਰਿਆ ਤਾਂ ਦੇਵ ਵੀ ਉਸਦੇ ਨਾਲ ਹੀ ਥੱਲੇ ਉਤਰ ਗਿਆ। ਮੈਂ ਨਾਲਦਿਆਂ ਨੂੰ 'ਹੁਣੇ ਆਇਆ' ਕਹਿ ਕੇ ਕਾਹਲੀ ਕਾਹਲੀ ਪੰਡਾਲ 'ਚੋਂ ਖਿਸਕ ਗਿਆ। ਮੈਂ ਟਿੱਲੇ ਤੋਂ ਹੀਰ ਦਿਖਾਉਣ ਵਾਲੇ ਥਰੀਕਿਆਂ ਵਾਲੇ ਦੇਵ ਨੂੰ ਮਿਲਣਾ ਚਾਹੁੰਦਾ ਸਾਂ। ਮੈਂ ਭੀੜ 'ਚੋਂ ਆਸਾ ਪਾਸਾ ਮਾਰਦਿਆਂ ਦੇਵ ਦੇ ਸਾਹਮਣੇ ਜਾ ਪੁੱਜਾ ਪਰ ਮੇਰੀ ਦੋਵੇਂ ਹੱਥ ਜੋੜ ਕੇ ਬੁਲਾਈ ਸਤਿ ਸ੍ਰੀ ਅਕਾਲ ਉਹਨਾਂ ਦੇ ਪ੍ਰਸੰਸਕਾਂ ਦੇ ਰੌਲੇ ਰੱਪੇ 'ਚ ਗੁਆਚ ਗਈ। ਭੀੜ 'ਚ ਘਿਰੇ ਦੋਵੇਂ ਗਏ। ਇੱਕ ਦੂਜੇ ਨੂੰ ਗਲਵਕੜੀ ਪਾਈ ਝੂਲਦੇ ਜਾਂਦੇ ਦੋਵੇਂ ਆਪਣੀ ਗੱਡੀ ਵੱਲ ਚਲੇ ਗਏ। ਮਾਣਕ ਦੀਆਂ ਰਵਾਂਹ ਦੀਆਂ ਫਲੀਆਂ ਵਰਗੀਆਂ ਉਂਗਲਾਂ 'ਚ ਪਾਈਆਂ ਤੋਲੇ ਤੋਲੇ ਦੀਆਂ ਛਾਪਾਂ ਲਿਸ਼ਕਾਰੇ ਮਾਰਦੀਆਂ ਸਨ। ਮੈਂ ਗਹੁ ਨਾਲ ਵੇਖਿਆ ਦੇਵ ਦੀ ਦੂਰੋਂ ਚਿੱਟੀ ਨਜ਼ਰ ਆਉਣ ਵਾਲੀ ਪੱਗ ਕਰੀਮ ਰੰਗ ਦੀ ਸੀ ਜਿਸ ਵਿੱਚ ਦੇਵ ਦਾ ਰੰਗ ਸੂਹੀ ਭਾਅ ਮਾਰਦਾ ਸੀ। ਮੈਂ ਦੋਵਾਂ ਨੂੰ ਖੜਾ ਵੇਂਹਦਾ ਰਹਿ ਗਿਆ। ਜਿਵੇਂ ਕੋਈ ਦਰਿਆ ਦੇ ਕਿਨਾਰੇ ਜਾ ਕੇ ਵੀ ਪਿਆਸਾ ਰਹਿ ਜਾਵੇ। ਇਸਦੇ ਬਾਵਜੂਦ ਮੈਨੂੰ ਬੜੀ ਤਸੱਲੀ ਸੀ। ਲੋਕ ਗਾਥਾਵਾਂ ਲਿਖਣ ਵਾਲੇ ਮਸ਼ਹੂਰ ਗੀਤਕਾਰ ਨੂੰ ਮੈਂ ਨੇੜੇ ਤੋਂ ਵੇਖ ਲਿਆ ਸੀ।

ਦੇਵ ਨੂੰ ਹੋਰ ਨੇੜਿਓਂ ਵੇਖਣ ਤੇ ਮਿਲਣ ਦਾ ਸਬੱਬ ਅਗਲੇ ਸਾਲ ਬਣ ਗਿਆ। ਸਥਾਨ ਪਹਿਲਾਂ ਵਾਲਾ ਹੀ ਸੀ-ਪੰਜਾਬੀ ਭਵਨ ਲੁਧਿਆਣਾ। ਪ੍ਰੋ: ਮੋਹਨ ਸਿੰਘ ਵਾਲੇ ਮੇਲੇ 'ਚ ਐਂਤਕੀ ਵੀ ਤਿਲ ਸੁੱਟਣ ਲਈ ਥਾਂ ਨਹੀਂ ਸੀ। ਪੰਜਾਬ ਦੇ ਸੰਤਾਪੇ ਦੌਰ 'ਚ ਪਿਸ ਰਹੇ ਲੋਕਾਂ ਨੂੰ ਇਸ ਮੇਲੇ 'ਚ ਆ ਕੇ ਆਪਣੇ ਅੰਦਰਲੇ ਭੈਅ ਨੂੰ ਦੂਰ ਵਗਾਹ ਮਾਰਨ ਦਾ ਮੌਕਾ ਮਿਲ ਜਾਂਦਾ ਸੀ। ਉਸ ਵਰ੍ਹੇ ਪੰਜਾਬੀ ਭਵਨ 'ਚ ਬਰਾ ਬਰੋਬਰ ਦੋ ਸਟੇਜਾਂ ਲੱਗੀਆਂ ਸਨ। ਪੰਜਾਬੀ ਦੇ ਓਪਨ ਏਅਰ ਥੀਏਟਰ ਦੀ ਸਟੇਜ 'ਤੇ ਖਾਸੇ ਸਰਕਾਰੀ ਅਧਿਕਾਰੀ ਜੁੜੇ ਹੋਏ ਸਨ। ਇਸ ਦੇ ਮੁਕਾਬਲੇ ਲੋਕਾਂ ਨੇ ਪੰਜਾਬੀ ਭਵਨ ਦੇ ਖੁੱਲੇ ਮੈਦਾਨ 'ਚ ਖੜੇ ਪੈਰ ਆਰਜੀ ਸਟੇਜ ਬਣਾ ਲਈ। ਮੇਰੇ ਵਰਗੇ ਪੰਜਾਬੀ ਭਵਨ ਦੀ ਇਸ ਖੁੱਲੀ ਸਟੇਜ 'ਤੇ ਮਾਣਕ ਵਰਗਿਆਂ ਨੂੰ ਸੁਨਣ ਲੱਗੇ। ਜਿੰਨ੍ਹਾਂ ਨੂੰ ਅੰਦਰਲੀ ਸਟੇਜ ਤੋਂ ਗਾਉਣ ਦਾ ਟਾਈਮ ਨਹੀਂ ਸੀ ਮਿਲਣਾ, ਉਹ ਬਾਹਰਲੀ ਖੁੱਲੀ ਸਟੇਜ ਤੋਂ ਹਾਜ਼ਰੀ ਲੁਆ ਗਏ। ਮਾਣਕ ਨੇ ਢਾਈ ਤਿੰਨ ਘੰਟੇ ਰੰਗ ਬੰਨ੍ਹੀ ਰੱਖਿਆ। ਉਸ ਦਿਨ ਪਹਿਲੀ ਵਾਰ ਦੇਵ ਥਰੀਕੇ ਵਾਲੇ ਨੂੰ ਬੜੀ ਨੇੜੇ ਤੋਂ ਵੇਖਿਆ। ਉਹ ਅੰਗੂਰਾਂ ਦੀ ਜਾਈ ਦੇ ਲੋਰ 'ਚ ਝੂਮ ਰਿਹਾ ਸੀ ਤੇ ਸਾਥੀ ਗੀਤਕਾਰਾਂ ਤੇ ਗਾਇਕਾਂ ਨਾਲ ਢੋਲੇ ਦੀਆਂ ਲਾ ਰਿਹਾ ਸੀ। ਮੈਨੂੰ ਥੋੜਾ ਧੱਕਾ ਜਿਹਾ ਵੀ ਲੱਗਾ। ਉਦੋਂ ਕੀ ਪਤਾ ਸੀ ਕਿ ਇਹ ਤੇਰਵਾਂ ਰਤਨ ਤਾਂ ਬਾਈ ਦੇਵ ਨੂੰ ਵਿਰਸੇ 'ਚੋਂ ਹੀ ਮਿਲਿਆ ਹੈ।

ਪੰਜਾਬੀ ਭਵਨ ਵਾਲੀ ਇਸ ਮਿਲਣੀ ਨੂੰ ਕਈ ਵਰ੍ਹੇ ਲੰਘ ਗਏ। ਇੱਕ ਦਿਨ ਘਰ ਵਾਲੇ ਲੈਂਡ ਲਾਈਨ ਫੋਨ 'ਤੇ ਬਾਈ ਦੇਵ ਦਾ ਫੋਨ ਆਇਆ।

'ਕੜਿਆਲਵੀ ਮੈਂ ਦੇਵ ਬੋਲਦਾਂ। ਦੇਵ ਥਰੀਕੇ ਵਾਲਾ।' ਕਿੰਨਾ ਚਿਰ ਮੈਨੂੰ ਯਕੀਨ ਹੀ ਨਾ ਆਇਆ। ਪੰਜਾਬ ਦੇ ਐਡੇ ਵੱਡੇ ਗੀਤਕਾਰ ਨੇ ਮੈਨੂੰ ਫੋਨ ਕੀਤਾ ਸੀ। ਮੈਨੂੰ ਆਪਣਾ ਆਪ ਖਾਸ ਬਣ ਗਿਆ ਮਹਿਸੂਸ ਹੋਇਆ।

'ਕੜਿਆਲਵੀ, ਯਾਰ ਇਹ ਸਾਡੇ ਸਮਾਜ ਦੀ ਬਦਕਿਸਮਤੀ ਐ। ਅਸੀਂ ਕਾਮਰੇਡ ਝਬਾਲ ਵਰਗੇ ਨਿਰਸਵਾਰਥੀ ਆਗੂਆਂ ਦੀ ਸਹੀ ਕਦਰ ਨਹੀਂ ਪਾ ਸਕੇ। ਇਥੇ ਤਾਂ ਉਹ ਗੱਲ ਹੋਈ ਪਈ ਐ-ਅਖੇ ਸ਼ੇਰਾਂ ਦੀਆਂ ਮਾਰਾਂ 'ਤੇ ਗਿੱਦੜ ਕਰਨ ਕਾਲੋਲ। ਅੰਗਰੇਜ਼ਾਂ ਨਾਲ ਰਲਕੇ ਦੇਸ਼ ਨਾਲ ਗਦਾਰੀਆਂ ਕਰਨ ਵਾਲੇ ਤੇ ਦੇਸ਼ ਭਗਤਾਂ ਨੂੰ ਫੜਾਉਣ ਵਾਲੇ ਗੱਦੀਆਂ ਸਾਂਭ ਕੇ ਬਹਿਗੇ ਤੇ ਘਰ ਘਾਟ ਗਵਾ ਕੇ ਕੁਰਬਾਨੀਆਂ ਕਰਨ ਵਾਲਿਆਂ ਨੂੰ ਕੋਈ ਨਹੀਂ ਪੁੱਛਦਾ। ਮਾੜਾ ਸਮਾਂ ਆ ਗਿਆ। ਦਰਸ਼ਨ ਸਿੰਘ ਝਬਾਲ ਵਰਗੇ ਆਗੂ ਹੁਣ ਨ੍ਹੀ ਮਿਲਦੇ। ਫਕੀਰ ਆਦਮੀ ਸੀ। ਕਿਰਤੀਆਂ ਦਾ ਆਗੂ।' ਉਹ ਮੇਰੇ ਨਾਲ ਖਾਸਾ ਚਿਰ ਗੱਲਾਂ ਮਾਰਦਾ ਰਿਹਾ। ਉਸ ਦਿਨ 'ਨਵਾਂ ਜ਼ਮਾਨਾ' ਅਖ਼ਬਾਰ 'ਚ ਕਾਮਰੇਡ ਦਰਸ਼ਨ ਸਿੰਘ ਝਬਾਲ ਦੀ ਛਪੀ ਹੋਈ ਜੀਵਨੀ 'ਤੇ ਮੇਰੇ ਵਲੋਂ ਲਿਖਿਆ ਫੋਕਸ ਛਪਿਆ ਸੀ। ਇਹ ਜੀਵਨੀ ਕਾਮਰੇਡ ਬਲਵਿੰਦਰ ਝਬਾਲ ਨੇ ਛਾਪੀ ਸੀ। ਕਾਮਰੇਡ ਦਰਸ਼ਨ ਸਿੰਘ ਝਬਾਲ ਇੱਕ ਗਰੀਬ ਖੇਤ ਮਜ਼ਦੂਰ ਸੀ ਜਿਹੜਾ ਮਾਰਕਸਵਾਦੀ ਕਮਿਊਨਿਸਟ ਪਾਰਟੀ ਵਲੋਂ ਝਬਾਲ ਹਲਕੇ ਤੋਂ ਐਮ ਐਲ ਏ ਚੁਣਿਆ ਜਾਂਦਾ ਰਿਹਾ। ਐਮ ਐਲ ਏ ਹੁੰਦਿਆਂ ਉਹ ਲੋਕਾਂ ਦੇ ਕੰਮ ਧੰਦੇ ਕਰਾਉਣ ਲਈ ਬੱਸ ਜਾਂ ਆਪਣੀ ਪੁਰਾਣੀ ਸਾਈਕਲ 'ਤੇ ਹੀ ਚੰਡੀਗੜ੍ਹ ਵਗ ਜਾਂਦਾ ਸੀ।

ਗੁਰਮੀਤ !ਯਾਰ ਇਹ ਜੀਵਨੀ ਕਿੱਥੋਂ ਮਿਲੂ ?ਕਿਹੜੇ ਪਬਲੀਸ਼ਰ ਨੇ ਛਾਪੀ ਐ ?ਪੰਜਾਬੀ ਭਵਨ 'ਚੋਂ ਮਿਲਜੂ ? ਗੁਲਾਟੀ ਕੋਲੋਂ ?

ਇਹ ਕਾਮਰੇਡ ਦੇ ਪਰਿਵਾਰ ਨੇ ਈ ਛਾਪੀ ਐ। ਮੈਨੂੰ ਨਹੀਂ ਲੱਗਦਾ ਪੰਜਾਬੀ ਭਵਨ 'ਚੋਂ ਮਿਲੇ।

ਮੈਂ ਪੜ੍ਹਨੀ ਐ ਯਾਰ, ਮੰਗਵਾ ਕੇ ਦੇ ਜਿਵੇਂ ਕਿਵੇਂ। ਬਾਈ ਦੇਵ ਨੇ ਕਾਮਰੇਡ ਦੀ ਜੀਵਨੀ ਪੜ੍ਹਨ ਦੀ ਇੱਛਾ ਜ਼ਾਹਰ ਕੀਤੀ।

ਕੋਈ ਨ੍ਹੀ-ਮੈਂ ਆਪਣੇ ਵਾਲੀ ਕਾਪੀ ਭੇਜਦੂੰ।

ਇਸ ਫੋਨ ਨੇ ਮੈਨੂੰ ਬਾਈ ਦੇਵ ਦੇ ਖਿੱਚ ਕੇ ਨੇੜੇ ਕਰ ਦਿੱਤਾ। ਮੇਰੇ ਅੰਦਰਲੀ ਝਿਜਕ ਖਤਮ ਹੋ ਗਈ। ਫੇਰ ਉਹਨਾਂ ਨਾਲ ਅਕਸਰ ਗੱਲ ਹੋਣ ਲੱਗੀ। ਜਦੋਂ ਕਦੇ ਲੁਧਿਆਣੇ ਪੰਜਾਬੀ ਭਵਨ ਗੇੜਾ ਵੱਜਦਾ, ਬਾਈ ਨਾਲ ਮੇਲ ਹੋ ਜਾਂਦਾ। ਕਦੇ ਸ਼ਤੀਸ਼ ਗੁਲਾਟੀ ਦੀ ਚੇਤਨਾ ਪ੍ਰਕਾਸ਼ਨ ਵਾਲੀ ਦੁਕਾਨ 'ਤੇ ਕਦੇ ਪੰਜਾਬੀ ਭਵਨ ਦੇ ਕਿਸੇ ਸਮਾਗਮ 'ਤੇ। ਕਦੇ ਲੰਘਦਿਆਂ ਕਰਦਿਆਂ ਥਰੀਕੇ ਬਾਈ ਦੇਵ ਦੇ ਹੁਜ਼ਰੇ 'ਤੇ ਚਲੇ ਜਾਣਾ।

ਸੰਗਰੂਰ ਜਿਲ੍ਹੇ 'ਚ ਪੈਂਦਾ 'ਰੋਹੀੜਾ' ਬਾਈ ਦੇਵ ਦਾ ਜੱਦੀ ਪਿੰਡ ਹੈ ਜਿਹੜਾ ਇਤਿਹਾਸਕ ਪਿੰਡ 'ਕੁੱਪ' ਦੇ ਬਿਲਕੁੱਲ ਨਾਲ ਹੈ ਤੇ ਜਿੱਥੇ ਅਹਿਮਦ ਸ਼ਾਹ ਅਬਦਾਲੀ ਦੀਆਂ ਫੌਜਾਂ ਨੇ ਦੂਜਾ ਘੱਲੂਘਾਰਾ ਵਰਤਾ ਕੇ ਸਿੱਖਾਂ ਨੂੰ ਖ਼ਤਮ ਕਰਨ ਦਾ ਭਰਮ ਸਿਰਜਿਆ ਸੀ।

ਬਾਈ ਜੇ ਬਜ਼ੁਰਗ ਰੋਹੀੜੇ ਈ ਰਹਿੰਦਾ, ਫੇਰ ? ਗੱਲਾਂ ਗੱਲਾਂ 'ਚ ਇੱਕ ਵਾਰ ਮੈਂ ਪੁੱਛਿਆ ਸੀ।

ਮੇਰਾ ਕੀ ਐ ਰੋਹੀੜੇ ? ਬਾਪੂ ਆਇਆ ਸੀ ਉੱਥੋਂ। ਉਹ ਵੀ ਉਦੋਂ ਜਦੋਂ ਚਾਰ ਸਾਲਾਂ ਦਾ ਸੀ। ਉਸਦੇ ਮਾਂ ਪਿਉ ਦੀ ਮੌਤ ਹੋ ਗਈ ਸੀ। ਬਾਪੂ ਉਦੋਂ ਮਸੀਂ ਚਾਰ ਸਾਲਾਂ ਦਾ ਸੀ। ਮਾਂ ਮਸੋਰ ਐਥੇ ਭੂਆ ਕੋਲ ਆ ਗਿਆ। ਫੁੱਫੜ ਇੰਜਨੀਅਰ ਸੀ। ਫੇਰ ਫੁੱਫੜ ਦੀ ਵੀ ਕਿਸੇ ਬਿਮਾਰੀ ਨਾਲ ਮੌਤ ਹੋ ਗਈ। ਬਾਪ ਨੂੰ ਉਹਦੀ ਭੂਆ ਨੇ ਹੀ ਪਾਲਿਆ ਤੇ ਪੜ੍ਹਾਇਆ ਲਿਖਾਇਆ। ਬਾਪੂ ਉਦੋਂ ਦੀਆਂ ਦਸ ਜਮਾਤਾਂ ਪਾਸ ਸੀ। ਗਿਆਨੀ ਹਰੀ ਸਿੰਘ ਦਿਲਬਰ ਨਾਲ ਪੜ੍ਹਦਾ ਰਿਹਾ ਬਾਪੂ। ਬਾਪੂ ਨੇ ਜੱਦੀ ਪੁਸ਼ਤੀ ਤਰਖਾਣਾ ਕੰਮ ਤੋਂ ਲੈ ਕੇ ਆਟੇ ਵਾਲੀ ਚੱਕੀ ਲਾਉਣ ਤੱਕ ਪਤਾ ਨ੍ਹੀ ਕਿੰਨੇ ਕੁ ਵਹਿਣ ਵਿਹਾਏ। ਟਿਕ ਕੇ ਕੰਮ ਨ੍ਹੀ ਸੀ ਕਰ ਸਕਦਾ। ਦਾਰੂ ਬਹੁਤ ਪੀਂਦਾ ਸੀਗਾ। ਇਉਂ ਸਮਝ ਲੈ ਵ੍ਹੀ ਦਾਰੂ ਤਾਂ ਮੈਨੂੰ ਵਿਰਾਸਤ 'ਚੋਂ ਈ ਮਿਲੀ ਐ।' ਜੁਆਬ 'ਚ ਕੌਲੀ 'ਚ ਪਾਏ ਰੋੜਾਂ ਵਾਂਗ ਬਾਈ ਦੇਵ ਦਾ ਹਾਸਾ ਛਣਕਣ ਲੱਗਿਆ ਸੀ।

'ਬੇਬੇ ਨੇ ਮੈਨੂੰ ਕਹਿਣਾ, 'ਵੇ ਦੇਵ, ਤੂੰ ਮਾਸਟਰ ਲੱਗ ਗਿਐਂ। ਦਾਰੂ ਨਾ ਪੀਆ ਕਰ, ਕੌਲ ਸੜਜੂ।' ਮੈਂ ਸੋਚਣਾ ਵ੍ਹੀ ਅੰਦਰ ਸਾਲਾ ਕਿਹੜਾ ਕੌਲ ਰੱਖਿਆ ਹੋਇਆ। ਬੇਬੇ ਐਵੇਂ ਬੋਲੀ ਜਾਂਦੀ ਐ। ਹੁਣ ਪਤਾ ਲੱਗਦਾ ਬੇਬੇ ਸੱਚ ਆਂਹਦੀ ਸੀ। ਬੇਬੇ ਦਾ ਮਤਲਬ ਸੀ ਦਾਰੂ ਕਾਲਜਾ ਸਾੜ ਦੇਊ। ਐਨੀ ਅਕਲ ਈ ਨ੍ਹੀ ਸੀ ਉਦੋਂ--। ਕੜਿਆਲਵੀ, ਸਾਲੀ ਹੁਣ ਨ੍ਹੀ ਛੁੱਟਦੀ। ਹੁਣ ਤਾਂ ਇਹ ਨਾਲ ਈ ਜਾਊ।'

ਉਹ ਕੁੱਝ ਚੁੱਪ ਹੋ ਕੇ ਖਿਲਾਅ ਵਿੱਚ ਦੇਖਣ ਲੱਗ ਜਾਂਦਾ ਜਿਵੇਂ ਕੁੱਝ ਗੁਆਚ ਗਿਆ ਭਾਲ ਰਿਹਾ ਹੋਵੇ।

'ਗੁਰਮੀਤ ! ਸਾਲੀ ਦਾਰੂ ਨੇ ਵੱਡੇ ਵੱਡੇ ਕਲਾਕਾਰ, ਲੇਖਕ ਤੇ ਬੁੱਧੀਜੀਵੀ ਖਾ ਲਏ। ਕਿਸੇ ਵੇਲੇ ਚਾਂਦੀ ਰਾਮ ਚਾਂਦੀ ਦੀ ਦੋਗਾਣਾ ਗਾਇਕੀ 'ਚ ਤੂਤੀ ਬੋਲਦੀ ਸੀ-ਲੈ ਜਾ ਛੱਲੀਆਂ ਭੁੰਨਾ ਲਈਂ ਦਾਣੇ ਵੇ ਮਿੱਤਰਾ ਦੂਰ ਦਿਆ। ਪਿੰਡਾਂ ਆਲੇ ਵਹੀਰਾਂ ਘੱਤ ਘੱਤ ਆਉਂਦੇ ਸੀਗੇ ਚਾਂਦੀ ਰਾਮ ਚਾਂਦੀ ਨੂੰ ਸੁਨਣ ਵਾਸਤੇ। ਦਾਰੂ ਨੇ ਡੁਬੋ ਲਿਆ ਆਵਦੇ 'ਚ। 'ਸਾਡਾ ਐਵੇਂ ਤਾਂ ਨ੍ਹੀ ਹੋਇਆ ਇਹ ਫਕੀਰਾਂ ਵਾਲਾ ਹਾਲ' ਗਾਉਂਦਾ ਗਾਉਂਦਾ ਤੁਰ ਗਿਆ। ਦੀਦਾਰ ਸੰਧੂ ਦਾ ਜਿਗਰ ਵੀ ਦਾਰੂ ਨੇ ਖਾ ਲਿਆ ਸੀਗਾ। ਅੰਦਰੋਂ ਖੂਨ ਆਉਣ ਲੱਗ ਪਿਆ। ਡੀ ਐਮ ਸੀ ਵਾਲਿਆਂ ਨੇ ਜੁਆਬ ਦੇਤਾ ਸੀਗਾ। ਹੋਰ ਵੀ ਬਥੇਰੇ ਹੈਗੇ। ਆਪਣਾ ਸਿ?ਵ ਕੁਮਾਰ--- ?ਯਾਰੋ ਲੂਣਾ ਵਰਗੀ ਰਚਨਾ ਲਿਖਲੂ ਕੋਈ ? ਮੈਂ ਉਸਦਾ ਗੀਤ 'ਜਿੱਥੇ ਇਤਰਾਂ ਦੇ ਵਗਦੇ ਨੇ ਚੋਅ, ਉੱਤੇ ਮੇਰਾ ਯਾਰ ਵਸਦਾ' ਵਾਰ ਵਾਰ ਸੁਣਦਾ ਰਹਿਨੈ। ਐਡੀ ਛੇਤੀ ਜਾਣ ਵਾਲਾ ਹੈਨੀ ਸੀ ਸ਼ਿਵ ਕੁਮਾਰ—ਬੱਸ ਦਾਰੂ ਲੈਗੀ।

ਬਾਈ ਜੇ ਕੁੱਪ ਰੋਹੀੜੇ ਰਹਿੰਦਾ ਹੁੰਦਾ--- ਰੋਹੀੜੇ ਨੂੰ ਗੀਤਾਂ 'ਚ ਕਿਵੇਂ ਫਿੱਟ ਕਰਿਆ ਕਰਦਾ ?ਰੋਹੀੜੇ ਦੇ ਝਾੜੇ ਨੇ ਤਾਂ ਫਸ ਜਾਇਆ ਕਰਨਾ ਸੀ ?

ਕੀ ਪਤਾ ਫਿਰ ਕੀ ਹੁੰਦਾ ? ਮੈਨੂੰ ਨ੍ਹੀ ਲੱਗਦਾ ਮੈਂ ਗੀਤਕਾਰ ਹੁੰਦਾ। ਮੇਰਾ ਤਾਂ ਜਨਮ ਈ ਥਰੀਕੇ ਹੋਇਆ। ਜੇ ਰੋਹੀੜੇ ਜੰਮਿਆ ਹੁੰਦਾ—ਨਾ ਥਰੀਕੇ ਦੇ ਪ੍ਰਾਇਮਰੀ ਸਕੂਲ 'ਚ ਪੜ੍ਹਦਾ। ਨਾ ਲਲਤੋਂ ਦੇ ਸਕੂਲ 'ਚ ਗਿਆਨੀ ਹਰੀ ਸਿੰਘ ਦਿਲਬਰ ਕੋਲ ਪੜ੍ਹਨ ਲੱਗਦਾ। ਨਾ ਗਿਆਨੀ ਜੀ ਤੋਂ ਸਾਹਿਤ ਪੜ੍ਹਨ ਦੀ ਚੇਟਕ ਲੱਗਦੀ। ਨਾ ਬਾਲ ਸਭਾ 'ਚ ਗਾਉਣ ਵਾਸਤੇ ਗੀਤ ਲਿਖਦਾ। ਨਾ ਕਹਾਣੀਆਂ ਲਿਖਦਾ। ਨਾ ਹਰਦੇਵ ਸਿੰਘ ਤੋਂ ਹਰਦੇਵ ਦਿਲਗੀਰ ਬਣਦਾ। ਨਾ ਕਹਾਣੀਆਂ ਦੀ ਕਿਤਾਬ ਰੋਹੀ ਦਾ ਫੁੱਲ ਛਪਦੀ। ਨਾ ਲੁਧਿਆਣੇ ਦੀਆਂ ਸਾਹਿਤ ਸਭਾਵਾਂ 'ਚ ਜਾਣ ਲੱਗਦਾ। ਨਾ ਇੰਦਰਜੀਤ ਹਸਨਪੁਰੀ ਨਾਲ ਮੇਲ ਹੁੰਦਾ। ਗੀਤ ਲਿਖਣ ਵਾਲੇ ਪਾਸੇ ਕੀਹਨੇ ਆਉਣਾ ਸੀਗਾ ? ਗੀਤਕਾਰੀ ਤਾਂ ਛੱਡੋ ਮੈਨੂੰ ਲੱਗਦਾ ਮੈਂ ਮਾਸਟਰ ਹਰਦੇਵ ਸਿਹੁੰ ਵਨੀ ਸੀ ਹੋਣਾ।'

ਮੈਂ ਉਸਦੀਆਂ ਗੱਲਾਂ ਵਿੱਚ ਗੁੰਮ ਹੋਇਆ ਹਰਦੇਵ ਸਿੰਘ ਦੇ ਹਰਦੇਵ ਦਿਲਗੀਰ ਤੇ ਫਿਰ ਦੇਵ ਥਰੀਕਿਆਂ ਵਾਲਾ ਬਨਣ ਤੱਕ ਦੇ ਸਫਰ ਬਾਰੇ ਸੋਚਣ ਲੱਗਾ। ਲੁਧਿਆਣੇ ਦੇ ਮਾਲਵਾ ਖਾਲਸਾ ਸਕੂਲ 'ਚੋਂ ਪੜ੍ਹਕੇ, ਜਗਰਾਓਂ ਦੀ ਜਿਲ੍ਹਾ ਸਿੱਖਿਆ ਤੇ ਸਿਖਲਾਈ ਸੰਸਥਾ ਤੋਂ ਜੇ ਬੀ ਟੀ ਕਰਕੇ ਮਾਸਟਰ ਤਾਂ ਉਹ ਬਣ ਹੀ ਗਿਆ ਸੀ। ਹਰਦੇਵ ਦਿਲਗੀਰ ਦੇ ਨਾਂ ਨਾਲ ਕਹਾਣੀਆਂ ਵੀ ਲਿਖਣ ਲੱਗਾ ਸੀ। ਲਿਖਦਾ ਰਹਿੰਦਾ ਤਾਂ ਕਹਾਣੀਆਂ ਦੀਆਂ ਕਈ ਕਿਤਾਬਾਂ ਛਪ ਜਾਂਦੀਆਂ। ਨਾਵਲ ਵੀ ਲਿਖਦਾ ਧੜਾਧੜ। ਕਈ ਇਨਾਮ ਸ਼ਨਾਮ ਵੀ ਡੁੱਕ ਲੈਂਦਾ। ਜੇ ਗੀਤ ਨਾ ਲਿਖਦਾ ਹੁੰਦਾ ਤਾਂ ਕੀ ਹੁੰਦਾ ? ਕੀ ਥਰੀਕੇ ਪਿੰਡ ਹੁਣ ਵਾਂਗੂੰ ਦੁਨੀਆ ਦੇ ਨਕਸ਼ੇ 'ਤੇ ਹੁੰਦਾ ?

'ਕੀ ਸੋਚੀ ਜਾਨੈ ?

ਸੋਚਦਾਂ, ਹਰਦੇਵ ਦਿਲਗੀਰ-ਦੇਵ ਥਰੀਕੇ ਵਾਲਾ ਕਿਵੇਂ ਬਣ ਗਿਆ ?

ਜੇ ਇੰਦਰਜੀਤ ਹਸਨਪੁਰੀ ਮੇਰੇ ਆਖੇ ਗੀਤ ਲਿਖ ਦਿੰਦਾ ਤਾਂ ਮੈਂ ਥਰੀਕੇ ਵਾਲਾ ਕਾਹਨੂੰ ਬਨਣਾ ਸੀਗਾ। ਬਾਈ ਨੇ ਜੁਆਬ ਨਾਲ ਇੱਕ ਘੁੰਡੀ ਹੋਰ ਪਾ ਦਿੱਤੀ।

ਹਸਨਪੁਰੀ ਦੇ ਗੀਤਾਂ ਨਾਲ ਥੋੜਾ ਕੀ ਤਾਲੁਅਕ ?

ਕੜਿਆਲਵੀ !ਮੈਂ ਪੜ੍ਹਾਉਂਦਾ ਹੁੰਦਾ ਸੀਗਾ ਨੌਲੱਖਾ ਰੋਡ ਵਾਲੇ ਹਾਇਰ ਸੈਕੰਡਰੀ ਸਕੂਲ 'ਚ। ਉਸੇ ਰੋਡ 'ਤੇ ਹਸਨਪੁਰੀ ਦੀ ਪੇਂਟਿੰਗ ਦੀ ਦੁਕਾਨ ਸੀ। ਹਸਨਪੁਰੀ ਦਾ ਉਦੋਂ ਨਾਂਅ ਚੱਲਦਾ ਸੀਗਾ। ਬਹੁਤ ਸਾਰੇ ਗਾਇਕਾਂ ਦੀ ਆਵਾਜ਼ 'ਚ ਉਹਦੇ ਗੀਤ ਰਿਕਾਰਡ ਹੋ ਚੁੱਕੇ ਸੀ। ਉਹਦੀ ਦੁਕਾਨ ਦੇ ਨੇੜੇ ਡਾ ਦੱਤੇ ਦਾ ਕਲੀਨਿਕ ਸੀ ਜਿੱਥੇ ਮੇਰਾ ਬਹਿਣ ਉੱਠਣ ਸੀਗਾ। ਉਹਨਾਂ ਦਿਨਾਂ 'ਚ ਐਚ ਐਮ ਵੀ ਕੰਪਨੀ ਦਾ ਮਨੇਜਰ ਛੇ ਮਹੀਨੇ ਬਾਅਦ ਨਵੇਂ ਗਾਇਕਾਂ ਦਾ ਟੈਸਟ ਲੈਣ ਲੁਧਿਆਣੇ ਆਉਂਦਾ ਹੁੰਦਾ ਸੀਗਾ। ਸਿਲੈਕਟ ਹੋਏ ਗਾਇਕਾਂ ਨੂੰ ਦਿੱਲੀ ਜਾ ਕੇ ਚਿੱਠੀ ਪਾ ਦਿੰਦਾ ਵ੍ਹੀ ਆ ਕੇ ਰਿਕਾਰਡਿੰਗ ਕਰਾ ਜਾਓ। ਕੇਰਾਂ ਮਨੇਜਰ ਲੁਧਿਆਣੇ ਆਇਆ। ਸਾਡਾ ਇੱਕ ਵਾਕਫ਼ ਸੀਗਾ ਪ੍ਰੇਮ ਸ਼ਰਮਾ। ਉਹ ਫਿਲਮੀ ਗਾਣੇ ਗਾਉਂਦਾ ਹੁੰਦਾ ਸੀਗਾ। ਉਹਨੇ ਵੀ ਟੈਸਟ ਦਿੱਤਾ। ਉਹਨੂੰ ਦਿੱਲੀਓਂ ਚਿੱਠੀ ਆਗੀ ਕਿ ਆਕੇ ਰਿਕਾਰਡ ਕਰਾ ਜਾ5। ਉਦੋਂ ਰਿਕਾਰਡਿੰਗ ਦਿੱਲੀ ਹੁੰਦੀ ਸੀਗੀ। ਪ੍ਰੇਮ ਸ਼ਰਮਾ ਮੈਨੂੰ ਕਹਿੰਦਾ ਹਸਨਪੁਰੀ ਥੋੜਾ ਜਾਣੂ ਐ, ਮੈਨੂੰ ਗੀਤ ਦੁਆਓ ਰਿਕਾਰਡਿੰਗ ਕਰਵਾਉਣ ਵਾਸਤੇ। ਮੈਂ ਆਖਿਆ ਇਹ ਕਿਹੜੀ ਗੱਲ ਐ, ਆਪਾਂ ਹੁਣੇ ਚੱਲਦੇ ਆਂ ਹਸਨਪੁਰੀ ਕੋਲ। ਹਸਨਪੁਰੀ ਨੂੰ ਮੈਂ ਸਾਹਿਤ ਸਭਾਵਾਂ ਦੀਆਂ ਮੀਟਿੰਗਾਂ 'ਚ ਮਿਲਦਾ ਹੁੰਦਾ ਸੀਗਾ।

ਫਿਰ ਗਏ ਹਸਨਪੁਰੀ ਕੋਲ ?

ਸੁਣ ਤਾਂ ਸਹੀ। ਅਸੀਂ ਗਏ-ਉਹ ਕਹਿੰਦਾ ਦੋ ਦਿਨਾਂ ਨੂੰ ਲੈ ਜਾਇ5। ਦੋ ਦਿਨਾਂ ਨੂੰ ਗਏ ਤਾਂ ਕਹਿੰਦਾ ਚਹੁੰ ਦਿਨਾਂ ਨੂੰ ਆਇਓ। ਅਸੀਂ ਸਮਝਗੇ ਵ੍ਹੀ ਇਹਨੇ ਗੀਤ ਦੇਣੇ ਨ੍ਹੀ, ਐਵੇਂ ਲਾਰੇ ਲੱਪੇ ਲਾਈ ਜਾਂਦਾ। ਅਸੀਂ ਡਾ ਦੱਤੇ ਕੋਲ ਗੱਲ ਕੀਤੀ ਵ੍ਹੀ ਹਸਨਪੁਰੀ ਗੀਤ ਨ੍ਹੀ ਦਿੰਦਾ, ਲਾਰੇ ਲੱਪੇ ਲਾਈ ਜਾਂਦਾ। ਉਹ ਮੈਨੂੰ ਕਹਿੰਦਾ, 'ਤੂੰ ਕਹਾਣੀਆਂ ਵੀ ਤਾਂ ਲਿਖ ਈ ਲੈਨਾ। ਆਪ ਕਿਉਂ ਨ੍ਹੀ ਲਿਖ ਲੈਂਦਾ ਗੀਤ, ਲਿਖਲਾ ਔਖਾ ਸੌਖਾ ਹੋਕੇ।' ਲੈ ਵ੍ਹੀ ਕੜਿਆਲਵੀ, ਉਹਨੇ ਤਾਂ ਪਾਤੀ ਸਾਰੀ ਜਿੰਮੇਵਾਰੀ ਮੇਰੇ 'ਤੇ। ਮੈਂ ਖਾਲਸਾ ਟਰੇਡਿੰਗ ਕੰਪਨੀ ਕੋਲ ਚਲਿਆ ਗਿਆ। ਉਹਨਾਂ ਤੋਂ ਹਸਨਪੁਰੀ ਦਾ ਗੀਤ 'ਸਾਧੂ ਹੁੰਦੇ ਰੱਬ ਵਰਗੇ,ਘੁੰਡ ਕੱਢ ਕੇ ਖੈਰ ਨਾ ਪਾਈਏ' ਕਈ ਵਾਰੀ ਸੁਣਿਆ। ਹੋਰ ਵੀ ਗੀਤ ਸੁਣੇ। ਹਿਸਾਬ ਕਿਤਾਬ ਜਿਆ ਲਾ ਲਿਆ ਵ੍ਹੀ ਸ਼ਬਦ ਚਿਣੇ ਕਿਵੇਂ ਜਾਂਦੇ ਐ। ਫੇਰ ਕੀ ਰਾਤ ਨੂੰ ਆ ਕੇ ਗੀਤ ਝਰੀਟ ਦਿੱਤਾ, 'ਭਾਬੀ ਤੇਰੀ ਧੌਣ ਦੇ ਉੱਤੇ ਗੁੱਤ ਮੇਲਦੀ ਨਾਗ ਬਣ ਕਾਲਾ'। ਲੈ ਇਉਂ ਤਾਂ ਜਨਮ ਹੋਇਆ ਥਰੀਕੇ ਆਲੇ ਦੇਵ ਦਾ। ਚਾਰ ਗੀਤ ਲਿਖਕੇ ਦੇ ਦਿੱਤੇ ਪ੍ਰੇਮ ਸ਼ਰਮੇ ਨੂੰ। ਉਹ ਦਿੱਲੀ ਜਾ ਕੇ ਰਿਕਾਰਡ ਕਰਵਾ ਆਇਆ। ਥੋੜੇ ਦਿਨਾਂ ਬਾਅਦ ਮੈਨੂੰ ਚਾਲੀ ਰੁਪਈਆਂ ਦਾ ਮਨੀਆਰਡਰ ਆ ਗਿਆ। ਉਦੋਂ ਕੰਪਨੀ ਗੀਤਕਾਰ ਨੂੰ ਇੱਕ ਗੀਤ ਦੇ ਉੱਕੇ ਪੁੱਕੇ ਦਸ ਰੁਪਈਏ ਦਿੰਦੀ ਹੁੰਦੀ ਸੀਗੀ। ਰਾਇਲਟੀ ਨ੍ਹੀ ਸੀ ਦਿੰਦੀ। ਹਿੰਦੀ ਫਿਲਮੀ ਗੀਤ ਲਿਖਣ ਵਾਲੇ ਸਾਹਿਰ ਲੁਧਿਆਣਵੀ ਵਰਗੇ ਗੀਤਕਾਰਾਂ ਨੂੰ ਵੀ ਰਾਇਲਟੀ ਨ੍ਹੀ ਸੀ ਮਿਲਦੀ ਹੁੰਦੀ। ਸਾਹਿਰ ਲੁਧਿਆਣਵੀ ਹੋਣਾ ਨੇ ਰੌਲਾ ਪਾਇਆ ਸੀਗਾ ਵ੍ਹੀ ਗੀਤਕਾਰ ਨੂੰ ਵੀ ਰਾਇਲਟੀ ਮਿਲਣੀ ਚਾਹੀਦੀ ਐ। ਉਹਨਾਂ ਨੂੰ ਮਿਲਣ ਲੱਗਗੀ। ਮਗਰੋਂ ਗੁਰਦੇਵ ਮਾਨ ਨੇ ਰੌਲਾ ਰੂਲਾ ਪਾ ਕੇ ਪੰਜਾਬੀ ਗੀਤਕਾਰਾਂ ਵਾਸਤੇ ਵੀ ਚਾਲੂ ਕਰਵਾ ਲਈ।'

'ਚਾਲੀ ਰੁਪਈਏ ਤਾਂ ਉਹਨਾਂ ਦਿਨਾਂ 'ਚ ਖਾਸੀ ਵੱਡੀ ਰਕਮ ਹੋਊ ?'

'ਹੋਰ ਕੀ, ਚਾਲੀਆਂ ਰੁਪਈਆਂ 'ਚ ਦਾਰੂ ਦੀਆਂ ਤਿੰਨ ਬੋਤਲਾਂ ਆ ਜਾਂਦੀਆਂ ਸੀਗੀਆਂ। ਜਿਹੜਾ ਮਨੀਆਰਡਰ ਆਇਆ ਉਹਦੀਆਂ ਦਾਰੂ ਦੀਆਂ ਬੋਤਲਾਂ ਲੈ ਆਂਦੀਆਂ। ਖੁਸ਼ੀ 'ਚ ਪਾਰਟੀ ਕਰਲੀ। ਹੁਣ ਤੂੰ ਆਪ ਹਿਸਾਬ ਲਾ ਲੈ। ਜੇ ਹਸਨਪੁਰੀ ਮੇਰੇ ਆਖੇ ਪ੍ਰੇਮ ਸ਼ਰਮੇ ਨੂੰ ਗੀਤ ਲਿਖ ਕੇ ਦੇ ਦਿੰਦਾ, ਮੈਂ ਕਿੱਥੇ ਮੱਥਾ ਮਾਰਨਾ ਸੀਗਾ। ਨਾ ਚਾਲੀ ਰੁਪਈਏ ਮਿਲਦੇ। ਨਾ ਪਾਰਟੀ ਕਰਦੇ। ਨਾ ਥਰੀਕੇ ਦਾ ਨਾਓਂ ਲੌਡ ਸਪੀਕਰਾਂ 'ਚ ਵੱਜਦਾ, ਨਾ ਗੀਤਕਾਰੀ ਵੱਲ ਆਉਂਦਾ। ਆਵਦਾ ਕਹਾਣੀਆਂ ਨਾਵਲ ਲਿਖਦਾ। ਵਧੀਆ ਸਾਹਿਤਕਾਰ ਹੁੰਦਾ। ਕੜਿਆਲਵੀ !ਗੀਤ ਬੜੀ ਕੋਮਲ ਸਿਨਫ ਐ। ਗੀਤ ਲਿਖਣੇ ਸੌਖੇ ਨ੍ਹੀ ਪਰ ਸਾਹਿਤ ਦੇ ਪਾਰਖੂ ਗੀਤਕਾਰਾਂ ਨੂੰ ਸਾਹਿਤਕਾਰ ਨ੍ਹੀ ਮੰਨਦੇ। ਇਹ ਗੱਲ ਅਜੇ ਵੀ ਅੰਦਰ ਧੁਖਦੀ ਰਹਿੰਦੀ ਐ ਵ੍ਹੀ ਮੈਂ ਵੱਡਾ ਸਾਹਿਤਕਾਰ ਨ੍ਹੀ ਬਣ ਸਕਿਆ। ਗੀਤਕਾਰੀ 'ਚ ਐਸਾ ਖੁੱਭਿਆ—ਕਹਾਣੀ ਲਿਖਣੀ ਬੜੀ ਦੂਰ ਰਹਿ ਗਈ। ਪੜ੍ਹਦਾ ਮੈਂ ਹੁਣ ਵੀ ਕਹਾਣੀਆਂ, ਨਾਵਲ ਤੇ ਸਫਰਨਾਮੇ ਈ ਆਂ। ਗੀਤ ਨ੍ਹੀ ਪੜ੍ਹਦਾ। ਗਲਪ ਦੀ ਕੋਈ ਚੰਗੀ ਕਿਤਾਬ ਨ੍ਹੀ ਛੱਡਦਾ। ਕਹਾਣੀ ਅੰਦਰੋਂ ਹੁਲਾਰੇ ਮਾਰਦੀ ਰਹਿੰਦੀ ਐ--।' ਗੀਤਕਾਰੀ ਦੇ ਅੰਬਰੀ ਉਡਾਰੀਆਂ ਲਾਉਣ ਦੇ ਬਾਵਜੂਦ ਕਹਾਣੀਕਾਰ ਤੇ ਨਾਵਲਕਾਰ ਵਜੋਂ ਸਥਾਪਿਤ ਨਾ ਹੋ ਸਕਣ ਦਾ ਹੇਰਵਾ ਉਸਦੇ ਅੰਦਰੋਂ ਅਕਸਰ ਬੋਲਦਾ ਰਹਿੰਦਾ ਹੈ।

'ਵਧੀਆ ਰਹਿ ਗਿਆਂ ਬਾਈ। ਸਾਹਿਤਕਾਰ ਹੁੰਦਾ ਤਾਂ ਇਨਾਮਾਂ ਸਨਮਾਨਾਂ ਦੀ ਕੁੱਤੇਝਾਕ 'ਚ ਪਿਆ ਰਹਿੰਦਾ। ਕੋਈ ਨਾ ਕੋਈ ਜੁਗਾੜ ਲੜਾਉਣ ਦੇ ਗਧੀ ਗੇੜ 'ਚ ਉਲਝੇ ਰਹਿਣਾ ਸੀ। ਖੱਟਣ ਕਮਾਉਣ ਨੂੰ ਫੇਰ ਵੀ ਕੁੱਝ ਨਹੀਂ ਸੀ ਮਿਲਣਾ। ਜਿੰਨੀ ਰਾਸ਼ੀ ਦਾ ਐਵਾਰਡ ਮਿਲਣਾ ਸੀ ਉਦੂੰ ਵੱਧ ਨੱਠ ਭੱਜ 'ਚ ਖਰਚ ਹੋ ਜਾਇਆ ਕਰਨੇ ਸੀ। ਹੁਣ ਮੌਜ ਨਾਲ ਰਾਇਲਟੀ ਆਈ ਜਾਂਦੀ ਆ। ਦੁਨੀਆ 'ਚ ਥਰੀਕੇ-ਥਰੀਕੇ ਹੁੰਦੀ ਪਈ ਐ।'

'ਗੱਲਾਂ ਤਾਂ ਤੇਰੀਆਂ ਠੀਕ ਆ ਕੜਿਆਲਵੀ--- ਪਰ ਫੇਰ ਵੀ।' ਬਾਈ ਦੇਵ ਦਾ ਕੁੱਤਾ ਫੇਰ ਸਾਹਿਤਕਾਰੀ 'ਤੇ ਆ ਅੜਦਾ ਹੈ।

ਜਿੰਨਾ ਵੇਲਿਆਂ 'ਚ ਦੇਵ ਨੇ ਲਿਖਣਾ ਸ਼ੁਰੂ ਕੀਤਾ ਸੀ, ਉਹਨਾਂ ਵੇਲਿਆਂ 'ਚ ਦੋਗਾਣਾ ਗਾਇਕੀ ਦੀ ਧਾਰਾ ਤੇਜ਼ੀ ਨਾਲ ਵਹਿ ਰਹੀ ਸੀ। ਦੋਗਾਣਾ ਜੋੜੀਆਂ ਦੇ ਅਖਾੜਿਆਂ 'ਚ ਭੀੜ ਉਮੜ ਪੈਂਦੀ। ਮੁੰਬਈ ਜੋ ਉਦੋਂ ਬੰਬਈ ਜਾਂ ਬੰਬੇ ਹੁੰਦਾ ਸੀ, ਦੀ ਫਿਲਮ ਇੰਡਸਟਰੀ ਵਾਂਗ ਲੁਧਿਆਣਾ ਪੰਜਾਬੀ ਗਾਇਕਾਂ ਦੀ ਮੰਡੀ ਵਜੋਂ ਉਭਰ ਆਇਆ ਸੀ। ਬੱਸ ਅੱਡੇ ਦੇ ਆਲੇ ਦੁਆਲੇ ਦੀਆਂ ਬਿਲਡਿੰਗਾਂ ਮੂਹਰੇ ਪੰਜਾਬੀ ਗਾਇਕਾਂ ਦੀ ਮਸ਼ਹੂਰੀ ਕਰਦੇ ਸੈਂਕੜੇ ਬੋਰਡ ਲਟਕਣ ਲੱਗੇ ਸਨ। ਪਿੰਡਾਂ ਦੇ ਲੋਕ ਦਿਨ ਵੇਲੇ ਗਾਇਕ ਜੋੜੀਆਂ ਦੇ ਚੋਹਲ ਮੋਹਲ ਕਰਨ ਵਾਲੇ ਦੋਗਾਣਿਆਂ ਦਾ ਸੁਆਦ ਮਾਣਦੇ ਅਤੇ ਰਾਤ ਵੇਲੇ ਨੱਥੂਵਾਲੀਏ ਨਾਹਰ, ਦਰਸ਼ਨ ਸ਼ੌਂਕੀ, ਦਲੀਪ ਸਿੰਘ ਮਸਤ ਤੇ ਗੁਰਚਰਨ ਜੱਸਲ ਵਰਗਿਆਂ ਦੇ ਕਾਮਰੇਡੀ ਡਰਾਮੇ ਵੇਖਦੇ। ਦੇਵ ਦੇ ਗੀਤਕਾਰੀ ਦੇ ਪਿੜ 'ਚ ਆਉਣ ਨਾਲ ਇੱਕ ਨਵੀਂ ਰੌਅ ਵਹਿਣ ਲੱਗੀ। ਉਸਨੇ ਹੀਰ ਰਾਂਝਾ, ਸੱਸੀ ਪੁੰਨੂੰ, ਸੋਹਣੀ ਮਹੀਂਵਾਲ, ਰਾਜਾ ਰਸਾਲੂ, ਕੌਲਾਂ ਸ਼ਾਹਣੀ, ਸੁੱਚਾ ਸੂਰਮਾ, ਰੂਪ ਬਸੰਤ, ਪੂਰਨ ਭਗਤ, ਜਿਉਣਾ ਮੌੜ, ਦੁੱਲਾ ਭੱਟੀ, ਜੈਮਲ ਫੱਤਾ, ਜੱਗਾ ਡਾਕੂ, ਆਦਿ ਇਤਿਹਾਸਕ ਮਿਥਿਹਾਸਿਕ ਪਾਤਰਾਂ ਦੀਆਂ ਪੰਜਾਬੀ ਜਨਮਾਨਸ ਦੇ ਚੇਤਿਆਂ 'ਚ ਧਸੀਆਂ ਪਈਆਂ ਲੋਕ ਕਹਾਣੀਆਂ ਤੇ ਗਾਥਾਵਾਂ ਨੂੰ ਆਪਣੀ ਗਤਿਕਾਰੀ 'ਚ ਪੇਸ਼ ਕਰਨਾ ਸ਼ੁਰੂ ਕੀਤਾ। ਪਹਿਲਾਂ ਤੋਂ ਹੀ ਪ੍ਰਚੱਲਿਤ ਕਿੱਸਿਆਂ ਨੂੰ ਛੰਦਾਬੰਦੀ ਦੀ ਚਾਸ਼ਣੀ 'ਚ ਗੁੰਨ੍ਹ ਕੇ ਨਵੇਂ ਅੰਦਾਜ਼ 'ਚ ਪੇਸ਼ ਕਰ ਦਿੱਤਾ। ਕੁਲਦੀਪ ਮਾਣਕ ਦੀ ਤਿੱਖੀ ਤੇ ਬੁਲੰਦ ਆਵਾਜ਼ ਦੇ ਘਨੇੜੇ ਚੜੀਆਂ ਲੋਕ ਗਾਥਾਵਾਂ ਲਾਊਡ ਸਪੀਕਰਾਂ ਰਾਹੀਂ ਪੇਂਡੂ ਲੋਕਾਂ ਦੇ ਮਨਾਂ 'ਤੇ ਟੂਣਾ ਕਰਨ ਲੱਗੀਆਂ। ਲੋਕਾਂ ਨੂੰ ਇਹਨਾਂ 'ਚੋਂ ਢਾਡੀਆਂ ਵਾਲਾ ਬੀਰਤਾ ਰਸ ਵੀ ਮਿਲਣ ਲੱਗਾ। ਦੇਵ ਥਰੀਕੇ ਦੀ ਕਲਮ 'ਚੋਂ ਨਿਕਲੀਆਂ ਲੋਕ ਗਾਥਾਵਾਂ ਸੁਣਦਿਆਂ ਲੋਕ 'ਮਾਣਕ ਮਾਣਕ' ਕਰਨ ਲੱਗੇ।

ਇਹ ਹਰੀ ਕ੍ਰਾਂਤੀ ਤੋਂ ਬਾਅਦ ਦਾ ਦੌਰ ਸੀ। ਲੋਕਾਂ ਦੀਆਂ ਜੇਬਾਂ 'ਚ ਰੰਗ ਬਿਰੰਗੇ ਨੋਟ ਆਉਣ ਲੱਗੇ ਸਨ। ਹਰੀ ਕ੍ਰਾਤੀ ਵਾਂਗ ਲੋਕਾਂ ਦੀ ਸੋਚ 'ਚ ਵੀ ਤੇਜ਼ੀ ਨਾਲ ਤਬਦੀਲ ਹੋਣ ਲੱਗੀ ਸੀ। ਲੋਕ ਕਵੀ ਦਰਬਾਰਾਂ 'ਚ ਸਿ?ਵ ਕੁਮਾਰ ਦੇ ਬਿਰਹੋਂ ਭਰੇ ਗੀਤ ਕਵਿਤਾਵਾਂ ਵੀ ਸੁਣ ਰਹੇ ਸਨ ਤੇ ਵੱਡੇ ਵੱਡੇ ਇਕੱਠਾਂ 'ਚ ਸੰਤ ਰਾਮ ਉਦਾਸੀ ਦੀ ਹਾਕਮਾਂ ਨੂੰ ਵੰਗਾਰਨ ਵਾਲੀ ਇਨਕਲਾਬੀ ਹੂਕ ਨੂੰ ਵੀ ਹੁੰਗਾਰਾ ਭਰੀ ਜਾਂਦੇ ਸਨ। ਮੁਹੰਮਦ ਸਦੀਕ ਤੇ ਰਣਜੀਤ ਕੌਰ ਦੀ ਆਵਾਜ਼ 'ਚ ਬਾਬੂ ਸਿੰਘ ਮਾਨ ਮਰਾੜਾਂ ਵਾਲੇ ਦੀ ਠੇਠ ਪੇਂਡੂ ਸ਼ਬਦਾਵਲੀ ਵਾਲੇ ਗੀਤ ਲੋਕਾਂ ਦੇ ਕੁਤਕਤਾੜੀਆਂ ਕੱਢਦੇ ਤੇ ਚਤਰ ਸਿੰਘ ਪ੍ਰਵਾਨੇ ਜਿਹੇ ਚਲੰਤ ਗਾਇਕ 'ਮਿਤਰਾਂ ਦੇ ਟਿਊਬਵੈੱਲ 'ਤੇ, ਲੀੜੇ ਧੋਣ ਦੇ ਬਹਾਨੇ ਆਜਾ।' ਵੀ ਗਾਈ ਜਾਂਦੇ ਸਨ। ਗਾਇਕੀ ਦੀ ਘੜਮੱਸ ਚੌਂਦੇ 'ਚ ਹਰਚਰਨ ਗਰੇਵਾਲ ਤੇ ਸੀਮਾਂ ਦੀ ਜੋੜੀ 'ਸੀਮਾ ਚੱਕ ਕੇ ਚਰੀ ਦਾ ਰੁੱਗ ਲਾਵੇ ਗਰੇਵਾਲ ਕੁਤਰਾ ਕਰੇ' ਗਾਉਂਦਿਆਂ ਕਈ ਕੁੱਝ ਦਾ ਕੁਤਰਾ ਕਰੀ ਜਾਂਦੀ ਸੀ ਤੇ ਭਰੋਵਾਲੀਆ ਦੀਦਾਰ ਸੰਧੂ ਵੀ ਮਹਿਬੂਬਾ ਦੇ ਦਰਵਾਜ਼ੇ ਨੂੰ ਕੋਟ ਕਪੂਰੇ ਦੇ ਫਾਟਕ ਵਾਂਗੂੰ ਬੰਦ ਪਏ ਰਹਿਣ ਦਾ ਮਿਹਣਾ ਦਿੰਦਿਆ 'ਬੰਦ ਪਿਆ ਦਰਵਾਜ਼ਾ ਜੋ ਫਾਟਕ ਕੋਟ ਕਪੂਰੇ ਦਾ' ਗਾ ਰਿਹਾ ਸੀ। ਯਮਲੇ ਜੱਟ ਦੀ ਤੂੰਬੀ 'ਸਤਿਗੁਰ ਤੇਰੀ ਲੀਲਾ ਨਿਆਰੀ ਐਂ' 'ਤੇ ਟੁਣਕਦੀ ਹੋਈ ਵੱਖਰਾ ਸਥਾਨ ਬਣਾਈ ਬੈਠੀ ਸੀ। ਵਿੱਚ ਵਿਚਾਲੇ ਹੋਰ ਗਾਇਕ ਜੋੜੀਆਂ ਵੀ ਆਪੋ ਆਪਣੇ ਜਲਵੇ ਬਿਖੇਰੀ ਜਾਂਦੀਆਂ ਸਨ। ਨਰਿੰਦਰ ਬੀਬਾ ਪੰਜਾਬ ਦੇ ਮੰਨੇ ਪ੍ਰਮੰਨੇ ਸਟੇਜੀ ਕਵੀ ਤੇ ਗੀਤਕਾਰ ਚਰਨ ਸਿੰਘ ਸਫਰੀ ਦੇ ਧਾਰਮਿਕ ਗੀਤਾਂ 'ਤੇ ਹੇਕਾਂ ਲਾਈ ਜਾਂਦੀ ਸੀ। ਟਣਕਵੀ ਆਵਾਜ਼ ਨਾਲ ਕੀਲ ਲੈਣ ਵਾਲੀ ਸੁਰਿੰਦਰ ਕੌਰ ਨੂੰ ਲੋਕ ਪੰਜਾਬ ਦੀ ਕੋਇਲ ਕਹਿਣ ਲੱਗੇ ਸਨ। ਉਹ ਬਿਰਹੋਂ ਦੇ ਸ਼ਾਇਰ ਸਿ?ਵ ਕੁਮਾਰ ਨੂੰ ਵੀ ਗਾਈ ਜਾਂਦੀ ਸੀ ਤੇ ਥਰੀਕਿਆਂ ਵਾਲੇ ਦੇਵ ਨੂੰ ਵੀ। ਵਿੱਚ ਵਿਚਾਲੇ ਉਹ ਚਰਚਿਤ ਗਾਇਕਾਂ ਨਾਲ ਦੋਗਾਣੇ ਵੀ ਰਿਕਾਰਡ ਕਰਵਾ ਦਿੰਦੀ।

ਗੀਤਕਾਰਾਂ ਤੇ ਗਾਇਕ ਗਾਇਕਾਵਾਂ ਦੀ ਭਾਰੀ ਭੀੜ ਸੀ ਜਿਸ ਵਿੱਚੋਂ ਦੋ ਧਾਰਾਵਾਂ ਨੇ ਆਪਣੀ ਪਛਾਣ ਜਿ?ਆਦਾ ਗੂੜ੍ਹੀ ਕਰ ਲਈ ਸੀ। ਇੱਕ ਧਾਰਾ ਮੁਹੰਮਦ ਸਦੀਕ-ਰਣਜੀਤ ਕੌਰ ਦੀ ਗਾਇਕ ਜੋੜੀ ਅਤੇ ਗੀਤਕਾਰ ਬਾਬੂ ਸਿੰਘ ਮਾਨ ਮਰਾੜਾਂ ਵਾਲੇ ਦੀ ਸੀ ਜਿਹੜੀ ਦੋਗਾਣਿਆਂ ਦੇ ਪਿੜ 'ਚ ਗਰਦਾ ਗੋਰ ਕਰੀ ਫਿਰਦੀ ਸੀ। ਦੂਜੀ ਧਾਰਾ ਕੁਲਦੀਪ ਮਾਣਕ ਤੇ ਦੇਵ ਥਰੀਕੇ ਵਾਲੇ ਦੀ ਜੋੜੀ ਨੇ ਲੋਕ ਗਾਥਾਵਾਂ ਦੇ ਰੂਪ 'ਚ ਵਹਾ ਰੱਖੀ ਸੀ। ਪੰਜਾਬ ਦੇ ਅਖਾੜਾ ਗਾਇਕੀ ਸੁਨਣ ਵਾਲੇ ਤੇ ਤਵਿਆਂ/ਟੇਪਾਂ ਦੇ ਸ਼ੌਕੀਨ ਕਦੇ ਕਿਸੇ ਜੋੜੀ ਨੂੰ ਅੱਗੇ ਕਹਿੰਦੇ ਕਦੇ ਕਿਸੇ ਨੂੰ। ਕਦੇ ਉਹ ਦੋਵਾਂ ਨੂੰ ਰੇਲਗੱਡੀ ਦੀਆਂ ਲਾਈਨਾਂ ਵਾਂਗ ਬਰਾ ਬਰੋਬਰ ਰੱਖਦੇ। ਵੈਸੇ ਇਹ ਵੀ ਸਮੇਂ ਦਾ ਹੀ ਸਬੱਬ ਸੀ ਕਿ ਮੁਹੰਮਦ ਸਦੀਕ ਨੇ ਮਾਨ ਮਰਾੜਾਂ ਵਾਲੇ ਨਾਲ ਜੁੜਨ ਤੋਂ ਪਹਿਲਾਂ ਦੇਵ ਥਰੀਕੇ ਵਾਲੇ ਦੇ 'ਲੌਂਗ ਬਿਸ਼ਨੀਏ ਤੇਰਾ' ਵਰਗੇ ਗੀਤ ਗਾਏ ਤੇ ਰਿਕਾਰਡ ਕਰਵਾਏ ਸਨ ਅਤੇ ਕੁਲਦੀਪ ਮਾਣਕ ਨੇ ਆਪਣੀ ਗਾਇਕੀ ਦੀ ਸ਼ੁਰੂਆਤ ਮਾਨ ਮਰਾੜਾਂ ਵਾਲੇ ਦੇ ਗੀਤਾਂ ਨਾਲ ਕੀਤੀ ਸੀ।

'ਕੜਿਆਲਵੀ ! ਮਾਣਕ ਨਾਲ ਮੇਲ ਵੀ ਸਬੱਬ ਈ ਬਣਿਆ। ਮੇਰੀ ਬਦਲੀ ਗਿਆਸਪੁਰਾ ਦੇ ਸਕੂਲ 'ਚ ਹੋਗੀ। ਉੱਥੇ ਸਾਡੇ ਨਾਲ ਹੁੰਦਾ ਸੀ ਗੁਰਦਿਆਲ ਸਿਹੁੰ ਪੀ ਟੀ ਮਾਸਟਰ। ਮਾਣਕ ਉਹਦੇ ਸੰਪਰਕ 'ਚ ਸੀਗਾ। ਉਦੋਂ ਉਹਦਾ ਨਾਂ ਹੈਨੀ ਸੀਗਾ। ਗੁਰਦਿਆਲ ਮੈਨੂੰ ਕਹਿੰਦਾ, 'ਯਾਰ ਦੇਵ ਇੱਕ ਮੁੰਡਾ ਹੈਗਾ। ਆਵਾਜ਼ ਵੀ ਚੰਗੀ ਐ। ਰਾਗਾਂ ਬਾਰੇ ਜਾਣਦਾ। ਨਰਿੰਦਰ ਬੀਬਾ ਕੋਲੇ ਰਹਿੰਦਾ। ਕਦੇ ਕਦਾਈਂ ਹਰਚਰਨ ਗਰੇਵਾਲ ਨਾਲ ਚਲਾ ਜਾਂਦਾ। ਯਾਰ ਆਪਣੇ ਗੀਤ ਦੇ ਕੇ ਉਹਦੀ ਰਿਕਾਰਡਿੰਗ ਕਰਵਾ।' ਮੈਂ ਮਾਣਕ ਨੂੰ ਸੁਣਿਆ। ਮੈਂ ਆਖਿਆ ਤੇਰੀ ਆਵਾਜ਼ ਦੋਗਾਣਿਆਂ ਵਾਲੀ ਨ੍ਹੀ, ਲੋਕ ਗਾਥਾਵਾਂ ਵਾਲੀ ਐ। ਮੈਂ ਚਾਰ ਲੋਕ ਗਾਥਾਵਾਂ ਲਿਖ ਕੇ ਦਿੱਤੀਆਂ ਉਹਨੂੰ। ਉਹਨੇ ਰਿਕਾਰਡ ਕਰਵਾ ਦਿੱਤੀਆਂ। ਚਾਰ ਗੀਤਾਂ ਦਾ ਈ ਪੀ ਰਿਕਾਰਡ ਮਾਰਕੀਟ 'ਚ ਆਇਆ ਤਾਂ ਚਾਰੇ ਪਾਸੇ ਮਾਣਕ ਮਾਣਕ ਹੋਗੀ। 'ਤੇਰੀ ਖਾਤਰ ਹੀਰੇ ਛੱਡਿਆ ਤਖਤ ਹਜ਼ਾਰੇ ਨੂੰ' ਗੀਤ ਚਾਰ ਚੁਫੇਰੇ ਗੂੰਜਣ ਲੱਗਾ। ਐਨਾ ਚੱਲਿਆ ਐਨਾ ਚੱਲਿਆ—ਜਾਣੀਦਾ ਰਿਕਾਟ ਈ ਤੋੜਤੇ। ਕਰਮਜੀਤ ਧੂਰੀ ਮੇਰੇ ਨਾਲ ਨਾਰਾਜ਼ ਹੋ ਗਿਆ। ਕਈ ਵਰ੍ਹੇ ਨ੍ਹੀ ਬੋਲਿਆ।'

'ਕਿਉਂ ?

'ਏਸੇ ਕਰਕੇ ਵ੍ਹੀ ਮਾਣਕ ਨੂੰ ਗੀਤ ਕਾਹਤੋਂ ਦੇਤੇ। ਮੈਨੂੰ ਕਿਉਂ ਨ੍ਹੀ ਦਿੱਤੇ। ਉਂ ਇੱਕ ਗੱਲ ਐ, ਮੈਂ ਕਰਮਜੀਤ ਨੂੰ ਗੀਤ ਦੇ ਵੀ ਦਿੰਦਾ, ਉਹਤੋਂ ਗੱਲ ਨ੍ਹੀ ਸੀ ਬਨਣੀ। ਬੇਸ਼ੱਕ ਉਹਦੀ ਹੇਕ

ਅਗਲਾ ਸਫ਼ਾ ਪਰਤੋ

ਲੰਮੀ ਸੀ ਪਰ ਉਹ ਮਾਣਕ ਵਾਲੀ ਪਿੱਚ 'ਤੇ ਨ੍ਹੀ ਸੀ ਗਾ ਸਕਦਾ। ਮਾਣਕ ਤਾਂ ਬੱਸ ਮਾਣਕ ਈ ਸੀ।'

ਮਾਣਕ ਦੇ ਦੇਵ ਦੀ ਜੋੜੀ ਢਾਈ ਦਹਾਕੇ ਪੰਜਾਬੀਆਂ ਦੇ ਦਿਲਾਂ 'ਚ ਡੇਰਾ ਲਾਕੇ ਰਹਿੰਦੀ ਰਹੀ ਹੈ। ਦੋਵੇ ਇੱਕੋ ਸਿੱਕੇ ਦੇ ਦੋ ਪਾਸੇ ਸਨ। ਬਾਈ ਦੇਵ ਆਪਣੇ ਅੰਦਰ ਮਾਣਕ ਦੀਆਂ ਢੇਰਾਂ ਯਾਦਾਂ ਸਾਂਭੀ ਫਿਰਦਾ ਹੈ। ਮਾਣਕ ਨੂੰ ਯਾਦ ਕਰਦਿਆਂ ਉਸਦੀਆਂ ਅੱਖਾਂ 'ਚ ਪਾਣੀ ਭਰ ਆਉਂਦਾ ਹੈ।

'ਮਾਣਕ ਆਵਦੀ ਕਿਸਮ ਦਾ ਈ ਬੰਦਾ ਸੀਗਾ। ਸਿਰੇ ਦਾ ਅੜਬ। ਦਿਲ ਦਾ ਸੱਚਾ। ਐਥੇ ਥਰੀਕੇ ਵੀ ਉਹਨੂੰ ਮੈਂ ਈ ਲੈ ਕੇ ਆਇਆ ਸੀਗਾ। ਮੇਰੇ ਤਾਂ ਪਰਿਵਾਰ ਦਾ ਈ ਹਿੱਸਾ ਸੀਗਾ। ਕੇਰਾਂ ਦੀ ਗੱਲ ਦੱਸਦਾਂ। ਮੈਂ ਰੇਡੀਓ ਸਟੇਸ਼ਨ ਰਿਕਾਰਡਿੰਗ ਕਰਵਾਉਣ ਜਾਣਾ ਸੀਗਾ। ਪੱਗ ਬੰਨ੍ਹੀ ਜਾਵਾਂ। ਏਧਰੋਂ ਏਹ ਆ ਗਿਆ। ਪੈਰੀਂ ਚੱਪਲਾਂ ਪਾਈਆਂ। ਉੱਤੋਂ ਠੰਡ ਦਾ ਮੌਸਮ। ਮੈਨੂੰ ਕਹਿੰਦਾ ਬੁੜਿਆ ਮੈਂ ਘਰ ਨ੍ਹੀ ਜਾਣਾ। ਐਥੇ ਤੇਰੇ ਕੋਲ ਈ ਰਹਿਣਾ। ਮੈਂ ਕਿਹਾ ਮੈਤਾਂ ਜਲੰਧਰ ਚੱਲਿਆਂ ਰਿਕਾਰਡਿੰਗ ਕਰਾਉਣ। ਉਹ ਤਾਂ ਪੈ ਗਿਆ ਮਗਰ। ਜਿ?ਦ ਕਰਨ ਕਰਨ ਲੱਗਾ ਅਖੇ ਮੈਂ ਤਾਂ ਨਾਲ ਈ ਜਾਣਾ। ਮੈਂ ਬਥੇਰਾ ਘੂਰਿਆ ਵ੍ਹੀ ਤੇਰੇ ਕੱਪੜੇ ਵਨ੍ਹੀ ਚੱਜਦੇ। ਪੈਰੀਂ ਚੱਪਲਾਂ ਪਾਈਆਂ। ਫੇਰ ਨਾ ਜੀ ਕਿਸੇ ਮੁੰਡੇ ਨੂੰ ਭੇਜ ਕੇ ਉਹਦੇ ਵਾਸਤੇ ਅਧੀਆ ਮੰਗਵਾ ਕੇ ਦਿੱਤਾ ਦਾਰੂ ਦਾ। ਕਹਿੰਦਾ ਬੁੜਿਆ ਘਰੇ ਛੱਡ ਕੇ ਆ ਨਾਲੇ ਸਰਬਜੀਤ ਨੂੰ ਘੂਰ ਕੇ ਆਵੀਂ। ਐਵੇਂ ਲੜਦੀ ਆ ਮੇਰੇ ਨਾਲ। ਉਹਨੂੰ ਘਰੇ ਛੱਡ ਕੇ ਆਇਆ ਫੇਰ ਕਿਤੇ ਜਲੰਧਰ ਗਿਆ। ਐਹੋ ਜਿਆ ਤਾਂ ਪਤੰਦਰ ਮਾਣਕ ਸੀਗਾ। ਕਈ ਵਾਰ ਤਾਂ ਜੁਆਕਾਂ ਆਗੂੰ ਰਿਹਾੜ ਕਰਨ ਲੱਗ ਪੈਂਦਾ ਸੀਗਾ। ਕੇਰਾਂ ਦੀ ਗੱਲ ਸੁਣਾਉਣਾ--।' ਬਾਈ ਦੇਵ ਘਰ ਆਏ ਮੁੰਡੇ ਨੂੰ ਪਰਦੇ ਨਾਲ ਪੈਸੇ ਫੜਾ ਕੇ ਆਪਣੇ ਜ਼ਰੂਰੀ ਕੰਮ ਭੇਜ ਦਿੰਦਾ ਹੈ। ਸਾਨੂੰ ਗੁੱਝੀ ਹਾਸੀ ਹੱਸਦਿਆਂ ਨੂੰ ਤਾੜ ਲੈਂਦਾ ਹੈ।

'ਪਿੱਛੇ ਜਏ ਹਸਪਤਾਲ ਰਹਿਣਾ ਪਿਆ। ਡਾਕਟਰ ਨੇ ਸਾਰੇ ਟੈਸਟ ਟ੍ਰਸਟ ਕਰਲੇ। ਕੇਰਾਂ ਤਾਂ ਬਚਾਤਾ ਦਵਾਈ ਬੂਟੀ ਕਰਕੇ। ਬੜਾ ਸਤਿਕਾਰ ਕਰਦਾ ਮੇਰਾ। ਮੈਂ ਕਹਿਤਾ ਵ੍ਹੀ ਦਾਰੂ ਤਾਂ ਨ੍ਹੀ ਛੱਡੀ ਜਾਣੀ। ਦੋ ਪੈੱਗ ਤਾਂ ਮੈਂ ਲਾਊਂ ਈ ਲਾਊਂ। ਦੋ ਪੈੱਗ ਅਲਾਊਡ ਕਰਤੇ ਉਹਨੇ। ਕਹਿੰਦਾ ਦੋ ਤੋਂ ਵੱਧ ਨ੍ਹੀ ਲਾਉਣੇ। ਬੱਸ ਆਵਦੇ ਜੋਗੀ ਮੰਗਾ ਲਈਦੀ ਆ।'

'ਹੁਣ ਛੱਡਣੀ ਠੀਕ ਵ੍ਹੀ ਨ੍ਹੀ।'

'ਹੁਣ ਕਿੱਥੇ ਛੁੱਟਣੀ।'

'ਇੱਕ ਅੱਧੇ ਪੈੱਗ ਦਾ ਕੋਈ ਡਰ ਨ੍ਹੀ।' ਅਸੀਂ ਨਾ ਚਾਹੁੰਦਿਆਂ ਵੀ ਬਾਈ ਦੀ ਹਾਂ 'ਚ ਹਾਂ ਮਿਲਾਉਂਦੇ ਹਾਂ।

'ਹੱਛਾ ਮੈਂ ਮਾਣਕ ਦੀ ਗੱਲ ਦੱਸਣ ਲੱਗਾ ਸੀਗਾ। ਕੇਰਾਂ ਦੀ ਗੱਲ ਐ। ਸੰਦਲੀ ਪੈੜਾਂ ਵਾਲੇ ਹਰਜੀਤ ਸਿੰਘ ਨੇ ਮਾਣਕ ਨੂੰ ਦੂਰਦਰਸ਼ਨ 'ਤੇ ਰਿਕਾਰਡਿੰਗ ਕਰਾਉਣ ਵਾਸਤੇ ਬੁਲਾਇਆ। ਅਸੀਂ ਚਲੇ ਗਏ। ਸਾਡੇ ਜਾਂਦਿਆਂ ਨੂੰ ਦੂਰਦਰਸ਼ਨ ਦੇ ਸਾਰੇ ਸਾਜਿੰਦੇ ਸੰਗੀਤ ਦੇਣ ਲਈ ਤਿਆਰ ਬਰ ਤਿਆਰ ਹੋਏ ਬੈਠੇ ਸੀਗੇ। ਮਾਣਕ ਕਹਿੰਦਾ ਮੈਂ ਤਾਂ ਆਪਣੇ ਸਾਜਿੰਦਿਆਂ ਨਾਲ ਈ ਰਿਕਾਰਡਿੰਗ ਕਰਾਊਂ। ਹਰਜੀਤ ਨੇ ਬਥੇਰਾ ਸਮਝਾਇਆ ਵ੍ਹੀ ਆਏ ਨ੍ਹੀ ਹੁੰਦਾ। ਅਸੀਂ ਅਰੇਂਜਮੈਂਟ ਕਰ ਬੈਠੇ ਆਂ, ਐਤਕੀਂ ਰਿਕਾਰਡਿੰਗ ਕਰਵਾ ਦੇ ਅੱਗੋਂ ਤੋਂ ਆਵਦੇ ਸਾਜਿੰਦਿਆਂ ਨਾਲ ਈ ਕਰਵਾ ਲਿਆ ਕਰੀਂ। ਮਾਣਕ ਮੈਨੂੰ ਪਾਸੇ ਕਰਕੇ ਕਹਿੰਦਾ, 'ਬੁੜਿਆ, ਆਹ ਜਿਹੜੇ ਸਾਜਿੰਦੇ ਆਪਾਂ ਨਾਲ ਲਿਆਂਦੇ ਆ ਇਹਨਾਂ ਨੂੰ ਖਰਚਾ ਕਿੱਥੋਂ ਦਿਆਂਗੇ ?' ਲਉ ਜੀ ਉਹ ਹਰਜੀਤ ਨੂੰ ਕਹਿੰਦਾ ਅਸੀਂ ਹੁਣੇ ਆਏ। ਉੱਥੋਂ ਬਹਾਨਾ ਲਾ ਕੇ ਮੈਨੂੰ ਲੈ ਕੇ ਖਿਸਕ ਆਇਆ। ਗੱਡੀ ਚੱਕੀ 'ਤੇ ਫਗਵਾੜੇ ਢਾਬੇ 'ਤੇ ਲਾਈ। ਇੱਥੇ ਆਕੇ ਦਾਰੂ ਪੀ ਲਈ। ਮਗਰੋਂ ਹਰਜੀਤ ਦਾ ਫੋਨ ਆ ਗਿਆ। ਮੈਨੂੰ ਕਹਿੰਦਾ ਕਿਵੇਂ ਨਾ ਕਿਵੇਂ ਮਾਣਕ ਨੂੰ ਲੈ ਕੇ ਆ। ਰਿਕਾਰਡਿੰਗ ਕਰਨੀ ਐ। ਮੈਂ ਕਿਹਾ ਹੁਣ ਨ੍ਹੀ ਆਉਣਾ ਇਹਨੇ। ਇਹ ਤਾਂ ਦਾਰੂ ਨਾਲ ਡੱਕਿਆ ਬੈਠਾ। ਅਸੀਂ ਅਗਲੇ ਹਫ਼ਤੇ ਆਕੇ ਰਿਕਾਰਡਿੰਗ ਕਰਵਾ ਜਾਵਾਂਗੇ। ਜਾਣੀਦਾ ਇਹ ਗੱਲਾਂ ਉਦੋਂ ਦੀਆਂ ਜਦੋਂ ਦੂਰਦਰਸ਼ਨ 'ਤੇ ਗਾਉਣ ਵਾਸਤੇ ਗਾਇਕ ਤਰਲੇ ਮਾਰਦੇ ਹੁੰਦੇ ਸੀਗੇ। ਮਾਣਕ ਚੰਗੀ ਭਲੀ ਰਿਕਾਰਡਿੰਗ ਛੱਡਕੇ ਆ ਗਿਆ।'

ਬਾਈ ਦੇਵ ਨੇ ਅੱਖਾਂ 'ਚ ਉੱਤਰ ਆਈ ਨਮੀ ਨੂੰ ਸੱਜੇ ਹੱਥ ਦੀ ਉਂਗਲ ਨਾਲ ਸਾਫ ਕੀਤਾ।

'ਮਾਣਕ ਅੱਥਰਾ ਤੇ ਮੂੰਹਜ਼ੋਰ ਜ਼ਰੂਰ ਸੀ ਪਰ ਸ਼ਾਤਰ ਨ੍ਹੀ ਸੀਗਾ। 5ਨੂੰ ਆਪਣੀ ਗਾਇਕੀ 'ਤੇ ਮਾਣ ਈ ਬਾਹਲਾ ਸੀਗਾ। ਉਹਨੇ ਤਾਂ ਪਤੰਦਰ ਨੇ ਆਲਮ ਲੁਹਾਰ ਨਾਲ ਪੰਗਾ ਲੈ ਲਿਆ ਸੀ। ਆਲਮ ਲੁਹਾਰ ਨੇ ਕਿਤੇ ਚੜ੍ਹਦੇ ਪੰਜਾਬ ਦੀ ਗਾਇਕੀ ਬਾਰੇ ਉਲਟਾ ਸਿੱਧਾ ਆਖ ਦਿੱਤਾ ਅਖੇ ਇਹ ਟਰੱਕਾਂ ਵਾਲਿਆਂ ਦੀ ਗਾਇਕੀ ਐ। ਮਾਣਕ ਨੂੰ ਗੁੱਸਾ ਆ ਗਿਆ, ਏਨੇ ਏਥੇ ਸਟੇਜ 'ਤੇ ਈ ਵੰਗਾਰ ਲਿਆ ਆਲਮ ਲੁਹਾਰ ਨੂੰ। ਕਹਿੰਦਾ-ਤੂੰ ਮੇਰੇ ਮੁਕਾਬਲੇ ਗਾ ਕੇ ਦਿਖਾ। ਆਖਿਆ ਈ ਨ੍ਹੀ ਗਾ ਕੇ ਦਿਖਾਇਆ ਵੀ। ਆਲਮ ਲੁਹਾਰ ਨੂੰ ਮਨਾ ਕੇ ਛੱਡਿਆ। ਜਿਹੜਾ ਮਾਣਕ ਸੀ ਨਾ, ਕਿਸੇ ਦੀ ਗੱਲ ਨ੍ਹੀ ਸੀ ਸਹਾਰਦਾ। ਲੋਕ ਗਾਥਾਵਾਂ ਗਾਉਣ 'ਚ ਪੰਜਾਬ ਦਾ ਹੋਰ ਕੋਈ ਗਾਇਕ ਉਹਦੇ ਨੇੜੇ ਨ੍ਹੀ ਸੀ ਢੁੱਕਦਾ। ਯਾਰ ਮਾਣਕ ਤਾਂ ਬੱਸ---ਮਾਣਕ ਈ ਸੀ। ਮਾਣਕ ਕਿਤੇ ਹਾਰੀ ਸਾਰੀ ਨੇ ਬਣ ਜਾਣਾ। ਸ਼ਰਾਬ ਲੈ ਬੈਠੀ---ਉਹਨੂੰ ਹਜੇ ਜਾਣਾ ਨ੍ਹੀ ਸੀ ਚਾਹੀਦਾ। ਪਤੰਦਰ ਐਮੇ ਤੁਰ ਗਿਆ ਭੰਗ ਦੇ ਭਾਅ।'

ਮਾਣਕ ਦੀ ਮੌਤ ਨੇ ਦੇਵ ਨੂੰ ਬੁਰੀ ਤਰ੍ਹਾਂ ਤੋੜ ਸੁੱਟਿਆ ਸੀ। ਆਪਣੇ ਗੱਭਰੂ ਪੁੱਤ ਹਰਪ੍ਰੀਤ ਬਿੱਟੂ ਦੀ ਮੌਤ ਜਿੰਨਾ ਹੀ ਦੁੱਖ ਮਾਣਕ ਦੇ ਜਾਣ ਦਾ ਹੋਇਆ। ਪੰਜਾਬ ਦਾ ਸ਼ਾਇਦ ਹੀ ਕੋਈ ਗਾਇਕ ਜਾਂ ਗਾਇਕਾ ਹੋਊ ਜਿਸ ਨੇ ਦੇਵ ਦੇ ਕਲਾਮ ਨੂੰ ਆਪਣੀ ਆਵਾਜ਼ ਨਾ ਦਿੱਤੀ ਹੋਊ, ਪਰ ਉਸਦੀ ਜੋ ਸਾਂਝ ਮਾਣਕ ਨਾਲ ਬਣੀ-ਹੋਰ ਕਿਸੇ ਨਾਲ ਨਾ ਹੋ ਸਕੀ। ਸੁਰਿੰਦਰ ਛਿੰਦੇ ਨਾਲ ਵੀ ਨਹੀਂ ਜੋ ਕਿ ਰਿਸ਼ਤੇ 'ਚ ਦੇਵ ਦਾ ਸਾਂਢੂ ਲੱਗਦਾ ਹੈ। ਛਿੰਦੇ ਨੇ ਬਾਈ ਦੇਵ ਦੇ ਗੀਤਾਂ ਨਾਲ ਹੀ ਸ਼ੁਰੂਆਤ ਕੀਤੀ ਸੀ। ਛਿੰਦੇ ਲਈ ਹੀ ਉਸਨੇ 'ਜਿਉਣਾ ਮੌੜ' ਲਿਖਿਆ। ਚਰਨਜੀਤ ਆਹੂਜੇ ਦੇ ਸੰਗੀਤ ਦੀ ਪਾਣ ਚੜ੍ਹਕੇ ਛਿੰਦੇ ਦੀ ਭਰਵੀਂ 'ਤੇ ਗਰਾਰੀਆਂ ਵਾਲੀ ਆਵਾਜ਼ ਨੇ ਦੇਵ ਦੀ ਲਿਖਤ 'ਚ ਅਜਿਹੀ ਰੂਹ ਭਰੀ ਕਿ 'ਜਿਉਣਾ ਮੌੜ' ਘਰ ਘਰ ਗੂੰਜਣ ਲੱਗਾ। ਕੈਸੇਟਾਂ ਦੀ ਬਲੈਕ ਹੋਣ ਲੱਗੀ। ਗਲੀਆਂ 'ਚ ਖੇਡਦੇ ਨਿਆਣੇ 'ਨਿੱਕਲ ਬਾਹਰ ਡੋਗਰਾ' ਵਰਗੇ ਡਾਇਲਾਗ ਬੋਲਣ ਲੱਗੇ। ਟਰੈਕਟਰਾਂ ਅਤੇ ਮੋਟਰਾਂ 'ਤੇ ਇਹੀ ਟੇਪ ਵੱਜਦੀ ਰਹਿੰਦੀ। ਲੋਕ ਸੁਰਿੰਦਰ ਛਿੰਦੇ ਤੋਂ ਅਖਾੜਿਆ 'ਚ 'ਚਤਰਿਆ ! ਖੋਹਲ ਘੋੜੀ ਤੇ ਚੱਕ ਬੰਦੂਕ।' ਵਰਗੇ ਡਾਇਲਾਗ ਵਾਰ ਵਾਰ ਸੁਣਨ ਲੱਗੇ। 'ਜਿਉਣਾ ਮੌੜ' ਅੱਸੀਵਿਆਂ ਦੇ ਦੌਰ ਦੀ ਬਲਾਕ ਬਸਟਰ ਫਿਲਮ 'ਸ਼ੋਅਲੇ' ਬਣ ਗਿਆ। ਛਿੰਦੇ ਨੂੰ ਫਿਲਮਾਂ 'ਚ ਵੀ ਉਸੇ ਢੰਗ ਦੇ ਹੀ ਰੋਲ ਮਿਲਣ ਲੱਗੇ।

'ਬਾਈ, ਛਿੰਦੇ ਨੂੰ 'ਜਿਉਣਾ ਮੌੜ' ਲਿਖ ਕੇ ਦੇਣ ਨਾਲ ਮਾਣਕ ਗੁੱਸੇ ਨ੍ਹੀ ਹੋਇਆ ? ਆਂਹਦਾ ਤਾਂ ਹੋਊ, ਮੈਨੂੰ ਕਿਉਂ ਨ੍ਹੀ ਦਿੱਤਾ ?'

'ਹੋਇਆ ਕਿਉਂ ਨ੍ਹੀ ? ਹੋਇਆ ਸੀ। ਪੂਰੇ ਦੋ ਸਾਲ ਗੁੱਸੇ ਰਿਹਾ ਮੇਰੇ ਨਾਲ। ਬੋਲਿਆ ਨ੍ਹੀ। ਮੈਂ ਵੀ ਨ੍ਹੀ ਬੁਲਾਇਆ। ਐਥੇ ਘਰੇ ਆ ਜਾਂਦਾ ਸੀ। ਆਵਦੀ ਬੀਬੀ ਨੂੰ ਤੇ ਜੁਆਕਾਂ ਨੂੰ ਮਿਲ ਮਿਲਾ ਕੇ ਚਲਾ ਜਾਂਦਾ ਸੀਗਾ। ਮੈਨੂੰ ਨ੍ਹੀ ਸੀ ਬੁਲਾਉਂਦਾ। ਮੈਂ ਵੀ ਉਹਦੇ ਘਰੇ ਜਾਂਦਾ ਸੀ। ਸਰਬਜੀਤ ਨੂੰ ਮਿਲ ਆਉਣਾ। ਜੁਆਕਾਂ ਨੂੰ ਮਿਲ ਗਿਲ ਆਉਣਾ। ਬੁਲਾਉਂਦਾ ਮੈਂ ਵੀ ਨ੍ਹੀ ਸੀ। ਨਾ ਉਹਨੇ ਮੇਰੇ ਬਾਰੇ ਮਾੜਾ ਕਿਹਾ ਨਾ ਮੈਂ ਈ ਬੋਲਿਆ। ਦੋ ਸਾਲਾਂ ਬਾਅਦ ਦੁਬਾਰਾ ਸੁਲਾਹ ਸਫਾਈ ਹੋਗੀ। ਸਾਡਾ ਪਿਉ-ਪੁੱਤਾ ਦਾ ਕੀ ਰੌਲਾ ਸੀਗਾ ? ਫੇਰ ਮੈਂ ਉਹਨੂੰ 'ਜੱਗਾ ਡਾਕੂ' ਲਿਖ ਕੇ ਦਿੱਤਾ। 'ਮੱਸਾ ਰੰਗੜ' ਵੀ ਲਿਖਿਆ। ਦੋਵੇ ਚੱਲੇ ਵੀ ਪਰ ਉਹ ਗੱਲ ਨ੍ਹੀ ਬਣ ਸਕੀ। ਜਿਉਣੇ ਮੌੜ ਵਾਲੇ ਪੱਧਰ ਨੂੰ ਕੋਈ ਨ੍ਹੀ ਪਹੁੰਚ ਸਕਿਆ। ਮਾਣਕ ਤੋਂ ਉਹ ਗੱਲ ਬਨਣੀ ਵਨ੍ਹੀ ਸੀ। ਓਹਦੀ ਆਵਾਜ਼ ਉਪੇਰਿਆਂ ਵਾਸਤੇ ਬਣੀਓ ਨ੍ਹੀ ਸੀ। ਉਹ ਹਿੱਕ ਦੇ ਜ਼ੋਰ 'ਤੇ ਗਾਉਂਦਾ ਸੀ। ਡਾਇਲਾਗ ਨ੍ਹੀ ਸੀ ਬੋਲ ਹੁੰਦੇ ਜਿਵੇਂ ਦੇ ਛਿੰਦੇ ਨੇ ਬੋਲੇ ਜਿਉਣਾ ਮੌੜ 'ਚ।'

ਬਾਈ ਦੇਵ ਬਹੁਤ ਨਿਮਰ ਤੇ ਕੂਲੇ ਸੁਭਾਅ ਦਾ ਹੈ। ਉਹ ਬਹੁਤਾ ਚਿਰ ਕਿਸੇ ਨਾਲ ਗੁੱਸੇ ਰਹਿ ਈ ਨ੍ਹੀ ਸਕਦਾ। ਮਾਣਕ ਨਾਲ ਵੀ ਕਿਉਂ ਗੁੱਸਾ ਰੱਖਦਾ ? ਮਾਣਕ ਤੇ ਬਾਈ ਦੇਵ ਕਿੰਨਾ ਕੁ ਚਿਰ ਆਪਸ 'ਚ ਗੁੱਸੇ ਰਹਿ ਸਕਦੇ ਸਨ ? ਮਾਣਕ ਲਈ ਉਸ ਨੇ ਸੈਂਕੜੇ ਲੋਕ ਗਾਥਾਵਾਂ ਤੇ ਦੋਗਾਣੇ ਲਿਖੇ ਸਨ। ਥਰੀਕੇ ਪਿੰਡ ਦੀ ਮੋਟਰ 'ਤੇ ਬੈਠ ਕੇ ਦੋਵਾਂ ਨੇ ਇੱਕੋ ਗਿਲਾਸ 'ਚ ਦਾਰੂ ਪੀਤੀ ਸੀ। ਦੋਵਾਂ ਨੇ ਰਲਕੇ ਕਣਕ ਵੱਢੀ ਸੀ। ਬਾਈ ਦੇਵ ਦੀ ਜੀਵਨ ਸਾਥਣ ਪ੍ਰੀਤਮ ਕੌਰ ਜੋ ਕਿ ਮਾਣਕ ਲਈ ਮਾਂ ਸਮਾਨ ਸੀ, ਨੇ ਦੋਵਾਂ ਲਈ ਰੋਟੀਆਂ ਢੋਈਆਂ ਸਨ। ਮੋਟਰ 'ਤੇ ਬਹਿ ਕੇ ਬਾਈ ਨੇ ਗੀਤ ਲਿਖੇ ਸਨ ਤੇ ਮਾਣਕ ਨੇ ਕੰਨ 'ਤੇ ਹੱਥ ਰੱਖ ਕੇ ਉੱਚੀ ਉੱਚੀ ਹੇਕਾਂ ਲਾਈਆਂ ਸਨ। ਮਾਣਕ ਦੇ ਗਾਏ ਬਹੁਤੇ ਗੀਤਾਂ ਦੀਆਂ ਤਰਜਾਂ ਵੀ ਏਥੇ ਹੀ ਬਣੀਆਂ ਸਨ। ਏਥੇ ਬੈਠ ਕੇ ਹੀ ਉਸਨੇ ਮਾਣਕ ਦੀ ਭਾਈਵਾਲੀ ਵਾਲੀ ਫਿਲਮ 'ਬਲਵੀਰੋ ਭਾਬੀ' ਦੇ ਗੀਤ ਲਿਖੇ ਸਨ।

'ਬਾਈ 'ਬਲਵੀਰੋ ਭਾਬੀ' ਫਿਲਮ ਚੱਲੀ ਕਿਉਂ ਨ੍ਹੀ ?'

'ਚੱਲਣੀ ਸਵਾਹ ਸੀ ? ਲੋਕ ਮਨਾਂ 'ਚ ਬੈਠੀ ਕਹਾਣੀ ਤਾਂ ਉੱਕਾ ਹੀ ਬਦਲ ਦਿੱਤੀ ਗਈ ਸੀ। ਹੋਰ ਦਾ ਹੋਰ ਈ ਬਣਾ ਦਿੱਤਾ।'

'ਤੁਸੀਂ ਫਿਲਮ ਦੀ ਕਹਾਣੀ ਲਿਖਣ 'ਚ ਸ਼ਾਮਲ ਨ੍ਹੀ ਸੀ ?'

'ਮੈਂ ਕਾਹਨੂੰ ਲਿਖੀ ਸੀ। ਇਹ ਨਾਟਕਾਂ ਵਾਲੇ ਭਾਗ ਸਿੰਘ ਨੇ ਲਿਖੀ ਸੀ। ਉਹ ਲਾਲ ਜ੍ਹੀ ਦਾੜ੍ਹੀ ਵਾਲਾ। ਉਦੂੰ ਪਹਿਲਾਂ ਉਹਨੇ 'ਮਾਮਲਾ ਗੜਬੜ ਹੈ' ਫਿਲਮ ਲਿਖੀ ਸੀ। ਸਟੋਰੀ ਸਟਾਰੀ ਤਾਂ ਉਹਦੀ ਵੀ ਹੈਨੀ ਸੀਗੀ। ਉਹ ਤਾਂ ਮੁੰਡੇ ਕੁੜੀਆਂ 'ਚ ਗੁਰਦਾਸ ਮਾਨ ਦਾ ਕਰੇਜ਼ ਸੀ, ਏਸ ਕਰਕੇ ਚੱਲਗੀ ਸੀਗੀ। ਬਲਵੀਰੋ ਭਾਬੀ 'ਤੇ ਗੁਰਚਰਨ ਪੋਹਲੀ, ਚੰਨ ਗੁਰਾਇਆ ਵਾਲੇ ਤੇ ਮਾਣਕ ਦਾ ਪੈਸਾ ਲੱਗਾ ਸੀ। ਅਸਲ 'ਚ ਨਾ ਮਾਣਕ ਦੇ ਅੰਦਰ ਕੀੜਾ ਕੁਰਬਲ ਕੁਰਬਲ ਕਰਦਾ ਸੀਗਾ ਫਿਲਮਾਂ 'ਚ ਮੂੰਹ ਵਿਖਾਉਣ ਦਾ। ਗੁਰਚਰਨ ਪੋਹਲੀ ਤਾਂ ਕਈ ਵਰ੍ਹੇ ਬੰਬੇ (ਮੁੰਬਈ) ਫਿਲਮਾਂ 'ਚ ਧੱਕੇ ਧੁੱਕੇ ਵੀ ਖਾ ਆਇਆ ਸੀ। ਉਹਨਾਂ ਦੀ ਈ ਚੋਣ ਸੀ ਵਈ ਫਿਲਮ ਭਾਗ ਸਿਹੁੰ ਤੋਂ ਈ ਲਿਖਾਉਣੀ ਐ। ਭਾਗ ਸਿਹੁੰ ਵਾਸਤੇ ਹੋਟਲ ਬੁੱਕ ਕਰਵਾਇਆ। ਉਹ ਲਿਖਾਈ ਜਾਂਦਾ ਮੈਂ ਲਿਖੀ ਜਾਂਦਾ। ਮੈਂ ਬਥੇਰਾ ਟੋਕਿਆ ਉਹਨੂੰ। ਇਸ ਲੋਕ ਗਾਥਾ ਬਾਰੇ ਕਈ ਕਿੱਸੇ ਵੀ ਪੜ੍ਹਾਏ ਪਰ ਉਹ ਮੰਨਿਆ ਈ ਨ੍ਹੀ। ਮੈਂ ਤਾਂ ਫਿਲਮ ਦਾ ਨਾਂ ਵੀ 'ਸੁੱਚਾ ਸੂਰਮਾ' ਰੱਖਣਾ ਚਾਹੁੰਦਾ ਸੀਗਾ। ਮੇਰੀ ਨ੍ਹੀ ਸੁਣੀ ਕਿਸੇ ਨੇ। ਭਾਗ ਸਿਹੁੰ ਹੋਟਲ 'ਚ ਬਹਿਕੇ ਸੋਲ੍ਹਾਂ ਬੋਤਲਾਂ ਦਾਰੂ ਦੀਆਂ ਪੀ ਗਿਆ ਤੇ ਪੰਜ ਕਿਲੋ ਖਾ ਗਿਆ ਮੀਟ। ਉੱਘ ਦੀਆਂ ਪਤਾਲ ਲਿਖਾਈ ਗਿਆ। ਫਿਲਮ ਕੀ ਚੱਲਣੀ ਸੀ ? ਮਾਣਕ ਦਾ ਝੱਸ ਤਾਂ ਪੂਰਾ ਹੋ ਗਿਆ ਪਰ ਨੰਗ ਹੋਕੇ ਬਹਿ ਗਿਆ। ਮੁੜ ਕੇ ਨ੍ਹੀ ਨਾਂ ਲਿਆ ਫਿਲਮ ਬਣਾਉਣ ਦਾ।'

'ਝੱਸ ਤਾਂ ਬਾਈ ਤੁਸੀਂ ਵੀ ਪੂਰਾ ਕਰ ਲਿਆ ਸੀ। ਫਿਲਮ ਦੇ ਗਾਣੇ ਤਾਂ ਤੁਸੀਂ ਈ ਲਿਖੇ ਸੀਗੇ।'

'ਸਾਰੇ ਨ੍ਹੀ, ਫਿਲਮ ਦੇ ਕੁਛ ਗਾਣੇ ਮੈਂ ਲਿਖੇ ਸੀ। ਗਾਣੇ ਤਾਂ ਹੋਰ ਬਥੇਰੀਆਂ ਫਿਲਮਾਂ 'ਚ ਲਿਖੇ ਐ। 'ਲੰਬੜਦਾਰਨੀ' ਫਿਲਮ ਦਾ 'ਯਾਰਾਂ ਦਾ ਟਰੱਕ ਬੱਲੀਏ' ਤਾਂ ਬੜਾ ਈ ਚੱਲਿਆ ਸੀ। ਫਿਲਮਾਂ ਵਾਲਾ ਵਰਿੰਦਰ ਆ ਗਿਆ ਘਰੇ। ਕਹਿੰਦਾ ਗਾਣਾ ਲਿਖਦੇ ਦਿਉ। ਐਥੇ ਬੈਠ ਕੇ ਈ ਲਿਖਿਆ ਜੁਆਕਾਂ ਦੀ ਕਾਪੀ 'ਤੇ। 'ਪੁੱਤ ਜੱਟਾਂ ਦੇ' ਫਿਲਮ ਦਾ ਟਾਈਟਲ ਗੀਤ ਈ ਮੇਰਾ ਲਿਖਿਆ ਹੋਇਆ ਸੀ। ਹੋਰ ਵੀ ਪੰਦਰ੍ਹਾਂ ਸੋਲ੍ਹਾਂ ਫਿਲਮਾਂ ਦੇ ਗਾਣੇ ਲਿਖੇ ਆ। ਮੈਨੂੰ ਤਾਂ ਹੁਣ ਯਾਦ ਵਨ੍ਹੀ।'

ਦੇਵ ਬਹੁਤਾ ਕੁੱਛ ਯਾਦ ਰੱਖਣਾ ਵੀ ਨਹੀਂ ਚਾਹੁੰਦਾ। ਉਹ ਪੰਜਾਬੀ ਗੀਤਕਾਰੀ ਦੇ ਪਿੜ 'ਚ ਠੁਮਕ ਠੁਮਕ ਤੁਰਦਾ ਰਿਹਾ ਹੈ। ਉਸਦੇ ਕਈ ਸਮਕਾਲੀ ਗਾਹੇ ਬਗਾਹੇ ਉਸ ਖਿਲਾਫ ਬੋਲਦੇ ਵੀ ਰਹੇ ਨੇ। ਇੱਕ ਵੱਡਾ ਗੀਤਕਾਰ ਤਾਂ ਉਸ ਨੂੰ ਗੀਤਕਾਰ ਮੰਨਣ ਤੋਂ ਹੀ ਇਨਕਾਰੀ ਰਿਹਾ ਹੈ। ਗੱਲਾਂ ਦੇਵ ਕੋਲ ਪੁੱਜਦੀਆਂ ਸਨ ਪਰ ਉਸ ਨੇ ਕਿਸੇ ਖਿਲਾਫ਼ ਮਾੜਾ ਨਹੀਂ ਬੋਲਿਆ। ਉਹ ਬੇਪਰਵਾਹੀ 'ਚ ਆਖਦਾ, 'ਚੰਦ ਮੂਹਰੇ ਹੱਥ ਕਰਕੇ ਜੇ ਕੋਈ ਆਖੇ ਚੰਦ ਤਾਂ ਚੜ੍ਹਿਆ ਈ ਨ੍ਹੀ—ਏਹਦੇ ਨਾਲ ਚੰਦ ਨੂੰ ਕੀ ਫਰਕ ਪੈਜੂ ?'

ਅਜਿਹੀਆਂ ਗੱਲਾਂ ਬਾਰੇ ਉਹ ਅਕਸਰ ਆਖਦਾ ਹੈ, 'ਕੜਿਆਲਵੀ, ਯਾਰ ਤੂੰ ਕਹਾਣੀ ਲਿਖਦਾਂ। ਕਿੰਨੇ ਲੋਕ ਤੇਰੀ ਕਹਾਣੀ ਪੜ੍ਹਦੇ ਆ। ਜੇ ਕੋਈ ਲੱਲੂ ਪੰਜੂ ਬੰਦਾ ਤੈਨੂੰ ਕਹਾਣੀਕਾਰ ਨਹੀਂ ਵੀ ਮੰਨਦਾ-ਏਹਦਾ ਮਤਲਬ ਏਹ ਤਾਂ ਨ੍ਹੀ ਵੀ ਤੂੰ ਕਹਾਣੀਕਾਰ ਈ ਨ੍ਹੀ। ਯਾਰ ਲੋਕਾਂ ਨੂੰ ਤਾਂ ਥਰੀਕੇ ਵਾਲਾ ਦੀਂਹਦਾ ਈ ਆ। ਕਨਈਂ ? ਨਾਲੇ ਇੱਕ ਕਲਾਕਾਰ, ਗੀਤਕਾਰ ਜਾਂ ਸਾਹਿਤਕਾਰ ਸਾਰਿਆਂ ਨੂੰ ਪ੍ਰਵਾਨ ਹੁੰਦਾ ਵਨ੍ਹੀ। ਬਥੇਰੀ ਦੁਨੀਆ ਉਹਦੇ ਨਾਲ ਅਸਹਿਮਤ ਵੀ ਹੁੰਦੀ ਐ। ਜਿਹੜੇ ਦੇਵ ਨੂੰ ਗੀਤਕਾਰ ਨਹੀਂ ਮੰਨਦੇ ਉਹਨਾਂ ਦਾ ਵੀ ਭਲਾ ਤੇ ਜਿਹੜੇ ਮੰਨਦੇ ਆ ਉਹਨਾਂ ਦਾ ਵੀ ਭਲਾ। ਜਿਹੜੇ ਨਹੀਂ ਮੰਨਦੇ ਉਹ ਵੱਡੇ ਹੋਣਗੇ—ਤਾਂ ਈ ਨ੍ਹੀ ਮੰਨਦੇ।'

ਦੇਵ ਥਰੀਕੇ ਵਾਲੇ ਨੂੰ ਗੀਤਕਾਰ ਨਾ ਮੰਨਣ ਵਾਲੇ ਵੀ ਆਪਣੀ ਥਾਵੇਂ ਸੱਚੇ ਨੇ। ਦਰਅਸਲ ਬਾਈ ਦੇਵ ਦੀ ਗੀਤਕਾਰੀ ਨੂੰ ਲੋਕਾਂ ਵਲੋਂ ਜਿੰਨੀ ਪ੍ਰਵਾਨਗੀ ਮਿਲੀ ਹੈ, ਬਾਈ ਨੇ ਉਸ ਹਿਸਾਬ ਨਾਲ ਗੀਤਕਾਰੀ ਤੋਂ ਲਾਹਾ ਨ੍ਹੀ ਖੱਟਿਆ। ਪੈਸੇ ਕਮਾਉਣ ਲਈ ਉਸ ਨੇ ਏਧਰ 5ਧਰ ਹੱਥ ਪੈਰ ਨਹੀਂ ਮਾਰੇ। ਕਿਸੇ ਗਾਇਕ ਤੋਂ ਮੂੰਹ ਫਾੜ ਕੇ ਪੈਸੇ ਨਹੀਂ ਮੰਗੇ। ਗਾਇਕ ਨੇ ਜੋ ਹੱਥ ਝਾੜ ਦਿੱਤਾ, ਸਤਿ ਬਚਨ ਆਖ ਕੇ ਪ੍ਰਵਾਨ ਕਰ ਲਿਆ। ਉਹ ਬਿਨਾ ਗਿਣਿਆਂ ਚੁੱਪ ਕਰਕੇ ਖੀਸੇ 'ਚ ਪਾ ਲੈਂਦਾ ਰਿਹਾ। ਰੁਪਈਏ ਪੈਸੇ ਉਸਦੀ ਕਦੇ ਕਮਜ਼ੋਰੀ ਨਹੀਂ ਬਣੇ। ਇਸ ਪੱਖੋਂ ਉਹ ਪੂਰੀ ਤਰ੍ਹਾਂ ਸੰਤੁਸ਼ਟ ਰਿਹਾ ਹੈ।

'ਪੈਸਾ ਧੇਲਾ ਤੇ ਹੋਰ ਪਦਾਰਥੀ ਚੀਜ਼ਾਂ ਸਭ ਏਥੇ ਰਹਿ ਜਾਣੀਆਂ। ਕੁਛ ਨ੍ਹੀ ਨਾਲ ਜਾਣਾ। ਪੈਸਾ ਕਿਸੇ ਦੇ ਵੀ ਨਾਲ ਨ੍ਹੀ ਗਿਆ। ਬਥੇਰਾ ਮਾਣ ਸਨਮਾਨ ਮਿਲਿਆ, ਲੋਕਾਂ ਵਲੋਂ ਵੀ ਤੇ ਸੰਸਥਾਵਾਂ ਵਲੋਂ ਵੀ। ਲੋੜ ਜੋਗੀ ਰਾਇਲਟੀ ਹੁਣ ਵੀ ਆਈ ਜਾਂਦੀ ਐ। ਐਚ ਐਮ ਵੀ ਦੇਈ ਜਾਂਦੀ। ਆਹ ਨੈੱਟ ਆਲੇ ਵੀ ਦੇਈ ਜਾਂਦੇ। ਕਬੀਲਦਾਰੀ ਸਾਰੀ ਛੱਡੀ ਬੈਠਾਂ। ਸਾਰਾ ਕੁਛ ਬੇਟੇ ਦੀਨੇ ਦੇ ਨਾਂ ਕਰਾਤਾ। ਬਹੁਤ ਸੇਵਾ ਕਰਦਾ। ਪੋਤੀਆਂ ਪੋਤਾ ਬਾਹਰ ਐ। ਟੈਨਸ਼ਨ ਕੋਈ ਨ੍ਹੀ। ਸੈਂਤੀ ਸਾਲ ਸਕੂਲ



ਮਾਸਟਰੀ ਕੀਤੀ ਐ। ਪੈਨਸ਼ਨ ਆਈ ਜਾਂਦੀ ਵਾਧੂ। ਦੋ ਸੌ ਪੌਂਡ ਪੈਨਸ਼ਨ ਦੇਵ ਐਪਰੀਸ਼ੇਸ਼ਨ ਸੁਸਾਇਟੀ ਵਾਲੇ ਦੇਈ ਜਾਂਦੇ ਐ। ਹੋਰ ਦੱਸ ਕਾਹਦੇ ਆਸਤੇ ਮਰੂੰ ਮਰੂੰ ਕਰਨਾ। ਕੀ ਫੈਦਾ ਢਿੱਲੀਆਂ ਗੱਲਾਂ ਕਰਨ ਦਾ ?'

ਬਾਈ ਦੇਵ ਜਵਾਂ ਸੱਚ ਆਖਦਾ ਹੈ। ਮੈਂ ਉਸਨੂੰ ਕਦੇ ਢਿੱਲੀ ਗੱਲ ਕਰਦੇ ਨ੍ਹੀ ਵੇਖਿਆ। ਉਹ ਸੁਭਾਅ ਪੱਖੋਂ ਲਾਪਰਵਾਹ ਕਿਸਮ ਦਾ ਬੰਦਾ ਹੈ। ਉਸਦੀ ਲਾਪਰਵਾਹੀ ਦਾ ਅੰਦਾਜ਼ਾ ਇਸੇ ਗੱਲ ਤੋਂ ਹੀ ਲਾਇਆ ਜਾ ਸਕਦਾ ਹੈ ਕਿ ਉਸ ਕੋਲ ਆਪਣੀਆਂ ਗੀਤਾਂ ਦੀਆਂ ਛਪੀਆਂ ਕਿਤਾਬਾਂ ਤੇ ਰਿਕਾਰਡ ਹੋਏ ਤਵਿਆਂ ਜਾਂ ਕੈਸਟਾਂ ਦਾ ਕੋਈ ਰਿਕਾਰਡ ਨਹੀਂ ਹੈ। ਉਸਨੇ ਨਾ ਕੋਈ ਪੱਥਰ ਦਾ ਤਵਾ ਸਾਂਭਿਆ ਹੈ ਨਾ ਪਲਾਸਟਿਕ ਦਾ। ਨਾਹੀਂ ਟੇਪ ਰਿਕਾਰਡਰਾਂ 'ਚ ਵੱਜਣ ਵਾਲੀ ਕੋਈ ਰੀਲ ਤੇ ਨਾਹੀਂ ਗੀਤਾਂ ਦੀ ਕੋਈ ਪੁਸਤਕ। ਉਂਜ ਉਸਦੀ ਨਿੱਜੀ ਲਾਇਬਰੇਰੀ 'ਚ ਕੜਿਆਲਵੀ ਤੋਂ ਲੈ ਕੇ ਕੁਲਵੰਤ ਸਿੰਘ ਵਿਰਕ ਤੱਕ ਦੇ ਕਹਾਣੀ ਸੰਗ੍ਰਹਿ, ਬੂਟਾ ਸਿੰਘ ਸ਼ਾਦ ਦੇ ਨਾਵਲ 'ਕੁੱਤਿਆਂ ਵਾਲੇ ਸਰਦਾਰ' ਤੋਂ ਲੈ ਕੇ ਦਿੱਲੀ ਵਾਲੇ ਨਛੱਤਰ ਦੇ ਨਾਵਲ 'ਕੈਂਸਰ ਟਰੇਨ' ਤੱਕ ਤੇ ਬਲਰਾਜ ਸਾਹਨੀ ਦੇ ਪਾਕਿਸਤਾਨੀ ਤੇ ਰੂਸੀ ਸਫਰਨਾਮਿਆਂ ਤੋਂ ਲੈ ਕੇ ਵਰਿਆਮ ਸੰਧੂ ਦੇ ਪਾਕਿਸਤਾਨ ਬਾਰੇ ਸਫਰਨਾਮੇ 'ਵਗਦੀ ਸੀ ਰਾਵੀ' ਤੱਕ ਹਜ਼ਾਰਾਂ ਪੁਸਤਕਾਂ ਮੌਜੂਦ ਹਨ। ਉਹ ਦੇਸੀ ਵਿਦੇਸ਼ੀ ਲੇਖਕਾਂ ਦੀਆਂ ਸਾਰੀਆਂ ਚਰਚਿਤ ਪੁਸਤਕਾਂ ਪੜ੍ਹਦਾ ਤੇ ਪਿਆਰ ਨਾਲ ਸੰਭਾਲਦਾ ਹੈ।

ਬਾਈ ਦੇਵ ਉਪਰ ਐਮ ਫਿ?ਲ ਜਾਂ ਪੀ ਐਚ ਡੀ ਕਰਨ ਵਾਲਾ ਕੋਈ ਵਿਦਿਆਰਥੀ ਜਦੋਂ ਉਸ ਕੋਲੋਂ ਕਿਸੇ ਗੀਤ ਜਾਂ ਕਿਤਾਬ ਸਬੰਧੀ ਰਿਕਾਰਡ ਦੀ ਮੰਗ ਕਰਦਾ ਹੈ ਤਾਂ ਦੇਵ ਆਪਣੇ ਕਿਸੇ ਪ੍ਰਸ਼ੰਸਕ ਨੂੰ ਯਾਦ ਕਰਦਾ ਹੈ। ਉਸਦੇ ਪ੍ਰਸ਼ੰਸਕਾਂ ਨੇ ਸਾਰਾ ਰਿਕਾਰਡ ਸਭਾਲ ਕੇ ਰੱਖਿਆ ਹੋਇਆ ਹੈ। ਪਿੰਡ ਬਾਰਨਹਾੜਾ ਦਾ ਬਿੰਦਰ ਸੇਖੋਂ ਉਸਦੇ ਗੀਤਾਂ ਦਾ ਇਨਸਾਈ ਕਲੋਪੀਡੀਆ ਹੈ। ਉਸਨੂੰ ਦੇਵ ਦੇ ਸੈਂਕੜੇ ਗੀਤ ਜ਼ੁਬਾਨੀ ਯਾਦ ਨੇ। ਸੈਂਕੜੇ ਤਵੇ ਤੇ ਕੈਸਟਾਂ ਉਸ ਨੇ ਆਪਣੇ ਘਰ 'ਚ ਸਾਂਭੀਆਂ ਹੋਈਆਂ ਹਨ। ਦੇਵ ਦੇ ਪ੍ਰਸ਼ੰਸਕ ਦੇਵ ਨੂੰ ਰੱਬ ਵਾਂਗੂੰ ਮੰਨਦੇ ਨੇ। ਦੇਵ ਥਰੀਕਿਆਂ ਵਾਲਾ ਅਜਿਹਾ ਗੀਤਕਾਰ ਹੈ ਜਿਸ ਦੇ ਜਿਉਂਦੇ ਜੀਅ ਇੰਗਲੈਂਡ ਦੇ ਸ਼ਹਿਰ ਡਰਬੀ 'ਚ ਰਹਿੰਦੇ ਉਸ ਦੇ ਪ੍ਰਸ਼ੰਸਕਾਂ ਨੇ 'ਦੇਵ ਐਪਰੀਸ਼ੇਸ਼ਨ ਸੁਸਾਇਟੀ' ਬਣਾਈ ਹੈ ਜਿਸਦਾ ਚੇਅਰਮੈਨ ਸੁਖਦੇਵ ਸਿੰਘ ਅਟਵਾਲ ਹੈ। ਸੁਸਾਇਟੀ ਹਰ ਸਾਲ ਵਧੀਆ ਗਾਇਕਾਂ, ਰਾਗੀਆਂ, ਢਾਡੀਆਂ ਤੇ ਗੀਤਕਾਰਾਂ ਨੂੰ ਸਨਮਾਨਿਤ ਕਰਦੇ ਹਨ। ਸੁਸਾਇਟੀ ਵਲੋਂ ਹਰ ਸਨਮਾਨਿਤ ਵਿਅਕਤੀ ਨੂੰ ਇੱਕ ਹਜ਼ਾਰ ਪੌਂਡ ਦੀ ਰਾਸ਼ੀ ਭੇਟ ਕੀਤੀ ਜਾਂਦੀ ਹੈ। ਸੁਸਾਇਟੀ ਨੇ ਬਾਈ ਦੇਵ ਨੂੰ ਇੰਗਲੈਂਡ ਦੀ ਰਾਣੀ ਦਾ ਕਾਰਡ ਦੁਆ ਦਿੱਤਾ ਹੈ ਜਿਸ ਕਰਕੇ ਉਹਦੇ ਵੀਜ਼ੇ 'ਚ ਕੋਈ ਰੋਕ ਨਹੀਂ ਪੈਂਦੀ। ਉਹ ਸੁਸਾਇਟੀ ਦੇ ਸਮਾਗਮਾਂ 'ਚ ਭਾਗ ਲੈਣ ਵਾਸਤੇ ਇੰਗਲੈਂਡ ਜਾਂਦਾ ਰਿਹਾ ਹੈ।

'ਬਾਈ ਗੀਤਾਂ ਦੀਆਂ ਕਿਤਾਬਾਂ ਕੀਹਨੇ ਛਾਪੀਆਂ ? ਕਿਤਾਬਾਂ ਵਾਲਿਆਂ ਨੇ ਵੀ ਕੁੱਛ ਪਿੜ ਪੱਲੇ ਪਾਇਆ ਕਿ ਨਹੀਂ ?'

'ਮੇਰੀ ਪਹਿਲੀ ਕਿਤਾਬ 'ਮੈਂ ਜੱਟੀ ਪੰਜਾਬ ਦੀ' ਚਤਰ ਸਿੰਘ ਜੀਵਨ ਸਿੰਘ ਨੇ ਛਾਪੀ ਸੀ। ਪੰਜ ਰੁਪਈਏ ਦੀ ਵੇਚਦੇ ਸੀਗੇ। ਸੁਨਣ 'ਚ ਆਇਆ ਉਹਨਾਂ ਨੇ ਇਸ ਕਿਤਾਬ ਦੀ ਦੋ ਲੱਖ ਕਾਪੀ ਵੇਚੀ ਐ। ਇਸ ਪਹਿਲੀ ਕਿਤਾਬ ਦਾ ਉਹਨਾਂ ਨੇ ਕੱਖ ਨ੍ਹੀ ਸੀ ਦਿੱਤਾ। ਉਦੋਂ ਤਾਂ ਮੈਨੂੰ ਚਾਅ ਈ ਐਨਾ ਸੀਗਾ ਵ੍ਹੀ ਕਿਤਾਬ ਛਪੀ ਐ। ਹਾਂ ਬਾਅਦ ਦੀਆਂ ਕਿਤਾਬਾਂ ਦੇ ਦਿੰਦੇ ਰਹੇ ਆ। ਕਈ ਕਿਤਾਬਾਂ ਦਰਬਾਰ ਪਬਲੀਸਿ?ਗ ਵਾਲਿਆਂ ਨੇ ਵੀ ਛਾਪੀਆਂ।'

'ਸਾਂਭੀ ਕੋਈ ਵੀ ਨਹੀਂ ? ਐਨੀ ਲਾਪਰਵਾਹੀ।'

'ਉਦੋਂ ਕੀ ਪਤਾ ਸੀ ਵ੍ਹੀ ਦੇਵ ਥਰੀਕਿਆਂ ਵਾਲਾ ਬਣਜੂੰ। ਸੱਚੀਂ ਲਾਪਰਵਾਹ ਈ ਬਣਿਆ ਰਿਹਾ। ਆਪਣੀਆਂ ਕਿਤਾਬਾਂ ਵਲੋਂ ਵੀ ਤੇ ਘਰ ਵਲੋਂ ਵੀ। ਮੈਨੂੰ ਘਰ ਦਾ ਉੱਕਾ ਪਤਾ ਨ੍ਹੀਂ ਸੀ ਹੁੰਦਾ। ਘਰ ਪ੍ਰੀਤਮ ਕੌਰ ਹੀ ਚਲਾਉਂਦੀ ਸੀ। ਉਸੇ ਨੇ ਜਵਾਕ ਪਾਲੇ। ਏਸੇ ਨੇ ਪੜ੍ਹਾਏ ਲਿਖਾਏ। ਮੇਰਾ ਤਾਂ ਬੱਸ ਡਾਂਗ 'ਤੇ ਈ ਡੇਰਾ ਰਿਹਾ। ਘਰ ਦਾ ਦੇਣਾ ਲੈਣਾ, ਸਾਕ ਸਕੀਰੀਆਂ 'ਚ ਜਾਣਾ ਆਉਣਾ, ਸਾਬ੍ਹ-ਕਿਤਾਬ ਸਾਰਾ ਉਹੀ ਰੱਖਦੀ ਸੀਗੀ। ਮੈਨੂੰ ਮਾਸਟਰ ਹਰਦੇਵ ਸਿੰਘ ਤੋਂ ਦੇਵ ਥਰੀਕਿਆਂ ਵਾਲਾ ਵੀ ਏਸੇ ਨ੍ਹੀ ਈ ਬਣਾਇਆ। ਮੈਨੂੰ ਵੀ ਏਸੇ ਨੇ ਹੀ ਸਾਂਭਿਆ ਨ੍ਹੀ ਮੈਂ ਤਾਂ ਰੁਲ ਜਾਣਾ ਸੀ। 'ਕਾਹਨੂੰ ਮਾਰਦਾਂ ਚੰਦਰਿਆ ਛਮਕਾਂ' ਗੀਤ ਉਹਦੇ ਵਾਸਤੇ ਈ ਲਿਖਿਆ ਸੀ।'

'ਰੋਏਂਗਾ ਢਿੱਲੇ ਜਿਹੇ ਬੁੱਲ੍ਹ ਕਰਕੇ, ਪਾਲੀ ਬੀਬਾ ਜਦੋਂ ਮਰਗੀ।'

'ਜਦੋਂ ਮੈਂ ਪ੍ਰੀਤਮ ਕੌਰ ਵਾਸਤੇ ਇਹ ਗੀਤ ਲਿਖਿਆ ਉਦੋਂ ਇਸਦੇ ਬੋਲ ਸਨ, 'ਕਾਹਨੂੰ ਮਾਰਦਾਂ ਚੰਦਰਿਆ ਛਮਕਾਂ ਮੈਂ ਕੱਚ ਦੇ ਗਿਲਾਸ ਵਰਗੀ; ਫੇਰ ਰੋਏਂਗਾ ਢਿੱਲੇ ਜਿਹੇ ਬੁੱਲ੍ਹ ਕਰਕੇ ਦੇਵ ਪੀਤੋ ਜਦੋਂ ਮਰਗੀ।' ਨਰਿੰਦਰ ਬੀਬਾ ਨੇ ਮੇਰੇ ਤੋਂ ਇਹ ਗੀਤ ਲੈ ਲਿਆ। ਕਹਿੰਦੀ ਮੈਂ ਗੀਤ ਤਾਂ ਰਿਕਾਰਡ ਕਰਵਾਉਣਾ ਪਰ ਇੱਕ ਲਾਈਨ ਬਦਲਣੀ ਹੈ। ਮੈਂ ਵ੍ਹੀ ਅੜੀ ਨ੍ਹੀ ਕੀਤੀ। ਚਲੋ ਗੀਤ ਰਿਕਾਰਡ ਹੋਜੇ। ਬੀਬਾ ਨੇ ਇੱਕ ਲਾਈਨ ਬਦਲਵਾ ਦਿੱਤੀ-ਵੇ ਪਾਲੀ ਬੀਬਾ ਜਦੋਂ ਮਰਗੀ।'

ਆਖਦੇ ਨੇ ਕਿ ਵਾਰਸ਼ ਸ਼ਾਹ ਨੇ ਹੀਰ ਦੇ ਕਿੱਸੇ ਰਾਹੀਂ ਭਾਗਭਰੀ ਨਾਲ ਆਪਣੇ ਇਸ਼ਕ ਦੀ ਦਾਸਤਾਨ ਲਿਖੀ ਹੈ। ਉਸਦੀ ਹੁੰਦੜਹੇਲ 'ਹੀਰ' ਪੰਜਾਬਣ ਮੁਟਿਆਰ ਦਾ ਪ੍ਰਤੀਕ ਹੈ ਜਿਸਦਾ ਲੋਹੜੇ ਮਾਰਦਾ ਹੁਸਨ ਅਸਮਾਨੀ ਉਡਦੇ ਪੰਛੀਆਂ ਨੂੰ ਵੀ ਹਲਾਕ ਕਰ ਦੇਣ ਦੇ ਸਮਰੱਥ ਹੈ। ਪੰਜਾਬ ਦੀ ਇਸ ਮਾਣਮੱਤੀ ਮੁਟਿਆਰ ਦੀ ਖਾਤਰ ਤਖਤ ਹਜ਼ਾਰੇ ਦੇ ਚੌਧਰੀ ਦਾ ਪੁੱਤ ਘਰ ਘਾਟ ਛੱਡ ਕੇ ਸਾਧ ਹੋ ਜਾਂਦਾ ਹੈ।

'ਬਾਈ, ਤੁਸੀਂ ਵੀ ਗੋਰਖ ਨਾਥ ਦੇ ਟਿੱਲੇ ਤੋਂ ਬਥੇਰੀਆਂ ਹਾਕਾਂ ਮਾਰੀਆਂ ਹੀਰ ਨੂੰ। ਟਿੱਲੇ ਵਾਲਿਆ ਮਿਲਾਦੇ ਜੱਟੀ ਹੀਰ ਨੂੰ----ਥੋੜੀ ਭਾਗਭਰੀ ?'

'ਕਾਹਨੂੰ ਕੜਿਆਲਵੀ, ਅਸੀਂ ਤਾਂ ਐਵੇਂ ਡਰਦੇ ਈ ਰਹੇ ਸਾਰੀ ਉਮਰ। ਤੂੰ ਤਾਂ ਯਾਰ ਪਤੰਦਰ ਐਂ। ਤੇਰੀ ਵਾਰਤਕ ਵਾਲੀ ਕਿਤਾਬ 'ਖਤਰਨਾਕ ਅੱਤਵਾਦੀ ਦੀ ਜੇਲ੍ਹ ਯਾਤਰਾ' ਪੜ੍ਹੀ ਐ। ਯਾਰ ਬਾਹਲੇ ਪੰਗੇ ਲਏ ਤੂੰ ਤਾਂ।' ਬਾਈ ਦੇਵ 'ਹਾ ਹਾ ਹਾ' ਕਰਦਾ ਉੱਚੀ ਉੱਚੀ ਹੱਸਣ ਲੱਗਦਾ ਹੈ।

'ਬਾਈ ਕਿਸੇ ਭਾਗਭਰੀ ਦੇ ਇਸ਼ਕ ਬਿਨਾ ਤਾਂ 'ਹੀਰ' ਦਾ ਹੁਸਨ ਬਿਆਨ ਨ੍ਹੀ ਹੁੰਦਾ—ਗੋਰੀ ਧੌਣ ਦੁਆਲੇ ਕਾਲੀ ਗਾਨੀ ਜੱਟੀ ਦੇ।'

'ਸਾਡੇ ਵੇਲੇ ਔਖਾ ਕੰਮ ਸੀ ਇਹ---ਕਾਹਨੂੰ ਛੇੜਦੈਂ ਪੁਰਾਣੀਆਂ ਛੇੜਾਂ ਬੁੱਢੇ ਵਾਰੇ।' ਉਹ ਹੱਸਦਾ ਹੱਸਦਾ ਟਾਲ ਜਾਂਦਾ ਹੈ।

ਉਮਰ ਦੇ ਆਖੀਰਲੇ ਪੜਾਅ 'ਤੇ ਆ ਕੇ ਯਾਦ ਤਾਂ ਉਹ ਆਪਣੇ ਕਈ ਗੀਤਾਂ ਨੂੰ ਵੀ ਨਹੀਂ ਕਰਨਾ ਚਾਹੁੰਦਾ।

'ਹਰੇਕ ਲੇਖਕ ਨੂੰ ਆਪਣੀ ਕਿਸੇ ਨਾ ਕਿਸੇ ਰਚਨਾ 'ਤੇ ਅਫਸੋਸ ਹੋ ਜਾਂਦਾ ਹੈ। ਕਈ ਗੀਤ ਹੈਗੇ, ਹੁਣ ਸੋਚਦੈਂ, ਜੇ ਨਾ ਲਿਖੇ ਹੁੰਦੇ ਤਾਂ ਚੰਗਾ ਸੀ ਪਰ—ਉਦੋਂ ਉਮਰ ਈ ਐਹੋ ਜਈ ਸੀਗੀ। ਅਸਲ 'ਚ ਉਦੋਂ ਪੂਰੀ ਤਰ੍ਹਾਂ ਜਿੰਮੇਵਾਰੀ ਦਾ ਅਹਿਸਾਸ ਹੈਨੀ ਸੀ। ਹੁਣ ਕੀ ਹੋ ਸਕਦਾ ? ਜਿਹੜਾ ਤੀਰ ਚੱਲ ਗਿਆ-ਸੋ ਚੱਲ ਗਿਆ। ਮੁੜ ਕੇ ਭੱਥੇ 'ਚ ਨ੍ਹੀ ਪੈਂਦਾ।'

'ਕਿਹੜੇ ਗੀਤ ਐ ਐਹੋ ਜਿਹੇ ?'

'ਕਈ ਹੈਗੇ-ਮਾਰ ਜੰਗੀਰੋ ਗੇੜਾ। 'ਮਾਰ ਜੰਗੀਰੋ ਗੇੜਾ ਵਾਲੇ' ਗੀਤ ਵੇਲੇ ਤਾਂ ਇੱਕ ਮਾਮੀ ਮਗਰ ਪੈਗੀ। ਉਹਦਾ ਨਾਉਂ ਹੁੰਦਾ ਸੀਗਾ ਜੰਗੀਰੋ। 'ਚਾਹ ਚੰਗੀ ਥੱਲੇ ਦੀ ਲੜਾਈ ਹੱਲੇ ਦੀ, ਤੀਵੀਆਂ 'ਚੋਂ ਤੀਵੀਂ ਚੰਗੀ ਜੋਗੇ ਰੱਲੇ ਦੀ' ਜਗਮੋਹਨ ਕੌਰ ਨੇ ਗਾਇਆ ਸੀ ਇਹ ਗੀਤ। ਏਸ ਗੀਤ ਵੇਲੇ ਵੀ ਪੰਗਾ ਖੜਾ ਹੋਣ ਲੱਗਾ ਸੀਗਾ। ਬੱਸ ਐਵੇਂ ਚੌੜ ਚੌੜ 'ਚ ਲਿਖਿਆ ਗਿਆ। ਮਾਣਕ ਦੇ ਨਾਨਕੇ ਹੁੰਦੇ ਸੀਗੇ ਜੋਗੇ ਰੱਲੇ। ਕੀ ਕਰਨਾ ਐਹੋ ਜਿਹੇ ਗੀਤਾਂ ਨੂੰ ਯਾਦ ਕਰਕੇ ?'

ਬਾਈ ਦੇਵ ਜੇ ਆਪਣੇ ਕੁੱਝ ਗੀਤਾਂ ਨੂੰ ਭੁੱਲ ਜਾਣਾ ਚਾਹੁੰਦਾ ਹੈ ਤਾਂ ਕੁੱਝ ਗੀਤ ਅਜਿਹੇ ਵੀ ਨੇ ਜੋ ਉਸ ਦੇ ਦਿਲ ਦੇ ਬਹੁਤ ਕਰੀਬ ਨੇ। ਕੁਲਦੀਪ ਮਾਣਕ ਵਲੋਂ ਗਾਏ ਗੀਤ 'ਮਾਂ ਹੁੰਦੀ ਐ ਮਾਂ ਉਏ ਦੁਨੀਆਂ ਵਾਲਿਓ' ਨੂੰ ਉਹ ਇਸ ਸੂਚੀ 'ਚ ਪਹਿਲੇ ਨੰਬਰ 'ਤੇ ਰੱਖਦਾ ਹੈ। ਬੜੀ ਸਰਲ ਤੇ ਸਹਿਜ ਸ਼ਬਦਾਵਲੀ ਵਾਲੇ ਇਸ ਗੀਤ ਨੂੰ ਲੋਕਾਂ ਨੇ ਬਹੁਤ ਜਿ?ਆਦਾ ਪ੍ਰਵਾਨ ਕੀਤਾ ਹੈ। ਭਾਵੇਂ ਬਾਈ ਨੇ ਇਹ ਗੀਤ ਕੁਲਦੀਪ ਮਾਣਕ ਦੀ ਮਾਂ ਦੀ ਮੌਤ 'ਤੇ ਲਿਖਿਆ ਸੀ ਪਰ ਇਹ ਦੁਨੀਆ ਦੀ ਹਰ ਇੱਕ ਮਾਂ ਲਈ ਹੈ। ਦੇਵ ਨੇ ਗੀਤ ਦੇ ਅੰਤ 'ਚ 'ਰੱਬਾ ਦੇਵ ਕਰੇ ਅਰਜੋਈ, ਬੱਚਿਆਂ ਦੀ ਮਾਂ ਮਰੇ ਨਾ ਕੋਈ' ਲਿਖਦਿਆਂ ਜੋ ਹੂਕ ਭਰੀ ਹੈ ਉਹ ਸੁਣਨ ਵਾਲੇ ਦੇ ਅੰਦਰੋਂ ਰੁੱਗ ਭਰ ਲੈਂਦੀ ਹੈ। ਮਾਣਕ ਦੀ ਹੀ ਆਵਾਜ਼ ਵਿੱਚ 'ਤੇਰੇ ਟਿੱਲੇ ਤੋਂ' ਨਰਿੰਦਰ ਬੀਬਾ ਦੀ ਆਵਾਜ਼ 'ਚ 'ਕਾਹਨੂੰ ਮਾਰਦੈਂ ਚੰਦਰਿਆ ਛਮਕਾਂ' ਅਤੇ ਧੂਰੀ ਵਾਲੇ ਕਰਮਜੀਤ ਦੀ ਆਵਾਜ਼ 'ਚ ਗਾਇਆ ਗੀਤ 'ਜਦੋਂ ਇਸ ਦੁਨੀਆਂ ਤੋਂ ਅੱਖਾਂ ਮੀਟ ਜਾਵਾਂਗਾ' ਦੇਵ ਲਈ ਬਹੁਤ ਲਾਡਲੇ ਹਨ। ਮੁੱਢਲੇ ਦੌਰ 'ਚ ਲਿਖਿਆ 'ਦੀਵਿਆਂ ਵੇਲੇ' ਤਾਂ ਉਸ ਨੂੰ ਆਪਣਾ ਜੇਠਾ ਪੁੱਤ ਲੱਗਦਾ ਹੈ। ਗੀਤ ਤਾਂ ਹੋਰ ਹੋਣਗੇ ਜੋ ਬਾਈ ਦੇ ਦਿਲ ਦੇ ਨੇੜੇ ਹੋਣਗੇ ਪਰ 'ਟਿੱਲੇ ਵਾਲਿਆ ਮਿਲਾਦੇ ਰਾਂਝਾ ਹੀਰ ਨੂੰ' ਉਸਦੀ ਗੀਤਕਾਰੀ ਦੀ ਫੁੱਲਵਾੜੀ ਦਾ ਖਿੜਿਆ ਹੋਇਆ ਸੂਹਾ ਗੁਲਾਬ ਹੈ। ਇਸ ਗੀਤ ਨੂੰ ਆਪਣੇ ਸਮੇਂ ਦੇ ਤਿੰਨ ਸਟਾਰ ਗਾਇਕਾਂ- ਕੁਲਦੀਪ ਮਾਣਕ, ਸੁਰਿੰਦਰ ਕੌਰ ਅਤੇ ਕਰਮਜੀਤ ਧੂਰੀ ਨੇ ਆਪੋ ਆਪਣੀ ਆਵਾਜ਼ 'ਚ ਰਿਕਾਰਡ ਕਰਵਾਇਆ ਹੈ। ਸੁਰਿੰਦਰ ਕੌਰ ਵਲੋਂ ਇਹ ਗੀਤ ਰਿਕਾਰਡ ਕਰਵਾਉਣ ਪਿੱਛੇ ਦੀ ਰੌਚਿਕ ਕਹਾਣੀ ਅਕਸਰ ਬਾਈ ਲੋਰ 'ਚ ਸੁਣਾਉਂਦਾ ਹੈ।

'ਕੁਲਦੀਪ ਮਾਣਕ ਦੀ ਆਵਾਜ਼ 'ਚ ਗੀਤ ਰਿਕਾਰਡ ਕਰਵਾਉਣ ਲਈ ਅਸੀਂ ਦੋਵੇਂ ਦਿੱਲੀ ਗਏ। ਐਚ ਐਮ ਵੀ 'ਚ ਰਿਕਾਰਡਿੰਗ ਹੋਣੀ ਸੀ। ਮਾਣਕ ਰੈਹਸਲ ਕਰੀ ਜਾਂਦਾ ਸੀ। ਉਦੋਂ ਈ ਆਵਦੇ ਕਿਸੇ ਕੰਮ ਕਾਰ ਦੇ ਸਿਲਸਿਲੇ 'ਚ ਸੁਰਿੰਦਰ ਕੌਰ ਆਗੀ ਸਟੂਡੀਓ 'ਚ। ਉਹ ਐਚ ਐਮ ਵੀ ਦੇ ਮਨੇਜਰ ਜ਼ਹੀਰ ਅਹਿਮਦ ਨਾਲ ਗੱਲਾਂ ਕਰਨ ਲੱਗਪੀ। ਗੱਲਾਂ ਉਹ ਜ਼ਹੀਰ ਨਾਲ ਕਰੇ ਤੇ ਕੰਨ ਉਹਦੇ ਮਾਣਕ ਵੱਲੀਂ। ਰੈਹਸਲ ਕਰਾਉਂਦਾ ਸੀਗਾ ਕੇਸਰ ਸਿੰਘ ਨਰੂਲਾ। ਸੁਰਿੰਦਰ ਕੌਰ ਨੇ ਨਰੂਲੇ ਨੂੰ ਪੁੱਛਿਆ ਵਈ ਇਹ ਕੌਣ ਨੇ ? ਉਹ ਜਾਣ ਲੱਗੀ ਸਾਨੂੰ ਖਾਣੇ ਦਾ ਸੱਦਾ ਦੇਗੀ। ਅਸੀਂ ਦੋਵੇਂ ਡਰੀਏ। ਕਿੱਥੇ ਅਸੀਂ ਦੇਸੀ ਬੰਦੇ ਤੇ ਕਿੱਥੇ ਉਸ ਵੇਲੇ ਦੀ ਸਟਾਰ ਗਾਇਕਾ ਸੁਰਿੰਦਰ ਕੌਰ। ਪੰਜਾਬ ਈ ਨਹੀਂ ਸਾਰਾ ਦੇਸ਼ ਜੀਹਦੀ ਆਵਾਜ਼ ਨਾਲ ਕੀਲਿਆ ਜਾਂਦਾ ਸੀਗਾ। ਅਸੀਂ ਦੋ ਦੋ ਪੈੱਗ ਮਾਰੇ ਤੇ ਹੋਗੇ ਹੌਂਸਲੇ 'ਚ। ਤੁਰਪੇ ਸੁਰਿੰਦਰ ਕੌਰ ਦੇ ਮਾਡਲ ਟਾਊਨ ਵਾਲੇ ਘਰ ਨੂੰ। ਲੱਭਦਿਆਂ ਲਭਾਉਂਦਿਆਂ ਅਸੀਂ ਹੋਗੇ ਲੇਟ। ਹੈਰਾਨੀ ਦੀ ਗੱਲ ਵੇਖੋ-ਅਗਾਂਹ ਸੁਰਿੰਦਰ ਕੌਰ ਗੇਟ 'ਤੇ ਖੜੀ ਸਾਨੂੰ ਉਡੀਕੀ ਜਾਵੇ। ਸਾਨੂੰ ਤਾਂ ਸਾਲੀ ਊਈਂ ਸ਼ਰਮ ਜ੍ਹੀ ਆਈ ਜਾਵੇ--।' ਉਹਨਾਂ ਪਲਾਂ ਨੂੰ ਚੇਤੇ ਕਰਦਿਆਂ ਬਾਈ ਦੇਵ ਢਾਈ ਤਿੰਨ ਦਹਾਕੇ ਪਿੱਛੇ ਨੂੰ ਪਰਤ ਜਾਂਦਾ ਹੈ।

'ਪੀ ਖਾ ਕੇ ਵਿਹਲੇ ਹੋਏ ਤਾਂ ਸੁਰਿੰਦਰ ਕੌਰ ਮਾਣਕ ਨੂੰ ਕਹਿੰਦੀ-ਮੈਨੂੰ ਤਾਂ ਉਹੀ ਗੀਤ ਸੁਣਾ ਜਿਹੜਾ ਸਟੂਡੀਓ 'ਚ ਗਾ ਰਿਹਾ ਸੀ। ਉਹਨੇ ਮਾਣਕ ਤੋਂ 'ਟਿੱਲੇ ਵਾਲਿਆ' ਗੀਤ ਅੱਠ ਨੌਂ ਵਾਰੀਂ ਸੁਣਿਆ। ਫੇਰ ਆਪ ਵੀ ਨਾਲ ਈ ਗਾਉਣ ਲੱਗਪੀ। ਮੈਨੂੰ ਕਹਿੰਦੀ ਇਹ ਗੀਤ ਮੈਨੂੰ ਦੇਦੇ ਮੈਂ ਰਿਕਾਰਡ ਕਰਾਉਣਾ। ਮੈਂ ਆਖਿਆ ਵ੍ਹੀ ਇਹ ਗੀਤ ਤਾਂ ਰਿਕਾਰਡ ਕਰਾਤਾ ਮਾਣਕ ਨੇ। ਉਹ ਕਹਿੰਦੀ ਰਿਕਾਰਡ ਤਾਂ ਕਰਾਉਣਾ ਈ ਕਰਾਉਣਾ। ਬਾਅਦ 'ਚ ਉਹਨੇ ਕਰਾਇਆ ਵੀ। ਜਿਹੜਾ ਉਹਨੇ ਗਾਇਆ ਉਹਦੇ ਕੁਛ ਬੋਲ ਵੀ ਬਦਲ ਦਿੱਤੇ। ਸੁਰਿੰਦਰ ਕੌਰ ਨੇ ਗਾਇਆ ਵੀ ਧੁਰ ਅੰਦਰੋਂ।'

ਸੱਚਮੁੱਚ ਸੁਰਿੰਦਰ ਕੌਰ ਪੂਰੀ ਦੀ ਪੂਰੀ ਇਸ ਗੀਤ ਦੀ ਰੂਹ 'ਚ ਉਤਰੀ ਪਈ ਹੈ। ਜਿਵੇਂ ਦਰਦ ਨਾਲ ਭਰੀ ਆਵਾਜ਼ ਨਾਲ ਟਿੱਲੇ ਵਾਲੇ ਨੂੰ ਆਵਾਜ਼ਾਂ ਮਾਰੀ ਜਾਂਦੀ ਹੋਵੇ:-

**ਅਜੇ ਤੱਕ ਨਾ ਝਨਾ ਦਾ ਕੰਢਾ ਭੁੱਲਿਆ**
**ਜਿੱਥੇ ਰਾਂਝੇ ਦੇ ਬੁੱਲਾਂ 'ਚੋਂ ਹਾਸਾ ਡੁੱਲਿਆ**
**ਅੱਗ ਲੱਗੀ ਸੀ ਝਨਾਂ ਦੇ ਠੰਡੇ ਨੀਰ ਨੂੰ**
**ਤੇਰਾ ਕਿਹੜਾ ਮੁੱਲ ਲੱਗਦਾ - ਹੋਅ—ਮੁੱਲ ਲੱਗਦਾ—ਹਾਏ ਮੁੱਲ ਲੱਗਦਾ**
**ਟਿੱਲੇ ਵਾਲਿਆ ਮਿਲਾਦੇ ਰਾਂਝਾ ਹੀਰ ਨੂੰ।**

ਉਹ ਜਦੋਂ ਹਾਉਕਾ ਜਿਹਾ ਭਰਕੇ ਡੂੰਘੀ ਆਵਾਜ਼ ਨਾਲ 'ਟਿੱਲੇ ਵਾਲਿਆ ਵੇ--।' ਆਖਦੀ ਹੈ ਤੇ ਹਰੇਕ ਪਹਿਰੇ ਦੇ ਅੰਤ 'ਚ 'ਨੂੰ---ਅ—ਅੰ' ਲਮਕਾ ਕੇ ਬੋਲਦੀ ਹੈ ਤਾਂ ਸੁਨਣ ਵਾਲੇ ਦਾ ਹੱਥ ਮੱਲੋਮੱਲੀ ਦਿਲ 'ਤੇ ਰੱਖਿਆ ਜਾਂਦਾ ਹੈ।

'ਕੜਿਆਲਵੀ ! ਸੁਰਿੰਦਰ ਕੌਰ ਤਾਂ ਆਏਂ ਲੱਗਦਾ ਜਿਵੇਂ ਟਿੱਲੇ ਵਾਲੇ ਨੂੰ ਮਨਾ ਕੇ ਈ ਹਟੂ। ਨਾਥ ਨੂੰ ਕੰਨਾਂ 'ਚ ਮੁੰਦਰਾਂ ਪਾ ਕੇ ਜੋਗ ਦੇਣ ਲਈ ਮਜ਼ਬੂਰ ਕਰ ਦਊ। ਗੋਰਖ ਨਾਥ ਦੀ ਕੀ ਮਜ਼ਾਲ ਕਿ ਰਾਂਝੇ ਨੂੰ ਜੋਗ ਨਾ ਦੇਵੇ। ਸੁਰਿੰਦਰ ਕੌਰ ਦੀ ਆਵਾਜ਼ ਦਾ ਜਾਦੂ ਸਿਰ ਚੜ੍ਹ ਕੇ ਬੋਲਿਆ ਐ।' ਬਾਈ ਦੇਵ ਵਜ਼ਦ 'ਚ ਆ ਕੇ ਸਿਰ ਮਾਰਨ ਲੱਗਦਾ ਹੈ।

'ਬਾਈ, ਕਸਰ ਤਾਂ ਕੁਲਦੀਪ ਮਾਣਕ ਨੇ ਵੀ ਨ੍ਹੀ ਛੱਡੀ-
ਧੀ ਚੂਚਕੇ ਦੀ ਰੂਪ ਨਿਰਾ ਰੱਬ ਦਾ
ਉਹਦੇ ਬੋਲਾਂ ਨੂੰ ਪੌਣਾਂ 'ਚੋਂ ਫਿਰਾਂ ਲੱਭਦਾ
ਲੱਭਾਂ ਬੇਲਿਆਂ 'ਚੋਂ ਓਹਦੀ ਤਸਵੀਰ ਨੂੰ -
ਤੇਰਾ ਕਿਹੜਾ ਮੁੱਲ ਲੱਗਦਾ— ਹੋਅ—ਮੁੱਲ ਲੱਗਦਾ।
ਗੀਤ ਸੁਣਦਿਆਂ ਕੇਰਾਂ ਤਾਂ ਆਏਂ ਲੱਗਦਾ ਜਿਵੇਂ ਅਸੀਂ ਜੰਗਲ ਬੇਲਿਆਂ 'ਚੋਂ ਆਵਦੀ ਹੀਰ ਦੀ ਖੁਸ਼ਬੋ ਭਾਲ ਰਹੇ ਹੋਈਏ।'

'ਹਾਹਾ ਹਾ ਹਾ—ਭਾਲ ਤਾਂ ਲਈ ਸੀ ਰਾਂਝੇ ਨੇ ਆਖੀਰ 'ਚ। ਤੂੰ ਕਿਹੜਾ ਘੱਟ ਐਂ--- ? ਬਾਈ ਦੇਵ ਮੇਰੇ ਵੱਲ ਵੇਖ ਖੁੱਲ੍ਹ ਕੇ ਹੱਸਿਆ।

'ਮੈਂ ਕਿਹੜਾ ਮੱਝਾਂ ਚਾਰੀਆਂ ਸੀ ?'

'ਤੂੰ ਬੜਾ ਪਤੰਦਰ ਐਂ।'

ਬਾਈ ਦੇਵ ਮੈਨੂੰ ਪਿਆਰ ਕਰਦਾ ਹੈ। ਮੇਰੀਆਂ ਲਿਖਤਾਂ ਨੂੰ ਪਿਆਰ ਕਰਦਾ ਹੈ। ਚੇਤਨਾ ਪ੍ਰਕਾਸ਼ਨ ਲੁਧਿਆਣਾ ਵਾਲਿਆਂ ਨੇ ਬਾਬੂ ਸ਼ਾਹ ਚਮਨ ਜੀ ਦੀ ਯਾਦ 'ਚ ਸਥਾਪਿਤ ਕੀਤਾ ਐਵਾਰਡ ਮੈਨੂੰ ਦੇਣਾ ਸੀ। ਇਸ ਸਬੰਧੀ ਕੋਟ ਕਪੂਰੇ ਸਮਾਗਮ ਰੱਖਿਆ ਗਿਆ।

'ਇਹ ਐਵਾਰਡ ਮੇਰੇ ਯਾਰ ਸ਼ਾਹ ਚਮਨ ਦੇ ਨਾਂ 'ਤੇ ਐ, ਔਰ ਦੇਣਾ ਮੇਰੇ ਆਜ਼ੀਜ਼ ਗੁਰਮੀਤ ਕੜਿਆਲਵੀ ਨੂੰ, ਮੈਂ ਤਾਂ ਜਾਊਂ ਈ ਜਾਊਂ।' ਬਾਈ ਦੇਵ ਸਿਹਤ ਖਰਾਬ ਹੋਣ ਦੇ ਬਾਵਜੂਦ ਸਮਾਗਮ 'ਚ ਪਹੁੰਚਿਆ। ਇਹ ਮੇਰੇ ਲਈ ਇੱਕ ਹੋਰ ਵੱਡਾ ਸਨਮਾਨ ਸੀ।

'ਕੜਿਆਲਵੀ ਓਦਣ ਗੱਲਾਂ ਗੱਲਾਂ 'ਚ ਸੁਰਿੰਦਰ ਕੌਰ ਕਹਿੰਦੀ-ਮੈਨੂੰ ਕੋਈ ਐਹੋ ਜਿਹਾ ਗਾਣਾ ਲਿਖਕੇ ਦੇਅ ਜੀਹਦੇ 'ਚ ਕਿਸੇ ਪ੍ਰਾਹੁਣੇ ਦੀ ਉਡੀਕ ਵਾਲੀ ਗੱਲ ਹੋਵੇ। ਮੇਰੇ ਤਾਂ ਗੱਲ ਅੰਦਰ ਘੁੰਮਣ ਲਾਗੀ। ਫੇਰ ਸਾਰੀ ਰਾਤ ਨੀਂਦ ਨ੍ਹੀ ਆਈ। ਕਿਤੇ ਤੜਕੇ ਜਾਕੇ ਅੱਖ ਲੱਗੀ ਜਦੋਂ ਗੀਤ ਲਿਖਿਆ ਗਿਆ।

ਕਿਹੜਾ ?

ਨ੍ਹੀ ਉੱਠ ਵੇਖ ਨਨਾਣੇ-ਕੌਣ ਪ੍ਰਾਹੁਣਾ ਆਇਆ। ਚੰਗੇ ਗੀਤ ਇਉਂ ਹੀ ਸਬੱਬ ਨਾਲ ਲਿਖੇ ਜਾਂਦੇ ਐ। ਹਵਾ ਵਾਂਗ ਕੋਲ ਚੱਲ ਆਉਂਦੇ ਨੇ। ਮੈਂ ਸਾਰੀ ਉਮਰ ਸੈਂਕਲ 'ਤੇ ਈ ਸਕੂਲ ਡਿਊਟੀ ਕਰਨ ਜਾਂਦਾ ਰਿਹਾ ਹਾਂ। ਸੈਂਕੜੇ ਗੀਤ ਮੈਂ ਸੈਂਕਲ 'ਤੇ ਜਾਂਦਿਆਂ ਆਉਂਦਿਆਂ ਹੀ ਸੋਚੇ ਤੇ ਲਿਖੇ ਐ।

ਸਾਈਕਲ ਦੀ ਕਾਠੀ 'ਤੇ ਬੈਠ ਕੇ ਗੀਤ ਜੋੜਨ ਵਾਲੇ ਬਾਈ ਦੇਵ ਨੇ ਇਹਨਾਂ ਗੀਤਾਂ ਆਸਰੇ ਹੀ ਜਹਾਜ਼?ਾਂ ਦੇ ਝੂਟੇ ਲਏ ਨੇ। ਕੋਈ ਵਕਤ ਸੀ ਜਦੋਂ ਉਹ ਸਾਈਕਲ ਧੂੰਹਦਾ ਆਪਣੇ ਗੀਤਾਂ ਵਾਲੀ ਕਾਪੀ ਲੈ ਕੇ ਗਾਇਕਾਂ ਦੇ ਚੁਬਾਰਿਆਂ ਵੱਲ ਜਾਂਦਾ ਹੁੰਦਾ ਸੀ ਤੇ ਫਿਰ ਉਹ ਵਕਤ ਵੀ ਆਇਆ ਜਦੋਂ ਵੱਡੇ ਵੱਡੇ ਗਾਇਕ ਗੀਤ ਲੈਣ ਲਈ ਥਰੀਕਿਆਂ ਵਾਲੇ ਇਸ ਸਾਧ ਦੇ ਟਿੱਲੇ 'ਤੇ ਅਲਖ ਜਗਾਉਂਦੇ ਰਹੇ। ਹੁਣ ਵੀ ਦੇਸ਼ ਵਿਦੇਸ਼ 'ਚੋਂ ਸੈਂਕੜੇ ਪ੍ਰਸ਼ੰਸਕ ਉਸਦੇ ਧੂਣ੍ਹੇ 'ਤੇ ਆਉਂਦੇ ਰਹਿੰਦੇ ਹਨ। ਇਹਨਾਂ 'ਚੋਂ ਵਧੇਰੇ ਗਿਣਤੀ ਨਵੇਂ ਉੱਠਦੇ ਗਾਇਕਾਂ ਤੇ ਗੀਤਕਾਰਾਂ ਦੀ ਹੁੰਦੀ ਹੈ। ਬੇਬੇ ਪ੍ਰੀਤਮ ਕੌਰ ਆਏ ਗਏ ਵਾਸਤੇ ਚਾਹ ਪਾਣੀ ਬਣਾਕੇ ਦਿੰਦੀ ਸੀ, ਉਸਦੇ ਜਾਣ ਬਾਅਦ ਇਹ ਸੇਵਾ ਘਰ 'ਚ ਕੰਮ ਕਰਨ ਵਾਲੀ ਪਰਵਾਸੀ ਬੀਬੀ ਨੇ ਸੰਭਾਲ ਲਈ ਹੈ। ਵੱਡਾ ਪੁੱਤ ਜਸਵੰਤ ਜਿਸਨੂੰ ਪਿਆਰ ਨਾਲ ਦੀਨਾ ਆਖਦੇ ਨੇ ਸਰਵਣ ਪੁੱਤ ਹੈ। ਬਾਪ ਦੇ ਚਿਹਰੇ 'ਤੇ ਆਈ ਉਦਾਸੀ ਦੀ ਨਿੱਕੀ ਜਿਹੀ ਲਕੀਰ ਵੀ ਉਸ ਤੋਂ ਸਹਾਰ ਨਹੀਂ ਹੁੰਦੀ।

ਸਰਵਣ ਪੁੱਤ ਦੀਨਾ ਕਿੰਨੀ ਵੀ ਕੋਸਿ?ਸ਼ ਕਿਉਂ ਨਾ ਕਰੇ, ਉਦਾਸੀ ਮੱਲੋ ਮੱਲੀ ਬਾਈ ਕੋਲ ਆ ਡੇਰਾ ਲਾਉਂਦੀ ਹੈ। ਜੀਵਨ ਸਾਥਣ ਦੇ ਵਿਛੋੜੇ ਦੀ ਅੱਗ ਅੰਦਰ ਹੀ ਅੰਦਰ ਧੁਖਦੀ ਰਹਿੰਦੀ ਹੈ। ਸਿ?ਵ ਕੁਮਾਰ ਦਾ ਗੀਤ 'ਜਿੱਥੇ ਇਤਰਾਂ ਦੇ ਵਗਦੇ ਨੇ ਚੋਅ, ਏਥੇ ਮੇਰਾ ਯਾਰ ਵਸਦਾ' ਵਾਰ ਵਾਰ ਉਸਦੇ ਬੁੱਲ੍ਹਾਂ 'ਤੇ ਆਉਂਦਾ ਰਹਿੰਦਾ ਹੈ।

'ਕੜਿਆਲਵੀ ਬੇਵਕਤੀਆਂ ਸੱਟਾਂ ਨੇ ਬੜਾ ਤੋੜਨ ਦੀ ਕੋਸਿ?ਸ਼ ਕੀਤੀ ਮੈਨੂੰ। ਧੀਆਂ ਵਰਗੀ ਨੂੰਹ ਨਿੱਕੇ ਨਿੱਕੇ ਜੁਆਕ ਛੱਡ ਕੇ ਉਥੇ ਚਲੇ ਗਈ ਜਿੱਥੇ ਜਾ ਕੇ ਕੋਈ ਵਾਪਸ ਨਹੀਂ ਆਉਂਦਾ। ਮੈਂ ਕੋਮਲ ਦਿਲ ਵਾਲਾ ਸ਼ਾਇਰ ਬੰਦਾ। ਡੋਲ ਗਿਆ-ਪਰ ਪ੍ਰੀਤਮ ਕੌਰ ਨੇ ਹੌਂਸਲਾ ਦਿੱਤਾ। ਕਹਿੰਦੀ ਦਿਲ ਛੱਡਿਆਂ ਕੀ ਬਣੂੰ ? ਆਹ ਭੋਰਾ ਭੋਰਾ ਬਲੂਰ ਕੀਹਨੇ ਸਾਂਭਣੇ ? ਫੇਰ ਕੜੀ ਵਰਗਾ ਜੁਆਨ ਪੁੱਤ ਤੁਰ ਗਿਆ। ਪ੍ਰੀਤਮ ਕੌਰ ਨੇ ਫੇਰ ਵੀ ਡੋਲਣ ਨ੍ਹੀ ਦਿੱਤਾ। ਪੁੱਤਾਂ ਵਰਗਾ ਯਾਰ ਮਾਣਕ ਤੁਰ ਗਿਆ, ਉਹਨੇ ਫੇਰ ਸੰਭਾਲ ਲਿਆ ਮੈਨੂੰ। ਹੁਣ ਆਪ ਵੀ ਤੁਰਗੀ---। ਹੁਣ ਦੇਵ ਨਾਲ ਕੀਹਨੇ ਰੁਸਣਾ-ਕੀਹਨੇ ਮਨਾਉਣਾ।' ਹਵਾ ਇੱਕ ਲੰਮਾ ਹਾਉਂਕਾ ਭਰਦੀ ਹੈ। ਉਹ ਖਿਲਾਅ 'ਚ ਦੇਖਦਾ ਜੀਵਨ ਸਾਥਣ ਨਾਲ ਗੁਜ਼ਾਰੇ ਛੇ ਦਹਾਕਿਆਂ ਤੋਂ ਵੱਧ ਦੇ ਸਮੇਂ ਦੀਆਂ ਤੰਦਾਂ ਨੂੰ ਫੜ੍ਹਨ ਲੱਗਦਾ ਹੈ।'ਕੜਿਆਲਵੀ ਪ੍ਰੀਤਮ ਕੌਰ ਬੜੀ ਸਬਰ ਸ਼ੁਕਰ ਵਾਲੀ ਔਰਤ ਸੀਗੀ। ਉਹਦੀ ਸਮਝ ਬੜੀ ਬਾਰੀਕ ਸੀ। ਸਾਰੀਆਂ ਪੰਜ ਜਮਾਤਾਂ ਪਾਸ। ਜੇ ਮੈਟ੍ਰਿਕ ਕਰ ਜਾਂਦੀ ਤਾਂ ਮਾਸਟਰਨੀ ਲੱਗ ਜਾਂਦੀ। ਦੀਨਾ ਕਹਿੰਦਾ ਹੁੰਦਾ- ਬਾਪੂ ਚੰਗਾ ਕੀਤਾ ਪੰਜ ਪਾਸ ਨਾਲ ਵਿਆਹ ਕਰਾ ਲਿਆ। ਜੇ ਮਾਸਟਰਨੀ ਲੱਗ ਜਾਂਦੀ ਤਾਂ ਭੂਤਨੀ ਭੁਲਾ ਦੇਣੀ ਸੀ।' ਚਿਹਰੇ 'ਤੇ ਉਤਰ ਆਈ ਉਦਾਸੀ ਨੂੰ ਪਰ੍ਹੇ ਸਿੱਟਦਿਆਂ ਬਾਈ ਦਿਵਾਲੀ 'ਚ ਚਲਾਏ ਅਨਾਰ ਵਾਂਗ ਖਿੜ ਉੱਠਦਾ ਹੈ। ਉਸਦਾ ਹਾਸਾ ਪਤਾਸੇ ਵਾਂਗ ਭੁਰਨ ਲੱਗਦਾ ਹੈ।

'ਬਥੇਰੀ ਜਿੰਦਗੀ ਹੰਢਾਲੀ ਯਾਰ। ਹੁਣ ਤਾਂ ਜਮਾ ਸੰਤੁਸ਼ਟ ਆਂ। ਮੈਂ ਕਹਿਨਾ ਹੁੰਨੈ-ਰੱਬ ਮੇਰੀ ਤਾਂ ਫਾਈਲ ਈ ਕਿਧਰੇ ਰੱਖ ਕੇ ਭੁੱਲ ਗਿਆ। ਖਵਰੇ ਉਹਦੇ ਕੰਪਿਊਟਰ 'ਚ ਈ ਕੁਛ ਗੜਬੜ ਹੋਗੀ। ਖਵਨੀ ਮੇਰੇ ਭੁਲੇਖੇ ਹੋਰ ਈ ਹਰਦੇਵ ਸਿਹੁੰਆਂ ਨੂੰ ਚੱਕ ਚੱਕ ਲਈ ਜਾਂਦਾ ਹੋਵੇ। ਹਾ ਹਾ ਹਾ ਹਾ ! ਉਸਦਾ ਗੋਰਾ ਰੰਗ ਹੋਰ ਸੂਹੀ ਭਾਅ ਮਾਰਨ ਲੱਗਦਾ ਹੈ। ਸਾਡੇ ਆਲੇ ਦੁਆਲੇ ਬੈਠੇ ਗੋਲੂ ਕਾਲੇਕੇ ਤੇ ਦਰਸ਼ਨ ਸੰਘਾ ਵੀ ਹੱਸਣ ਲੱਗਦੇ ਹਨ। ਮੈਂ ਉਦਾਸ ਹੁੰਦਾ ਹਾਂ। ਕਹਿਣਾ ਚਾਹੁੰਦਾ ਹਾਂ, ਥਰੀਕੇ ਵਾਲਾ ਕਿਵੇਂ ਮਰਜੂ ? ਕਲਾਕਾਰ, ਸਾਹਿਤਕਾਰ ਭਲਾ ਕਦੋਂ ਮਰਦਾ ਹੁੰਦਾ ਐ ? ਪਰ ਆਖਦਾ ਨਹੀਂ। ਕੜਿਆਲਵੀ ! ਯਾਰ ਅੱਜਕੱਲ੍ਹ ਮੇਰੇ ਅੰਦਰ ਕਹਾਣੀਆਂ ਉਛਾਲੇ ਮਾਰਦੀਆਂ ਰਹਿੰਦੀਆਂ। ਜੀਅ ਕਰਦਾ ਕਹਾਣੀਆਂ ਲਿਖਾਂ- ।ਮੈਂ ਗਹੁ ਨਾਲ ਬਾਈ ਦੀਆਂ ਅੱਖਾਂ 'ਚ ਦੇਖਦਾ ਹਾਂ। ਜਿੰਦਗੀ ਜਿਉਣ ਦੀ ਚਾਹਨਾ ਕਦੋਂ ਖ਼ਤਮ ਹੋਈ ਹੈ। ਅੱਖਾਂ 'ਚ ਤਾਂ ਅਜੇ ਵੀ ਜਿੰਦਗੀ ਭੰਗੜੇ ਪਾਉਂਦੀ ਫਿਰਦੀ ਹੈ। ਮੈਂ ਹੱਸ ਪੈਂਦਾ ਹਾਂ।









# ਪੰਜਾਬ ਦੀ ਵੰਡ ਦਾ ਸੰਤਾਪ

ਪ੍ਰਸਿੱਧ ਅਭਿਨੇਤਾ ਤੇ ਲੇਖਕ ਬਲਰਾਜ ਸਾਹਨੀ ਦੇਸ਼ ਦੀ ਵੰਡ ਤੋਂ ਬਾਅਦ ਆਪਣੇ ਮਿੱਤਰਾਂ ਨੂੰ ਮਿਲਣ
ਪਾਕਿਸਤਾਨ ਗਿਆ।
ਵਾਪਸੀ ਵੇਲੇ ਪਾਕਿਸਤਾਨੀ ਪੰਜਾਬ ਦਾ ਮਸ਼ਹੂਰ ਸ਼ਾਇਰ ਅਹਿਮਦ ਰਾਹੀ ਸਾਹਨੀ ਸਾਹਿਬ ਨੂੰ
ਵਿਦਾ ਕਰਨ ਵੇਲੇ ਭਾਵੁਕ ਹੋ ਗਿਆ। ਉਸਦੇ ਭਾਵਕ ਮਨ ਵਿੱਚ ਜੋ ਸਤਰਾਂ ਆਈਆਂ ਉਹ ਉਸਨੇ ਲਾਹੌਰ ਰੇਲਵੇ ਸਟੇਸ਼ਨ ਤੇ ਭਾਰਤ ਵਿਦਾ ਕਰਨ ਤੋਂ ਪਹਿਲਾਂ ਬਲਰਾਮ ਸਾਹਨੀ ਨਾਲ ਸਾਂਝੀਆਂ ਕੀਤੀਆਂ।
ਅਹਿਮਦ ਰਾਹੀ ਵੰਡ ਤੋਂ ਬਾਅਦ ਦਾ ਲਹਿੰਦੇ ਪੰਜਾਬ ਦਾ ਬਹੁਤ ਵੱਡਾ ਗੀਤਕਾਰ ਸੀ
ਉਸਦੇ ਗੀਤ——
ਮੇਰੀ ਚੁੰਨੀ ਦੀਆਂ ਰੇਸ਼ਮੀਂ ਤੰਦਾਂ
ਵੇ ਮੈਂ ਘੁੱਟ ਘੁੱਟ ਦੇਨੀ ਆਂ ਗੰਢਾਂ
ਕਿ ਚੰਨਾ ਤੇਰੀ ਯਾਦ ਨਾ ਭੁੱਲੇ
ਤੇਰੇ ਦਰ ਤੇ ਆਕੇ ਸੱਜਣਾਂ ਵੇ
ਅਸੀਂ ਝੋਲੀ ਖਾਲੀ ਲੈ ਚੱਲੇ



ਲੱਖਾਂ ਆਸਾਂ ਲੈਕੇ ਆਏ ਸਾਂ
ਦੋ ਨੈਣ ਸਵਾਲੀ ਲੈ ਚੱਲੇ
ਬੱਚੇ ਬੱਚੇ ਨੇ ਸੁਣੇ ਹਨ ਤੇ ਬਲਰਾਜ ਸਾਹਨੀ ਨੂੰ ਵੀ ਪੂਰੀ ਦੁਨੀਆਂ ਜਾਣਦੀ ਹੈ। ਉਸ ਵੇਲੇ ਦੀਆਂ ਉਹ ਸਤਰਾਂ ਜਦੋਂ ਬਲਰਾਜ ਸਾਹਨੀ ਨੇ ਕਿਹਾ ਕਿ,
ਦੇਸਾਂ ਵਾਲਿ-
ਆਪਣੇ ਹੀ ਦੇਸ ਅੰਦਰ
ਅਸੀਂ ਆਏ ਹਾਂ
ਵਾਂਗ ਪਰਦੇਸੀਆਂ ਦੇ -
ਉਸਦੇ ਜਵਾਬ ਵਿੱਚ ਅਹਿਮਦ ਰਾਹੀ ਦੇ ਬੋਲ
ਤਸਵੀਰ ਸਮੇਤ ਜਿੱਥੇ ਰਾਜਨ ਸ਼ਾਹ, ਅਹਿਮਦ ਰਾਹੀ, ਬਲਰਾਜ ਸਾਹਨੀ, ਤੇ ਅਬਦੁੱਲਾ ਮਲਿਕ ਲਹੌਰ
ਰੇਲਵੇ ਸਟੇਸ਼ਨ ਦੇ ਬਾਹਰ ਨਜ਼ਰ ਆ ਰਹੇ ਹਨ ਤੁਹਾਡੀ ਨਜ਼ਰ ਆਹ ਪੜ੍ਹਿ- ਅਹਿਮਦ ਰਾਹੀ ਆਪਣੇ ਮਿੱਤਰ ਬਲਰਾਜ ਸਾਹਨੀ ਨੂੰ ਭਾਰਤ ਵਿਦਾ ਕਰਨ ਵੇਲੇ ਕੀ ਕਹਿੰਦੈ—
ਤੇਰੇ ਲਈ ਪਰਦੇਸ ਏ ਦੇਸ ਮੇਰਾ
ਮੇਰੇ ਲਈ ਪਰਦੇਸ ਏ ਦੇਸ ਤੇਰਾ
ਚਿੱਟ ਵੇਸੀਆ ਜੋਗੀਆ ਵਸਦਾ ਰਹੁ
ਮੇਰਾ ਇੱਥੇ ਡੇਰਾ, ਤੇਰਾ ਉੱਥੇ ਡੇਰਾ
ਨੀਰ ਡੁਲ੍ਹਦੇ ਜੱਗ ਤੇ ਲੱਖ ਵੇਖੇ
ਆਪਾਂ ਉਹ ਨੀਰ ਵੇਖੇ
ਜਿਹੜੇ ਡੁੱਲ੍ਹੇ ਵੀ ਨਾ
ਤੇਰੀ ਅੱਖ ਇੱਥੇ ਮੇਰੀ ਅੱਖ ਉੱਥੇ
ਟੁੱਟੇ ਦਿਲਾਂ ਦਾ ਕੀ ਸ਼ੁਮਾਰ ਕਰੀਏ
ਕਈ ਲੱਖ ਇੱਥੇ ਕਈ ਲੱਖ ਉੱਥੇ
ਇਹੋ ਜਿਹਾ ਆਲ੍ਹਣਾ ਉਜੜਿਆ ਏ
ਕਈ ਕੱਖ ਇੱਥੇ ਕਈ ਕੱਖ ਉੱਥੇ
ਜਦੋਂ ਮੈਂ ਇਹ ਲਿਖਦਾਂ ਮੇਰੇ ਵੀ ਨੈਣਾਂ ਚੋਂ ਹੰਝੂ ਵਹਿੰਦੇ ਨੇ ਭਾਵੇਂ ਉਸ ਵੰਡ ਦਾ ਸੰਤਾਪ ਮੈਂ ਆਪਣੇ ਤਨ ਤੇ ਨਹੀਂ ਹੰਢਾਇਆ ਪਰ ਮੈਨੂੰ ਮਹਿਸੂਸ ਹੁੰਦੈ, ਫੇਸਬੁੱਕ ਤੇ ਸ਼ੋਸ਼ਲ






ਪੰਜਾਬੀ ਗੀਤਕਾਰੀ ਦੇ ਅਣਗੌਲੇ ਇਤਿਹਾਸ ਨੂੰ ਅੱਖਰੀ ਬੋਲੀ ਵਿੱਚ ਮਿੱਟੀ ਨੂੰ ਫਰੋਲ ਜੋਗੀਆ। ਅਸ਼ੋਕ ਬਾਂਸਲ ਦੀ ਅਣਥੱਕ ਮਿਹਨਤ ਸਦਕਾ ਕਿਤਾਬ ਛਪਕੇ ਆ ਗਈ ਹੈ। ਕੈਲਗਰੀ ਵਿੱਚ ਪੰਜਾਬੀ ਅਖ਼ਬਾਰ ਦੇ ਮੁੱਖ ਦਫਤਰ ਵਿੱਚੋਂ ਇਹ ਕਿਤਾਬ ਤੁਹਾਨੂੰ ਮਿਲ ਸਕਦੀ ਹੈ ਸੰਪਰਕ:
**ਹਰਬੰਸ ਬੁੱਟਰ** 403 640 2000

ਮੀਡੀਏ ਤੇ ਸਰਗਰਮ ਫਿਰਕੂ ਤਾਕਤਾਂ ਨੂੰ ਮੇਰੀ ਅਰਜੋਈ ਐ ਕਿ ਅਸੀਂ ਬਹੁਤ ਕੁੱਝ ਗੁਆ ਚੁੱਕੇ ਹਾਂ, ਸਾਡੇ ਪੱਲੇ ਕੁੱਝ ਨਹੀਂ ਰਿਹਾ, ਅਸੀਂ ਆਪਣੇ ਆਲ੍ਹਣੇ ਦਾ ਤੀਲ੍ਹਾ ਤੀਲ੍ਹਾ ਕਰ ਚੁੱਕੇ ਹਾਂ, ਕਿਰਪਾ ਕਰਕੇ ਕੋਈ ਐਸੀਆਂ ਗੱਲਾਂ ਕਰੀਏ ਜਿਸ ਨਾਲ ਭਾਈਚਾਰਕ ਸਾਂਝ ਪੈਦਾ ਹੋ ਸਕੇ ਇਹ ਦੇਣ ਏ ਮੇਰੇ ਦਾਤਾ ਦੀ,
ਨਾ ਐਵੇਂ ਟੱਕਰਾਂ ਮਾਰ ਕੁੜੇ—
1960 ਦੇ ਕਰੀਬ ਨੂਰਜਹਾਂ ਦੀ ਆਵਾਜ਼ ਵਿੱਚ ਇੱਕ ਗੀਤ ਬੜਾ ਮਕਬੂਲ ਹੋਇਆ ਜਿਸਦੇ ਬੋਲ ਸਨ
ਇਹ ਪੁੱਤਰ ਹੱਟਾਂ ਤੇ ਨਹੀਂ ਵਿਕਦੇ
ਕੀ ਲੱਭਣੀਂ ਏ ਵਿੱਚ ਬਾਜ਼ਾਰ ਕੁੜੇ
ਇਹ ਦੇਣ ਏ ਮੇਰੇ ਦਾਤਾ ਦੀ
ਨਾ ਐਵੇਂ ਟੱਕਰਾਂ ਮਾਰ ਕੁੜੇ
ਬਾਅਦ ਵਿੱਚ ਇਸ ਗੀਤ ਨੂੰ ਵੱਖ ਵੱਖ ਕਲਾਕਾਰਾਂ ਆਪਣੇ ਆਪਣੇ ਢੰਗ ਅਨੁਸਾਰ ਰਿਕਾਰਡ ਕਰਵਾਇਆ, ਇਸ ਗੀਤ ਦੇ ਗੀਤਕਾਰ ਹਨ ਜਨਾਬ ਸੂਫੀ ਗੁਲਾਮ ਮੁਸਤਫਾ ਤਬੱਸੁਮ
ਜਿਸ ਮਕਸਦ ਨਾਲ ਮੈਂ ਇਹ ਲਿਖਣਾ ਸੁਰੂ ਕੀਤਾ ਐ ਉਸਦਾ ਮੁੱਖ ਮਨੋਰਥ ਇਹ ਐ ਕਿ, ਤਬੱਸੁਮ ਸਾਹਿਬ ਦੀ ਗੀਤਕਾਰ ਵੱਜੋਂ ਇਮਾਨਦਾਰੀ, ਪਰ ਹੁਣ ਗੀਤਕਾਰ ਵੱਜੋਂ ਸੂਫੀ ਮੁਸਤਫਾ ਤਬੱਸੁਮ ਦਾ ਪੱਧਰ ਦੇਖੋ ਗਾਲਿਬ ਦੀ ਇੱਕ ਫਾਰਸੀ ਜ਼ੁਬਾਨ ਦੀ ਰਚਨਾ ਐ
ਜਾ ਮਨ ਨਾ ਬੂਦ ਬਾਵਰ ਇੰਤਜ਼ਾਰ ਬੀਆ
ਬਹਾਨਾ ਜੂਏ ਸਬਾਸ਼ - ਸਤੀਜ਼ਕਾਰ ਬੀਆ
ਜਖ਼ੂ ਏ ਤਸਤ, ਨਹਾਦੇ ਸ਼ਕੀਬ ਨਾਜੁਕ ਤਰ
ਬੀਆ ਕਿ ਦਸਤੋ ਦਲਮ ਮੀ ਰੋਦ ਜ਼ਕਾਰ ਬੀਆ
ਰਵਾਜ਼ੇ ਸੋਮਾਹ ਤਸਤੀਸਤ ਜੀਨਹਾਰ ਮਰੋ ਮਤਾਵਾਇ ਮੈਕਦਾ ਮਸਤੀਸਤ ਹੁਸ਼ਿਆਰ ਬੀਆ
ਹਿਸਾਰ ਆਫਿਤੇ ਗਰ ਹੋਸ ਕੁ ਨੀ ਗਾਲਿਬ ਚੋ ਮਾ ਬਾ ਹਲਕਾ ਰਿੰਦਾ ਨੇ ਖਾਕਸਾਰ ਬੀਆ ਹੁਣ ਇਸ ਸ਼ਾਇਰ ਦਾ ਕਮਾਲ ਦੇਖੋ ਕਿ ਇਸਨੇ ਪੰਜਾਬੀ ਜ਼ੁਬਾਨ ਨੂੰ ਇੱਕ ਐਸੇ ਨਗ ਨਾਲ ਸ਼ਿੰਗਾਰਿਆ ਜਿਸਦਾ ਕੋਈ ਤੋੜ ਈ ਨਹੀਂ, ਇਮਾਨਦਾਰੀ ਵੀ ਐਨੀ ਕਿ ਨਾਮ ਵੀ ਗਾਲਿਬ ਦਾ
ਹੀ ਰੱਖਿਆ, ਆਹ ਦੇਖਿ- ਜਰਾ
ਮੇਰੇ ਸ਼ੌਕ ਦਾ ਨਹੀਂ ਇਤਬਾਰ ਤੈਨੂੰ
ਆ ਦੇਖ ਮੇਰਾ ਇੰਤਜ਼ਾਰ ਆਜਾ
ਐਵੇਂ ਲੜਨ ਬਹਾਨੜੇ ਲੱਭਣਾ ਏਂ
ਕੀ ਤੂੰ ਸੋਚਣਾ ਏਂ ਸਿਤਮਗਾਰ ਆਜਾ
ਸੁੱਖੀ ਵੱਸਣਾ ਜੇ ਤੂੰ ਚਾਹੁੰਦਾ ਏਂ
ਮੇਰੇ ਗਾਲਿਬਾ ਏਸ ਜਹਾਨ ਅੰਦਰ
ਆ ਰਿੰਦਾ ਦੀ ਬਜ਼ਮ ਵਿਚ ਆ ਬਹਿ ਜਾ ਇੱਥੇ ਬੈਠਦੇ ਨੇ ਸਾਰੇ ਖਾਕਸਾਰ ਆਜਾ ਮੇਰਾ ਖਿਆਲ ਪੰਜਾਬੀ ਸੰਗੀਤ ਨੂੰ ਪਿਆਰ ਕਰਨ ਵਾਲੇ ਬੱਚੇ ਬੱਚੇ ਨੇ ਗੁਲਾਮ ਅਲੀ ਦੀ ਆਵਾਜ਼ ਵਿੱਚ ਪੰਜਾਬੀ ਬੋਲੀ ਦੀ ਅੰਗੂਠੀ ਵਿੱਚ ਜੜੇ ਇਸ ਹੀਰੇ ਦੀ ਚਮਕ ਜਰੂਰ ਦੇਖੀ ਹੋਵੇਗੀ।
ਤਬੁੱਸਮ ਦਾ ਜਨਮ 4 ਅਗਸਤ 1899 ਨੂੰ ਅੰਮ੍ਰਿਤਸਰ ਵਿੱਚ ਹੋਇਆ। ਉਹਨਾਂ ਨੇ ਫਾਰਮੈਨ ਕ੍ਰਿਸ਼ਚੀਅਨ ਕਾਲਜ ਲਾਹੌਰ ਤੋਂ ਫਾਰਸੀ ਜ਼ੁਬਾਨ ਦੀ ਮਾਸਟਰ ਡਿਗਰੀ ਹਾਸਲ ਕੀਤੀ। ਬਾਅਦ ਵਿੱਚ ਗੌਰਮਿੰਟ ਕਾਲਜ ਲਾਹੌਰ ਵਿੱਚ ਇਸੇ ਵਿਸ਼ੇ ਨੂੰ ਪੜ੍ਹਾਉਂਦੇ ਰਹੇ। 1954 ਵਿੱਚ ਤਬੁੱਸਮ ਸਾਹਿਬ ਗੌਰਮਿੰਟ ਕਾਲਜ ਲਾਹੌਰ ਦੇ ਫਾਰਸੀ ਵਿਭਾਗ ਦੇ ਮੁਖੀ ਦੇ ਆਹੁਦੇ ਤੋਂ ਰਿਟਾਇਰ ਹੋਏ। ਉਹਨਾਂ ਨੇ ਆਪਣੀ ਜ਼ਿੰਦਗੀ ਵਿੱਚ ਬਾਲ ਸਾਹਿਤ ਬਹੁਤ ਰਚਿਆ ਪੰਜਾਬੀ ਫ਼ਿਲਮਾਂ ਵਿੱਚ ਉਹਨਾਂ ਦੇ ਅਨੇਕਾਂ ਗੀਤ ਰਿਕਾਰਡ ਹੋਏ।

7 ਫਰਵਰੀ 1978 ਨੂੰ ਤਬੁੱਸਮ ਸਾਹਿਬ ਲਾਹੌਰ ਵਿਚ ਇਸ ਦੁਨੀਆਂ ਨੂੰ ਅਲਵਿਦਾ ਆਖ ਗਏ ਪੰਜਾਬ ਦੀਆਂ ਹੱਟੀਆਂ, ਭੱਟੀਆਂ, ਸੱਥ, ਦਰਵਾਜ਼ੇ, ਪਿੰਡਾ, ਸ਼ਹਿਰਾਂ ਤੋਂ ਲੈਕੇ ਸੱਤ ਸਮੁੰਦਰੋਂ ਪਾਰ ਵਿਦੇਸ਼ਾਂ ਦੀ ਧਰਤੀ ਤੱਕ ਕੁਲਦੀਪ ਮਾਣਕ ਅਤੇ ਦੇਵ ਥਰੀਕਿਆਂ ਵਾਲੇ ਦੀ ਜੋੜੀ ਬਹੁਤ ਪਰਵਾਨ ਚੜ੍ਹੀ। ਪਰ ਆਹ ਕੁਲਦੀਪ ਮਾਣਕ ਤੋਂ ਪਹਿਲਾਂ ਦੇਵ ਦੇ ਸ਼ੁਰੂਆਤੀ ਦੌਰ ਭਾਵ 1963 ਦਾ ਇੱਕ ਰਿਕਾਰਡ ਦੇਖੋ।




ਜਦੋਂ ਮੁਹੰਮਦ ਸਦੀਕ ਆਪਣੇ ਨਾਮ ਦੇ ਨਾਲ ਪਿੰਡ ਦਾ ਨਾਮ ਵੀ ਲਿਖਦਾ ਹੁੰਦਾ ਸੀ (ਮੁਹੰਮਦ ਸਦੀਕ ਰਾਮਪੁਰੀ) ਅਤੇ ਸਹਿ ਗਾਇਕਾ ਸਵਰਨਲਤਾ, ਦੀਆਂ ਆਵਾਜ਼ਾਂ ਵਿੱਚ ਗੀਤਕਾਰ ਹਰਦੇਵ ਸਿੰਘ ਦਿਲਗੀਰ (ਦੇਵ ਥਰੀਕੇ ਵਾਲਾ) ਦੇ ਗੀਤ ਦਾ ਰਿਕਾਰਡ ਸਦੀਕ-
ਮੈਂ ਤਾਂ ਪੱਚੀਆਂ ਪਿੰਡਾਂ ਦਾ ਪਟਵਾਰੀ ਨੀ ਲੰਘ ਨਾ ਮਰੋੜਾ ਮਾਰ ਕੇ
ਸਵਰਨਲਤਾ-
ਮੇਰੀ ਮਾਂ ਭਰਮਾਂ ਦੀ ਮਾਰੀ ਵੇ ਲੰਘ ਨਾ ਤੂੰ ਰੋੜਾਂ ਮਾਰ ਕੇ
ਗੀਤ- ————ਨੀਂ ਮੈਂ ਪੱਚੀਆਂ ਪਿੰਡਾ ਦਾ ਪਟਵਾਰੀ
ਗਾਇਕ———ਮੁਹੰਮਦ ਸਦੀਕ ਰਾਮਪੁਰੀ ਅਤੇ ਸਵਰਨਲਤਾ
ਗੀਤਕਾਰ—— ਹਰਦੇਵ ਸਿੰਘ ਦਿਲਗੀਰ
ਕੰਪਨੀ ———— ਕੋਲੰਬੀਆ
ਤਵਾ ਨੰਬਰ——GEE 39509
ਸਾਲ——————1963




# ਮੱਝ ਵੇਚ ਕੇ ਘੋੜੀ ਲਈ, ਦੁੱਧ ਪੀਣੋ ਗਏ ਲਿੱਦ ਚੱਕਣੀ ਪਈ

ਸਾਡੇ ਬਜ਼ੁਰਗ ਘੱਟ ਲਾਹੇਵੰਦੇ ਵਾਲੇ ਸੌਦੇ ਬਾਰੇ ਇਹ ਸਤਰ ਕਿਹਾ ਕਰਦੇ ਸਨ। ਸਾਡੀ ਸਾਦ ਮੁਰਾਦੀ ਸੰਤੁਸ਼ਟ ਜ਼ਿੰਦਗੀ ਵਿਚ ਸੰਚਾਰ ਸਾਧਨਾ ਨੇ ਖਲਲ ਪਾ ਰੱਖੀ ਹੈ। ਬਿਨਾ ਸ਼ੱਕ ਇਨ੍ਹਾਂ ਨੇ ਪੂਰੇ ਸੰਸਾਰ ਨੂੰ ਨੇੜੇ ਕੀਤਾ ਹੈ, ਪਰ ਨਾਲ ਹੀ ਇੱਕੋ ਛੱਤ ਹੇਠ ਵਸਦੇ ਦੋ ਜੀਆਂ ਵਿਚਕਾਰ ਇੱਕ ਮਾਰੂਥਲ ਵਿਛਾ ਧਰਿਆ ਹੈ। ਇੱਕ ਦਿਨ ਮੈਂ ਆਪਣੀ ਕਿਸੇ ਸਹੇਲੀ ਨੂੰ ਫੋਨ ਕਰ ਕੇ ਜਨਮ ਦਿਨ ਮੁਬਾਰਕ ਕਿਹਾ ਤਾਂ ਉਸ ਨੇ ਸਿੱਲ੍ਹੇ ਜਿਹੇ ਬੋਲਾਂ ਨਾਲ ਦੱਸਿਆ ਕਿ ਅੱਜ ਸਵੇਰੇ ਮੇਰੇ ਪੁੱਤ ਨੇ ਆਨ-ਲਾਈਨ ਆਰਡਰ ਕਰ ਕੇ ਫੁੱਲ ਭੇਜੇ ਹਨ ਜਦੋਂ ਕਿ ਉਹ ਦੋ-ਤਿੰਨ ਗਲੀਆਂ ਦੀ ਦੂਰੀ ਤੇ ਹੀ ਰਹਿੰਦਾ ਹੈ। ਉਹ ਦੱਸ ਰਹੀ ਸੀ ਕਿ ਮੈਂ ਫੁੱਲਾਂ ਨੂੰ ਪਾਣੀ ਵਿਚ ਸੱਜਰੇ ਰੱਖ ਕੇ ਆਪਣੇ ਨਾਲ ਪੁੱਤਰ ਦੇ ਬਿਤਾਏ ਵਰ੍ਹੇ ਯਾਦ ਕਰ ਕੇ ਕਦੇ ਰੋ ਪੈਂਦੀ ਹਾਂ ਕਦੇ ਹੱਸ ਪੈਂਦੀ ਹਾਂ। ਮੈਨੂੰ ਇਸ ਗੱਲਬਾਤ ਤੋਂ ਲੱਗਿਆ ਅਸੀਂ ਲਿਫਾਫੇ ਵਰਗੀ ਜੂਨ ਹੰਢਾ ਰਹੇ ਹਾਂ, ਕਿਸੇ ਹੋਰ ਦੁਆਰਾ ਮਿਲੇ ਫੁੱਲ ਪੁੱਤਰ ਨੂੰ ਹਿੱਕ ਨਾਲ ਲਾ ਕੇ ਕਾਲਜਾ ਠਾਰਨ ਦਾ ਬਦਲ ਨਹੀਂ ਹੋ ਸਕਦੇ। ਪ੍ਰਾਪਤ ਵਸਤ ਸੰਸਾਰ ਨੇ ਸਾਡੇ ਅੰਦਰ ਵਸਦੀਆਂ ਭਾਵਨਾਵਾਂ ਦੀ ਦੁਨੀਆਂ ਉਜਾੜ ਧਰੀ ਹੈ। ਵਸਤਾਂ ਦੇ ਭਰਮ ਜਾਲ ਨੇ ਸਾਨੂੰ ਧੁਰ ਅੰਦਰ ਤੱਕ ਵਲੂੰਧਰਿਆ ਹੈ। ਵਸਤਾਂ ਦੀ ਓਪਰੀ ਤਹਿ ਨੇ ਸਾਨੂੰ ਝੰਜੋੜ ਕੇ ਸੱਖਣੇ, ਕੋਰੇ ਅਤੇ ਖੋਖਲੇ ਜਿਹੇ ਕਰ ਦਿੱਤਾ ਹੈ। ਟੈਕਨਾਲੋਜੀ ਦੀ ਭਗਦੜ ਨੇ ਸਾਨੂੰ ਇੱਕੋ ਛੱਤ ਹੇਠ ਪਲਦੀਆਂ ਕਈ ਪੀੜ੍ਹੀਆਂ ਵਾਲੀ ਵਿਰਾਸਤ ਨਾਲੋਂ ਤੋੜ ਦਿੱਤਾ ਹੈ। ਜੱਦੀ-ਪੁਸ਼ਤੀ ਮੇਰ ਨੂੰ ਮਾਰਿਆ ਹੈ। ਇਸ ਦੇ ਵਾਧੂ ਦਖਲ ਨੇ ਸਾਡੇ ਸੁਭਾਅ ਵਿਚਲੇ ਸਿਦਕ, ਠਰ੍ਹੰਮੇ, ਨਿਮਰਤਾ, ਤਹੱਮਲ ਅਤੇ ਸਹਿਣਸ਼ੀਲਤਾ ਭਰੇ ਸਬਰ ਸੰਤੋਖ




ਨੂੰ ਠੇਸ ਲਾਈ ਹੈ।

ਇੱਕ ਬੱਚਾ ਆਪਣੇ ਦਾਦੇ ਨੂੰ ਪੁਛਦਾ ਹੈ ਕਿ ਬਾਬਾਜੀ, ਟੀ. ਵੀ., ਫੋਨ ਅਤੇ ਨੈੱਟ ਤੋਂ ਬਿਨਾ ਤੁਹਾਡੀ ਜ਼ਿੰਦਗੀ ਬਹਤ ਬੋਰਿੰਗ ਹੋਣੀ ਹੈ, ਤਾਂ ਬਾਬਾ ਜਵਾਬ ਦਿੰਦਾ ਹੈ ਕਿ ਅਸੀਂ ਤਾਂ ਬੁੱਕਲਾਂ ਦਾ ਨਿੱਘ ਮਾਣਦੇ ਦੋਸਤਾਂ ਨਾਲ ਗੁੱਥਮਗੁੱਥਾ ਹੁੰਦੇ ਹਾਂ, ਹਰਪਲ ਨੂੰ ਸੱਜਰਾ ਕਰਦੇ ਦੁਆਲੇ ਦੇ ਨਿੱਕੇ ਨਿੱਕੇ ਵੇਰਵੇ ਤੋਂ ਹੀ ਰੱਜਵੀਂ ਤਸੱਲੀ ਵਸੂਲਦੇ ਹੋਏ ਵਿਸਮਾਦੀ ਪਲ ਜਿਉਂਦੇ ਰਹੇ ਹਾਂ, ਜਿਨ੍ਹਾਂ ਦੀ ਰੰਗੀਨੀ ਸਾਹਾਂ ਨਾਲ ਨਿਭਣ ਵਾਲਾ ਸਰਮਾਇਆ ਰਖਦੀ ਹੈ। ਅੱਜ ਤੁਸੀਂ ਸੰਤਾਪੇ ਪਲ ਭੋਗਦੇ ਖ਼ਾਹਿਸ਼ਾਂ ਦਾ ਬਿਖਰਾਅ ਪਾਈ ਬੈਠੇ ਹੋ। ਹੁਣ ਪ੍ਰੇਮੀ ਪ੍ਰੇਮਿਕਾਮੂੰਹ ਦੇ ਹਾਵ-ਭਾਵ ਦੀ ਥਾਂਇੱਕ ਦੂਜੇ ਦੇ ਫੋਨਾਂ ਦੀ ਜਾਸੂਸੀ ਵੱਧ ਕਰਦੇ ਹਨ। ਸੋਚਾਂ ਦੇ ਪ੍ਰਦੂਸ਼ਣ ਨੇ ਤਰਥੱਲੀ ਪਾ ਰੱਖੀ ਹੈ। ਸੁਪਨੇ ਵਿਚ ਤੁਸੀਂ ਮਿਲੇ ਅਸਾਨੂੰ, ਅਸਾਂ ਧਾ ਗਲਵੱਕੜੀ ਪਾਈਵਾਲੀ ਤ੍ਰਿਪਤੀ ਸਾਡੇ ਪੱਲੇ ਸੀ।

ਹੁਣ ਨੈੱਟ ਵਾਲੇ ਜੀਵਨ ਨੇ ਇਖ਼ਲਾਕੀ ਜ਼ਿੰਮੇਵਾਰੀ ਤੋਂ ਮੁਕਤ ਕਰ ਕੇ ਸਭ ਨੂੰ ਅਪਹੁਦਰੇ ਕਰ ਧਰਿਆ ਹੈ। ਮੂੰਹੋਂ ਦੂਹੀਂ ਗੱਲ ਕਰਦਿਆਂ ਸਾਡੇ ਕੋਲ ਦੂਜੀ ਆਵਾਜ਼ ਦਾ ਲਹਿਜ਼ਾ, ਕਿਸੇ ਮੱਥੇ ਦੀ ਤਿਉੜੀ, ਕਿਸੇ ਦਾ ਬੁੱਲ੍ਹ ਟੇਰ ਕੇ ਨਘੋਚ ਕੱਢਣ ਦਾ ਆਪਣਾ ਹੀ ਲੁਤਫ਼ ਹੁੰਦਾ ਸੀ। ਕਿਸੇ ਦੇ ਧੱਫਾ ਮਾਰ ਕੇ ਹੁੱਜ ਮਾਰ ਕੇ ਕੀਤਾ ਇਸ਼ਾਰਾ ਵੱਖਰਾ ਹੀ ਸੁਆਦ ਦਿੰਦਾ ਰਿਹਾ। ਅਸੀਂ ਤਾਂ ਕਿਤੇ ਦੂਰ ਦੁਰਾਡੇ ਕਿਸੇ ਦੀ ਮਾਰੀ ਲੇਰ ਜਾਂ ਚੰਘਿਆੜ ਨੂੰ ਆਪਣੀ ਛਾਤੀ ਚੀਰਦੀ ਜਾਣਦੇ ਸਾਂ। ਬਨੇਰੇ ਬੈਠੇ ਕਾਂ ਦਾ ਸੁਨੇਹਾ ਕਿਆਸਦੇ ਸਾਂ। ਹੁਣ ਨੈੱਟ ਦੁਨੀਆਂ ਦੇ ਕਿਸੇ ਕੋਨੇ ਦੀ ਧਰੀ ਟਕੀ ਨਹੀਂ ਰਹਿਣ ਦਿੰਦਾ। ਪਲ ਪਲ ਬਦਲਦੀ ਦੁਨੀਆਂ ਨੇ ਮਨਾਂ ਅੰਦਰ ਅਣਮਾਣੇ ਪਲਾਂ ਦੇ ਢੇਰ ਲਾ ਦਿੱਤੇ ਹਨ।ਅਸੀਂ ਹਾਲੇ ਪਹਿਲੀ ਹੋਣੀ ਨੂੰ ਅੰਦਰ ਜ਼ੀਰਨ ਲਗਦੇ ਹਾਂ, ਸੋਚਾਂ ਦੀ ਕਲਵਲ ਹੀ ਗੌਲਦੇ ਹਾਂ ਕਿ ਅਗਲੀ ਖ਼ਬਰ ਖਲਲ ਪਾ ਧਰਦੀ ਹੈ। ਪਹਿਲੀ ਹੋਈ ਬੀਤੀ ਤੇ ਕਾਟਾ ਵਜਦਾ ਹੈ। ਇਸ ਤਰ੍ਹਾਂ ਦੀ ਤਰਥੱਲੀ ਨੇ ਸਾਡੇ ਸੁਭਾਅ ਤਾਂ ਕੀ ਜਾਨਵਰਾਂ ਜਨੌਰਾਂ ਦੇ ਸੁਭਾਅ ਵੀ ਵੱਖਰਾ ਦਿੱਤੇ ਹਨ। ਪਹਿਲਾਂ ਪਗਡੰਡੀ ਤੇ ਪੈੜਚਾਲ ਸੁਣ ਕੇ ਚਿੜੀਆਂ ਦੀ ਡਾਰ ਤਰੱਭਕ ਕੇ ਉੱਡ ਜਾਂਦੀ ਸੀ। ਹੁਣ ਉਹੀ ਚਿੜੀ ਪੂਰੀ ਵਗਦੀ ਸੜਕ ਤੇ ਡਿੱਗਿਆ ਦਾਣਾ ਵੀ ਝਪਟ ਲੈਂਦੀ ਹੈ।

ਇੱਕ ਹੋਰ ਦਿਲਚਸਪ ਕਹਾਣੀ ਦਾ ਉਲੇਖ ਹੈ। ਟੋਪੀਆਂ ਵੇਚਣ ਵਾਲੇ ਤੇ ਬਾਂਦਰ ਦੀ ਕਹਾਣੀ ਸਭ ਨੇ ਸੁਣੀ ਹੋਵੇਗੀ। ਕਹਿੰਦੇ ਹਨ ਹੁਣ ਜਦ ਟੋਪੀਆਂ ਵਾਲੇ ਨੇ ਆਪਣੀ ਟੋਪੀ ਲਾਹ ਕੇ ਸੁੱਟੀ ਤਾਂ ਬਾਂਦਰ ਨੇ ਮੂੰਹ ਤੇ ਥੱਪੜ ਜੜ ਕੇ ਕਿਹਾ, ਜੇ ਤੇਰਾ ਬਾਬਾ ਤੈਨੂੰ ਸਿਖਾ ਗਿਆ ਹੈ ਕੀ ਮੇਰੇ ਬਾਬੇ ਨੇ ਮੈਨੂੰ ਨਹੀਂ ਸਿਖਾਇਆ ਕਿ ਬੰਦੇ ਦੀ ਨਕਲ ਨਹੀਂ ਕਰਨੀ ? ਇਸ ਰਫ਼ਤਾਰ ਭਰੀ ਤਰਜ਼ੇ ਜ਼ਿੰਦਗੀ ਵਿਚਲੀ ਉਥਲ ਪੁਥਲ ਨੇ ਸਾਡੀ ਮਾਨਸਿਕਤਾ ਵਿਚ ਕਾਹਲ, ਸ਼ੰਕੇ, ਚਿੰਤਾ, ਗੁੱਸਾ, ਈਰਖਾ ਤੇ ਹੰਕਾਰ ਜੇਹੀਆਂ ਅਲਾਮਤਾਂ ਬੀਜ ਧਰੀਆਂ ਹਨ। ਕਈ ਵਾਰ ਮਾਂ ਫੋਨ ਤੇ ਰੁੱਝੇ ਬੱਚਿਆਂ ਨੂੰ ਹਾਕਾਂ ਮਾਰਦੀ ਹੈ ਕਿ ਰੋਟੀ ਤਿਆਰ ਹੈ ਪਰ ਉਹ ਨਹੀਂ ਗੌਲਦੇ, ਫੇਰ ਉਹ ਫੋਨ ਤੇ ਸੁਨੇਹਾ ਭੇਜਦੀ ਹੈ ਤਾਂ ਪਤਾ ਲਗਦਾ ਹੈ। 'ਅੱਖ ਨਾਲ ਗੱਲ ਕਰ ਗਈ' ਤੇ ਕਾਟਾ ਮਾਰ ਕੇ ਜਜ਼ਬੇ ਦੀ ਸ਼ਿੱਦਤ ਅਤੇ ਕਲਪਣਾ ਉਡਾਰੀ ਨੂੰ ਢਾਅ ਲਾਈ ਹੈ। ਇੱਕ ਹੋਰ ਨੁਕਤਾ ਆਜ਼ਾਦੀ ਵਾਲਾ ਹੈ। ਆਦਮੀ ਆਪਣੀ ਮਸਤੀ ਵਿਚ ਬੈਠਾ ਮਿੱਤਰਾਂ ਨਾਲ ਝੂਮ ਰਿਹਾ ਹੁੰਦਾ ਹੈ, ਘਰੋਂ ਦਵਾਦਾ ਉਸ ਬਣੇ ਸੁਆਦ ਨੂੰ ਕਿਰਕਿਰਾ ਕਰਦਾ ਹੈ। ਇਉਂ ਹੀ ਇੱਕ ਗ਼ਮਗੀਨ ਮਾਹੌਲ ਵਿਚ ਪੂਰੀ ਸ਼ਾਂਤੀ ਨਾਲ ਦੁਖ ਸੁਖ ਕਰਦੇ ਕਿਸੇ ਦੇ ਸਸਕਾਰ ਤੇ ਬੈਠੇ ਨੂੰ ਫੋਨ ਤੇ ਗਾਣਾ ਵੱਜਿਆ--ਚੱਕੀਂ ਨਾ ਛਿੱਤਰ ਪੈਣਗੇ,-ਉਹ ਸਾਰਿਆਂ ਦੇ ਮੂੰਹ ਵੱਲ ਵੇਖਦਾ ਕੱਚਾ ਜਿਹਾ ਹੋ ਰਿਹਾ ਸੀ। ਇਉਂ ਸਾਡੀ ਆਜ਼ਾਦੀ ਦਾ ਰੀਮੋਟ ਬਟਨ ਗਿਰਵੀ ਕੀਤਾ ਹੋਇਆ ਹੈ। ਆਪਣੇ ਅੰਦਰ ਉਤਰਨ ਦੀ ਫੁਰਸਤ ਖਾਰਜ ਹੋ ਗਈ ਹੈ। ਅਸੀਂ ਅੱਖ ਵਿਚ ਅੱਖ ਪਾ ਕੇ ਵੇਖਣ ਦੀ ਜੁਰਅੱਤ ਅਤੇ ਜ਼ਰੂਰਤ ਤੋਂ ਵਿਰਵੇ ਹੋ ਰਹੇ ਹਾਂ। ਆਓ ਕਾਂ ਦੇ ਸੁਨੇਹੇ ਅਤੇ ਸਰਪ੍ਰਾਈਜ਼ ਵਿਚਕਾਰ ਕੋਈ ਪੁਲ ਸਿਰਜੀਏ। ਇਹ ਸਭ ਵਸਤਾਂ ਆਪਾਂ ਸਹੂਲਤ ਲਈ ਬਣਾਈਆਂ ਸਨ, ਗ਼ੁਲਾਮੀ ਲਈ ਨਹੀਂ। ਇਨ੍ਹਾਂ ਸਭ ਵਸਤਾਂ ਨੂੰ ਸਹੂਲਤ ਪੂਰਨ ਤੱਕ ਹੀ ਵਰਤੀਏ।

facebook
ਫੇਸਬੁੱਕ ਪਰਿਵਾਰ ਦੀਆਂ ਗੱਲਾਂਬਾਤਾਂ

# ਇਹ ਫਾਟਕ ਕੋਟ ਕਪੂਰੇ ਦਾ !!

ਇਹ ਬੰਦ ਪਿਆ ਦਰਵਾਜ਼ਾ, ਜਿਵੇਂ ਫਾਟਕ ਕੋਟ ਕਪੂਰੇ ਦਾ ਦੀਦਾਰ ਸੰਧੂ ਤੇ ਅਮਰ ਨੂਰੀ ਦਾ ਗਾਇਆ ਇਹ ਉਹ ਗੀਤ ਹੈ ਜੋ ਪਿਛਲੀ ਸਦੀ ਦੇ ਅੱਸੀਵੇਂ ਦਹਾਕੇ ਦਾ ਬਹੁਚਰਚਿਤ ਗੀਤ ਰਿਹਾ ਤੇ ਲੋਕ ਦਿਲਾਂ ਅਤੇ ਚੇਤਿਆ 'ਤੇ ਉਕਰਿਆ ਗਿਆ ਤੇ ਸਦਾ ਬਹਾਰ ਬਣ ਗਿਆ। ਇਹ ਉਕਤ ਗੀਤ ਅੱਜ ਵੀ ਤਰੋ-ਤਾਜ਼ਾ ਹੈ ਤੇ ਹਮੇਸ਼ਾ ਰਹੇਗਾ। ਮਰਹੂਮ ਦੀਦਾਰ ਸੰਧੂ ਤੇ ਅਮਰ ਨੂਰੀ ਨੂੰ ਇਸ ਗੀਤ ਨੇ ਬਹੁਤ ਮਾਣ ਮਸ਼ਹੂਰੀ ਦਿੱਤੀ ਜਿਸ ਤੋਂ ਬਾਅਦ ਇਹ ਦੁਗਾਣਾ ਜੋੜੀ ਲੋਕਾਂ ਚ ਬਹੁਤ ਹਰਮਨ ਪਿਆਰੀ ਹੋਈ।
ਦੀਦਾਰ ਸੰਧੂ ਇਸ ਫਾਨੀ ਸੰਸਾਰ ਤੋਂ ਕਈ ਸਾਲ ਪਹਿਲਾਂ ਵਿਦਾ ਹੋ ਚੁੱਕਾ ਹੈ ਜਦ ਕਿ ਅਮਰ ਨੂਰੀ ਮਰਹੂਮ ਸਰਦੂਲ ਸਿਕੰਦਰ ਦੀ ਅਰਧਾਂਗਣੀ ਬਣਕੇ ਜ਼ਿੰਦਗੀ ਦੀ ਦਰਦ ਚ ਅੱਗੇ ਵੱਧ ਗਈ, ਪਰ ਦੀਦਾਰ ਤੇ ਨੂਰੀ ਦਾ ਇਹ ਗੀਤ ਅੱਜ ਲੋਕ ਯਾਦਾਂ ਤੇ ਚੇਤਿਆ ਚ ਵਸਕੇ ਲੋਕ-ਗੀਤ ਦਾ ਰੁਤਬਾ ਧਾਰ ਚੁੱਕਾ ਹੈ।
ਲਗਭਗ ਅੱਧੇ ਦਹਾਕੇ ਤੋ ਵੱਧ ਸਮੇਂ ਬਾਅਦ ਦੁਬਾਰਾ ਪੰਜਾਬ ਫੇਰੀ ਦਾ ਸੁਭਾਗ ਪ੍ਰਾਪਤ ਹੋਇਆ ਤੇ ਖ਼ੁਸ਼ਕਿਸਮਤੀ ਨਾਲ ਫਰੀਦਕੋਟ ਵੱਲ ਜਾਂਦਿਆਂ ਕੋਟਕਪੂਰਾ ਤੋਂ ਗੁਜ਼ਰਦਿਆਂ ਉਸੇ ਪੁਰਾਣੇ ਫਾਟਕ ਦੇ ਰਿਸ਼ਤੇ ਗੁਜ਼ਰਦਿਆਂ ਇਕ ਵਾਰ ਦੀਦਾਰ ਤੇ ਨੂਰੀ ਦੇ ਉਕਤ ਗੀਤ ਦੀ ਯਾਦ ਤਾਜਾ ਹੋ ਗਈ, ਡਰਾਇਵਰ ਨੂੰ ਤੁਰੰਤ ਕਾਰ ਰੋਕਣ ਦੀ ਬੇਨਤੀ ਕੀਤੀ ਤਾਂ ਕਿ ਫਾਟਕ



ਨੂੰ ਚੰਗੀ ਤਰੀਂ ਨੀਝ ਨਾਲ ਦੇਖ ਸਕਾਂ।
ਬੇਸ਼ੱਕ ਇਸ ਫਾਟਕ ਨੂੰ ਕਿਸੇ ਗ੍ਰਿਸਤ ਵਿਹੂਣੇ ਘਰ ਦੇ ਬੰਦ ਪਏ ਦਰਵਾਜ਼ੇ ਦੇ ਸੰਦਰਭ ਵਿੱਚ ਸ਼ਿੰਬਲ ਵਜੋਂ ਵਰਤਿਆਂ ਗਿਆ ਹੈ ਪਰ ਸੱਚ ਇਹ ਵੀ ਹੈ ਕਿ ਗੀਤਕਾਰ ਦੁਆਰਾ ਇਸ ਦੀ ਕੀਤੀ ਗਈ ਵਰਤੋਂ ਫਾਟਕ ਦੇ ਇਸ਼ਾਰੇ ਚ ਜ਼ਿੰਦਗੀ ਦਾ ਬਹੁਤ ਵੱਡਾ ਕੌੜਾ ਸੱਚ ਬਿਆਨ ਕਰ ਜਾਂਦੀ ਹੈ।
ਇਸ ਫਾਟਕ ਵਾਲੀ ਜਗਾ ਉੱਪਰ ਬੇਸ਼ੱਕ ਅੱਜ ਫਲਾਈਓਵਰ ਬਣ ਚੁੱਕਾ ਹੈ, ਪਰ ਫਲਾਈਓਵਰ ਦੇ ਹੇਠ ਅੱਜ ਵੀ ਇਹ ਫਾਟਕ ਉਸੇ ਤਰਾਂ ਕਾਇਮ ਹੈ, ਭਾਵੇਂ ਕਿ ਫਾਟਕ ਤੋ ਥੋੜਾ ਬਾਹਰਵਲ ਅੱਗੇ ਕਰਕੇ ਹੁਣ ਢਾਂਗਾ ਬੈਰੀਕੇਡ ਵੀ ਲਗਾ ਦਿੱਤੇ ਗਏ ਹਨ।
ਦੱਸਿਆ ਜਾਂਦਾ ਹੈ ਕਿ ਇਹ ਫਾਟਕ ਕੋਟਕਪੂਰਾ ਦੇ ਵੱਡੇ ਜੰਕਸ਼ਨ ਤੇ ਹੋਣ ਕਾਰਨ ਬਹੁਤਾ ਸਮਾਂ ਬੰਦ ਹੀ ਰਹਿੰਦਾ ਸੀ ਜਿਸ ਕਾਰਨ ਆਮ ਲੋਕਾਂ ਨੂੰ ਫਾਟਕ ਦੇ ਆਰ-ਪਾਰ ਜਾਣ ਵਾਸਤੇ ਬਹੁਤ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਸੀ, ਲੰਮੀ ਇੰਤਜ਼ਾਰ ਦੇ ਨਾਲ ਨਾਲ ਭੀੜ ਚ ਗੁਜ਼ਰਨ ਕਾਰਨ ਵਕਤ ਦਾ ਹਰਜਾ ਵੀ ਹੁੰਦਾ ਸੀ। ਇਹ ਵੀ ਸੁਣਿਆ ਜਾਂਦਾ ਹੈ ਜਦੋਂ ਤੋ ਦੀਦਾਰ ਨੇ ਇਸ ਨੂੰ ਆਪਣੇ ਗੀਤ ਦਾ ਹਿੱਸਾ ਬਣਾਇਆ ਉਦੋਂ ਤੋ ਜਿਥੇ ਇਹ ਫਾਟਕ ਬਹੁਤ ਮਸ਼ਹੂਰ ਹੋ ਗਿਆ ਉੱਥੇ ਰੇਲ ਵਿਭਾਗ ਨੇ ਵੀ ਇਸ ਫਾਟਕ ਕਾਰਨ ਲੋਕਾਂ ਨੂੰ ਆ ਰਹੀ ਪਰੇਸ਼ਾਨੀ ਦਾ ਹੱਲ ਲੱਭਣਾ ਸ਼ੁਰੂ ਕੀਤਾ ਜਿਸ ਦੇ ਫਲਸਰੂਪ ਫਾਟਕ ਵਾਲੇ ਜੰਕਸ਼ਨ ਤੋ ਗੁਜ਼ਰਨ ਵਾਲੀਆਂ ਰੇਲਾਂ ਦੇ ਸਮੇਂ ਸਾਰਨੀ ਚ ਵੱਡੀ ਤਬਦੀਲੀ ਕੀਤੀ ਗਈ ਤੇ ਹੁਣ ਲੋਕ ਸਮੱਸਿਆ ਦੇ ਪੱਕੇ ਹੱਲ ਵਾਸਤੇ ਸਮੇਂ ਦੀ ਸਰਕਾਰ ਵੱਲੋਂ ਕੁੱਜ ਕੁ ਸਾਲ ਪਹਿਲਾਂ ਓਵਰਬਰਿਜ ਵੀ ਉਸਾਰ ਦਿੱਤਾ ਗਿਆ ਹੈ।
ਇਸ ਫਾਟਕ ਨੂੰ ਦੇਖ ਕੇ ਅਕਹਿ ਖ਼ੁਸ਼ੀ ਹੋਈ। ਉਸ ਜਗਾ 'ਤੇ ਖੜੇ ਹੋ ਕੇ ਕੁੱਜ ਸਮਾਂ ਫਾਟਕ ਨੂੰ ਨਿਹਾਰਿਆ ਵੀ ਦੀਦਾਰ ਤੇ ਨੂਰੀ ਦਾ ਗਾਇਆ ਉਸ ਸੰਬੰਧੀ ਅਮਰ ਗੀਤ ਵੀ ਗੁਣ ਗੁਣਾਇਆ ਤੇ ਕੈਮਰੇ ਦੀ ਅੱਖ ਨਾਲ ਤਸਵੀਰ ਚ ਕੈਦ ਕਰਕੇ ਆਪਣੇ ਇਸ ਜਗਾ 'ਤੇ ਬਿਤਾਏ ਪਲਾਂ ਨੂੰ ਯਾਦਗਾਰੀ ਵੀ ਬਣਾਇਆਂ ਜੋ ਆਪ ਸਭ ਅਜ਼ੀਜ਼ ਦੋਸਤਾਂ ਨਾਲ ਸਾਂਝੇ ਕਰਨ ਦੀ ਅਸੀਮ ਖ਼ੁਸ਼ੀ ਲੈ ਰਿਹਾ ਹਾਂ।



ਮੁਖਤਿਆਰ ਸਿੰਘ ਪੱਖੋ ਕਲਾਂ
ਮੋਬਾਈਲ ਨੰ 86995 94800

# ਕਿਸਾਨ ਅੰਦੋਲਨ ਦੇ ਪਲ-ਪਲ ਨੂੰ ਕੈਮਰੇ ਵਿੱਚ ਕੈਦ ਕਰਨ ਵਾਲਾ ਜਗਦੇਵ ਸਿੰਘ ਤਪਾ ਮੰਡੀ

ਸਿਆਣੇ ਕਹਿੰਦੇ ਹਨ ਕਿ ਸੌਂਕ ਦਾ ਕੋਈ ਮੁੱਲ ਨਹੀਂ ਹੁੰਦਾ। ਲੋਕਾਈ ਦੀ ਸੇਵਾ ਕਰਨ ਵਾਲੇ ਕਦੇ ਕਿਸੇ ਨੂੰ ਉਡੀਕਦੇ ਨਹੀਂ ਹੁੰਦੇ ਅਤੇ ਨਾ ਹੀ ਪਰਿਵਾਰਿਕ ਹਲਾਤ ਉਨ੍ਹਾਂ ਦਾ ਕਦੇ ਰਾਹ ਰੋਕ ਸਕਦੇ ਹਨ। ਅਜਿਹੇ ਹੀ ਇੱਕ ਸਖ਼ਸ ਦਾ ਨਾਮ ਹੈ ਜਗਦੇਵ ਸਿੰਘ ਤਪਾ ਮੰਡੀ, ਜਿਸ ਨੇ ਖੇਤੀ ਕਨੂੰਨਾਂ ਨੂੰ ਲੈਕੇ ਚੱਲੇ ਸਘੰਰਸ਼ ਵਿੱਚ ਸਾਲ ਭਰ ਰਹਿ ਕੇ ਉੱਥੇ ਹਾਜ਼ਰੀ ਭਰੀ ਅਤੇ ਸਘੰਰਸ ਦੇ ਹਰ ਇੱਕ ਪਲ ਨੂੰ ਕੈਮਰੇ ਵਿੱਚ ਕੈਦ ਕੀਤਾ। ਉਸ ਦੀ ਖਿਚੀਆਂ ਅਨੇਕਾਂ ਫੋਟੋਆਂ ਇੰਟਰਨੈਸ਼ਨਲ ਮੀਡੀਆ ਵਿੱਚ ਅਤੇ ਸ਼ੋਸ਼ਲ ਮੀਡੀਆ ਉੱਪਰ ਵਿਸ਼ਵ ਪ੍ਰਸਿੱਧ ਹਸਤੀਆਂ ਅਤੇ ਕਲਾਕਾਰਾਂ ਨੇ ਸ਼ੇਅਰ ਕੀਤੀਆਂ।

ਜਗਦੇਵ ਸਿੰਘ ਦਾ ਕਹਿਣਾ ਹੈ ਕਿ ਫੋਟੋਗਰਾਫੀ ਦਾ ਸ਼ੌਂਕ ਅਤੇ ਕਿਸਾਨ ਅੰਦੋਲਨ ਦੀ ਖਿੱਚ ਉਸ ਨੂੰ ਦਸੰਬਰ 20 ਵਿੱਚ ਦਿੱਲੀ ਲੈ ਗਈ ਅਤੇ ਉਸ ਨੇ ਸਾਲ ਭਰ ਰਹੇ ਕੇ ਭਾਵਪੂਰਤ ਅਤੇ ਕੁਦਰਤੀ ਦ੍ਰਿਸ਼ਾਂ ਨੂੰ ਆਪਣੇ ਕੈਮਰੇ ਵਿੱਚ ਕੈਦ ਕੀਤਾ। ਉਸ ਨੇ ਸ਼ੁਰੂ ਵਿੱਚ ਅਪਣੇ ਦੋਸਤ ਵਿਸ਼ਵਜੀਤ ਸ਼ਰਮਾ ਦੇ ਮੰਗਵੇਂ ਕੈਮਰੇ ਨਾਲ ਕੰਮ ਸ਼ੁਰੂ ਕੀਤਾ ਅਤੇ ਬਾਅਦ ਵਿੱਚ ਆਪਣਾ ਕੈਮਰਾ ਖ਼ਰੀਦ ਲਿਆ। ਜਗਦੇਵ ਦੱਸਦਾ ਹੈ ਕਿ ਉਸ ਨੇ ਸਿੰਘੂ ਬਾਰਡਰ, ਟਿੱਕਰੀ ਬਰਾਡਰ, ਗਾਜ਼ੀਪੁਰ ਬਾਰਡਰ, ਕੇ.ਐਮ.ਪੀ. ਰੋਡ ਸਮੇਤ ਹਰ ਥਾਂ ਦੀ ਤੁਰ ਫਿਰ ਕੇ ਫੋਟੋਗ੍ਰਾਫੀ ਕੀਤੀ। ਅਪ੍ਰੈਲ 21 ਵਿੱਚ ਉਸ ਨੇ ਇੱਕ ਸਾਈਕਲ ਖਰੀਦ ਲਿਆ, ਜਿਸ ਨਾਲ ਉਸ ਦੀ ਕੰਮ ਕੁੱਝ ਸੁਖਾਲਾ ਹੋ ਗਿਆ। ਉਸ ਤੋਂ ਬਾਅਦ ਉਹ ਸਾਈਕਲ 'ਤੇ ਫਿਰ ਕੇ ਫੋਟੋਗਰਾਫੀ


ਜਗਦੇਵ ਸਿੰਘ

ਕਰਦਾ ਰਿਹਾ। ਉਹ ਰੋਜ਼ਾਨਾ 15 ਤੋਂ 20 ਕਿਲੋਮੀਟਰ ਸਫ਼ਰ ਕਰਦਾ ਸੀ ਅਤੇ ਹੁਣ ਤੱਕ 50 ਹਜ਼ਾਰ ਫੋਟੋਆਂ ਸਘੰਰਸ਼ ਦੀਆਂ ਖਿੱਚ ਚੁੱਕਾ ਹੈ। ਉਹ ਦੱਸਦਾ ਹੈ ਕਿ ਉਸ ਨੇ ਪਹਿਲਾਂ ਅਪਣੀਆਂ ਫੋਟੋਆਂ ਫੇਸਬੁੱਕ ਪੇਜ 'ਤੇ ਸ਼ੇਅਰ ਕੀਤੀਆਂ ਸਨ ਪਰ ਬਾਅਦ ਵਿੱਚ ਉਸ ਨੂੰ ਮਿਲਣ ਆਏ ਇੱਕ ਯੂਨੀਵਰਸਿਟੀ ਦੇ ਵਿਦਿਆਰਥੀਆਂ ਦੀ ਪ੍ਰੇਰਨਾ ਸਦਕਾ ਉਸ ਨੇ ਤਸਵੀਰਾਂ ਇੰਸਟਾਗਰਾਮ 'ਤੇ ਵੀ ਸ਼ੇਅਰ ਕਰਨੀਆਂ ਸ਼ੁਰੂ ਕਰ ਦਿੱਤੀਆਂ, ਜਿੱਥੇ ਉਸ ਨੂੰ ਭਰਵਾਂ ਹੁੰਗਾਰਾ ਮਿਲਿਆ।

ਪੰਜਾਬੀ ਲੇਖਿਕਾ ਨਿਰਮਲ ਕੌਰ ਕੋਟਲਾ ਨੇ ਉਸ ਦੀਆਂ ਤਸਵੀਰਾਂ ਨੂੰ ਲੈਕੇ ਇੱਕ ਕਿਤਾਬ 'ਤਸਵੀਰ ਅਤੇ ਤਵਾਰੀਖ਼' ਵੀ ਪ੍ਰਕਾਸ਼ਿਤ ਕੀਤੀ ਹੈ, ਜਿਸ ਵਿੱਚ ਉਸ ਦੀਆਂ 50 ਦੇ ਕਰੀਬ ਤਸਵੀਰਾਂ ਛਾਪੀਆਂ ਗਈਆਂ ਹਨ। ਅੱਜ ਕੱਲ ਜਗਦੇਵ ਸਿੰਘ ਕਿਸਾਨੀ ਅੰਦੋਲਨ ਦੇ ਸ਼ਹੀਦ ਪਰਿਵਾਰਾਂ ਨੂੰ ਮਿਲ ਕੇ ਉਨ੍ਹਾਂ ਦੇ ਪਰਿਵਾਰਾਂ ਬਾਰੇ ਮੈਟਰ ਇਕੱਠਾ ਕਰ ਰਿਹਾ ਹੈ। ਉਸ ਦੀ ਦਿਲੀ ਤਮੰਨਾ ਹੈ ਕਿ ਉਹ ਅਪਣੀਆਂ ਚੁਣੀਦੀਆਂ ਫੋਟੋਆਂ ਨੂੰ ਲੈਕੇ ਇੱਕ ਪ੍ਰਦਰਸ਼ਨੀ ਵੀ ਲਗਾਏ, ਇਸ ਸੰਬਧੀ ਉਸ ਨੂੰ ਕਲਾਂ ਕੇਂਦਰ ਚੰਡੀਗੜ੍ਹ ਅਤੇ ਸ੍ਰੋਮਣੀ ਕਮੇਟੀ ਸ੍ਰੀ ਅਮ੍ਰਿਤਸਰ ਸਾਹਿਬ ਤੋਂ ਹੁੰਗਾਰਾ ਵੀ ਮਿਲਿਆ ਹੈ। ਜਗਦੇਵ ਸਿੰਘ ਦਾ ਕਹਿਣਾ ਹੈ ਕਿ ਬੇਸ਼ੱਕ ਉਹ ਆਰਥਿਕ ਤੌਰ 'ਤੇ ਐਨਾ ਸਮਰੱਥ ਨਹੀਂ ਸੀ ਕਿ ਉਹ ਆਪਣਾ ਘਰ ਬਾਰ ਛੱਡ ਕੇ ਸਾਲ ਭਰ ਦਿੱਲੀ ਬੈਠਾ ਰਹਿੰਦਾ ਪਰ ਇਹ ਸੇਵਾ ਉਸ ਤੋਂ ਵਾਹਿਗੁਰੂ ਨੇ ਆਪ ਲਈ ਹੈ ਅਤੇ ਉਸ ਦੇ ਪਰਿਵਾਰ ਵਲੋਂ ਉਸ ਨੂੰ ਪੂਰਾ ਸਹਿਯੋਗ ਦਿੱਤਾ ਗਿਆ। ਜਗਦੇਵ ਸਿੰਘ ਦੀ ਇੱਕ ਬੇਟੀ ਹੈ ਜੋ ਵਿਆਹ ਕੇ ਆਪਣੇ ਸਹੁਰੇ ਘਰ ਰਹਿ ਰਹੀ ਹੈ, ਉਸ ਦੀ ਇੱਕ ਬੇਟਾ ਹੈ ਅਤੇ ਪਤਨੀ ਪਰਮਜੀਤ ਕੌਰ ਦਾ ਇਸ ਕਾਰਜ ਲਈ ਵਿਸ਼ੇਸ਼ ਸਹਿਯੋਗ ਰਿਹਾ ਹੈ। ਤੇਰਾਂ ਮਹੀਨੇ ਚੱਲਿਆ ਕਿਸਾਨ ਅੰਦੋਲਨ ਕਨੂੰਨ ਵਾਪਿਸ ਲਏ ਜਾਣ ਤੋਂ ਬਾਅਦ ਇੱਕ ਵਾਰ ਨਿੱਬੜ ਗਿਆ ਹੈ ਪਰ ਜਗਦੇਵ ਸਿੰਘ




ਵਰਗਿਆਂ ਦੀਆਂ ਖਿੱਚੀਆਂ ਫੋਟੋਆਂ ਨਾਲ ਸਾਡੀਆਂ ਆਉਣ ਵਾਲੀਆਂ ਪੀੜ੍ਹਆਂ ਨੂੰ ਇਸ ਗੌਰਵਮਈ ਅਤੇ ਇਤਿਹਾਸਿਕ ਅੰਦੋਲਨ ਬਾਰੇ ਵਡਮੁੱਲੀ ਜਾਣਕਾਰੀ ਮਿਲਦੀ ਰਹੇਗੀ।

Calgary

# ਕੈਲਗਰੀ ਦੇ ਅਗਲੇ ਚਾਰ ਸਾਲਾਂ ਨੂੰ ਆਕਾਰ ਦੇਣ ਵਿੱਚ ਮਦਦ ਕਰੋ

## 28 ਫਰਵਰੀ ਤੱਕ ਆਪਣੀ ਇਨਪੁੱਟ ਪ੍ਰਦਾਨ ਕਰੋ

ਸਿਟੀ ਆਫ਼ ਕੈਲਗਰੀ ਸਾਡੇ ਭਾਈਚਾਰੇ ਵਿੱਚ ਤੁਹਾਡੇ ਲਈ ਮਹੱਤਵ ਵਾਲੀਆਂ ਸੇਵਾਵਾਂ ਪ੍ਰਦਾਨ ਕਰਨ ਲਈ 2023-2026 ਲਈ ਯੋਜਨਾਵਾਂ ਅਤੇ ਬਜਟਾਂ 'ਤੇ ਕੰਮ ਕਰ ਰਹੀ ਹੈ। ਸਾਨੂੰ ਦੱਸੋ ਕਿ ਤੁਹਾਡੇ ਲਈ ਕੀ ਮਹੱਤਵਪੂਰਨ ਹੈ ਤਾਂ ਜੋ ਅਸੀਂ ਸਭ ਤੋਂ ਮਹੱਤਵਪੂਰਨ ਸੇਵਾਵਾਂ ਵਿੱਚ ਨਿਵੇਸ਼ ਕਰ ਸਕੀਏ।

engage.calgary.ca/yourservices



A1 DUCT & FURNACE CLEANING LTD.
We do Cleaning & Repair
ਹੀਟ ਸਿਸਟਮ (ਫਰਨਿਸ) ਦੀ ਸਾਫ ਸਫਾਈ ਹਰ ਸਾਲ ਜਰੂਰੀ ਐ !
ਜੇਕਰ ਫਰਨਿਸ ਸਿਸਟਮ ਵਿੱਚ ਕੋਈ ਨੁਕਸ ਹੈ ਤਾਂ ਇਹਨਾਂ ਦੀ ਮਾਹਿਰ ਟੀਮ ਮੁਰੰਮਤ ਵੀ ਕਰ ਦੇਵੇਗੀ
ਪਰ ਇਹ ਸਾਫ ਸਫਾਈ ਕਿਹੜਾ ਤੁਸੀਂ ਆਪੇ ਈ ਕਰ ਲੈਣੀ ਐ, ਇਹਦੇ ਲਈ ਮਾਹਿਰ ਅਤੇ ਤਜ਼ਰਬੇਕਾਰ ਹੱਥਾਂ ਦੀ ਜਰੂਰਤ ਹੁੰਦੀ ਹੈ।
ਕਾਲ : 403 613 0642 ਜਾਂ 403 966 8514
Email: a1ductandfurnacecleaning@gmail.com

Delta-A Stucco Ltd.
All Types of Stucco Work
Specialist in : Acrylic and Texture Acrylic
Quality Workmanship
Ajmer Garcha
Free Estimate
81 Taralea Manor NE Calgary AB T3J 5C4
Ph : 403-615-0583, Fax : 403-351-8157
Email : deltaastuccoltd.@hotmail.com

ਡਰਾਇਵਰਾਂ ਦੀ ਲੋੜ ਹੈ
RIG Group of Companies Inc.
GOLIATH TRACTOR SERVICE LTD. CALGARY, ALBERTA
We're Pulling For You!
Goliath Tractor Service Ltd.
Rig Logistics is now Hiring long haul drivers for Canada & USA and LCV with minimum 2 year Hwy driving experience.
O: 403 285 1111ext# 100 | Fax: 403 567 0462 | Call : 403-862-1631
hr@riglogistics.com
# 4, 10 Wrangler Place SE
Calgary (AB)

Sunder Building Supplies Ltd.
We believe in quality
• CRC Roofing Supplies
• Drywall, Insulation
• Sound Control Products
• Stucco, T-Bar Ceiling
• Manufactdured Stone
• Steel Studs &
• Accessories
Stucco | Paper | Flashing | Wiring
Free Estimate BEST Rates
Nirvair Singh Johal 403-690-8700
Bhajan Singh Johal 403-561-0227
4612, 6 STREET NE CALGARY, AB

For All your Exterior Needs
B.B.S. Exterior
Roofing/ Siding / Stucco / Soffits & Fascia / Hardie Shakes / SmartBoard / Eaves & Downspouts / Windows etc.
403.714.0455
bbsexterior@gmail.com

Sukhi Da Dhaba
Restaurant & Sweet Shop
5058-68 St NE Calgary (AB) 403 452 5513
ਸੁੱਖੀ ਦਾ ਢਾਬਾ
(68 ਸਟਰੀਟ ਅਤੇ ਮੈਕਨਾਈਟ ਬੁਲੇਵਾਰਡ ਦੇ ਕਾਰਨਰ ਵਿੱਚ)
ਵੱਖੋ ਵੱਖ ਤਰਾਂ ਦੇ ਸੁਆਦਲੇ ਖਾਣੇ,
ਬੈਠਕੇ ਖਾਓ ਜਾਂ ਪੈਕ ਕਰਵਾਕੇ ਘਰ ਲੈ ਜਾਓ
1000 ਬੰਦੇ ਤੱਕ ਦੀ ਕੇਟਰਿੰਗ
ਬਹੁ-ਭਾਤੀ ਮਿਠਾਈ
ਵਿਆਹ ਦੀ ਭਾਜੀ


Mega
Sanjha Punjab
GROCERY STORE
ਤਾਜ਼ੀਆਂ ਸਬਜ਼ੀਆਂ, ਫਲ਼ ਫਰੂਟ, ਆਟਾ ਦਾਲਾਂ,
ਰਸੋਈ ਦਾ ਸਮਾਨ ਦੇਗਾਂ, ਪਤੀਲੇ, ਕੜਛੀਆਂ,
ਪਰੈਸ਼ਰ ਕੂਕਰ, ਮੰਜੇ, ਆਦਿ ਪੰਜਾਬ
ਦੀ ਘਾਟ ਮਹਿਸੂਸ ਹੀ
ਨਹੀਂ ਹੋਣ ਦਿੰਦੇ ।
ਕਰੋਨਾ ਕਾਰਣ ਤੁਹਾਡੀ ਸੋਸ਼ਲ
ਡਿਸਟੈਂਸ ਦੇ ਪੁਖਤਾ ਪਰਬੰਧ ਹਨ।
Mega
Sanjha Punjab
ਸਾਂਝਾ ਪੰਜਾਬ ਗਰੌਸਰੀ ਸਟੋਰ
ਦੀ ਤੀਜੀ ਲੋਕੇਸ਼ਨ ਹੁਣ
ਕੋ-ਔਪ ਸਟੋਰ ਵਾਲੀ ਬਿਲਡਿੰਗ
ਵਿੱਚ ਖੁੱਲ ਗਈ ਹੈ
403-266-5200
THREE LOCATIONS TO SERVE YOU
3690 Westwinds Dr NE, Calgary, AB T3J 5H3
7171 80 Ave NE #117, Calgary, AB T3J 0P6
570-6520 Falconridge BLVD NE Calgary


SOUTH POINTE
TOYOTA
2021 COROLLA
ONLY $58 A WEEK!
$0 DOWN! LE
2020 RAV4
ONLY $92 A WEEK!
$0 DOWN! LE AWD
FREE
WINTER TIRES
WITH PURCHASE
0%
FINANCING AVAILABLE
FREE
REMOTE STARTER
WITH PURCHASE
RISHI MUKHERJEE
NEW CAR SALES MANAGER
ZAK BHANJI
NEW CAR SALES MANAGER
PREZ TIWANA
NEW CAR PRODUCT ADVISOR
MINAZ RATANSHI
NEW CAR PRODUCT ADVISOR
AFSHEEN HARJEE
NEW CAR PRODUCT ADVISOR
MUHAMMAD YOUSAF
NEW CAR PRODUCT ADVISOR
IT'S TIME TO TOYOTA
11150 35 ST SE
CALGARY, AB
CALL US!
403-567-8888
WWW.SOUTHPOINTETOYOTA.COM
CALGARYS #1 VOLUME TOYOTA DEALERSHIP

# ਵਿਦੇਸ਼ ਭੇਜਣ ਵਾਲੇ ਜੁਗਾੜੀ ਲੋਕਾਂ ਦੀ ਕਹਾਣੀ 'ਝੱਲੇ ਪੈ ਗਏ ਪੱਲੇ'



ਸੁਰਜੀਤ ਜੱਸਲ
9814607737



ਗੁਰਮੀਤ ਸਾਜਨ ਪੰਜਾਬੀ ਸਿਨਮੇ ਦਾ ਇੱਕ ਨਾਮਵਰ ਅਦਾਕਾਰ ਹੈ ਜਿਸਨੇ ਦਰਜਨਾਂ ਪੰਜਾਬੀ ਫ਼ਿਲਮਾਂ ਤੇ ਅਣ-ਗਿਣਤ ਛੋਟੀਆਂ ਫ਼ਿਲਮਾਂ ਤੇ ਨਾਟਕਾਂ ਵਿੱਚ ਆਪਣੀ ਅਦਾਕਾਰੀ ਦੇ ਰੰਗ ਵਿਖਾਏ ਹਨ। ਉਹ ਅਦਾਕਾਰੀ ਦੇ ਨਾਲ ਨਾਲ ਇੱਕ ਵਧੀਆ ਲੇਖਕ ਤੇ ਨਿਰਦੇਸ਼ਕ ਵੀ ਹੈ। ਟੈਲੀ ਫ਼ਿਲਮਾਂ ਦੇ ਦੌਰ ਵਿੱਚ ਉਹ ਆਪਣੇ ਸਹਿਯੋਗੀ ਮਨਜੀਤ ਟੋਨੀ ਨਾਲ ਸਰਗਰਮ ਰਿਹਾ। ਇਸੇ ਜੋੜੀ ਨੇ ਜਦ ਪੰਜਾਬੀ ਫ਼ਿਲਮਾਂ ਦੇ ਨਿਰਮਾਣ ਵੱਲ ਕਦਮ ਵਧਾਇਆ ਤਾਂ ਨਵੀਆਂ ਪੈੜ੍ਹਾਂ ਪਾਉਂਦੇ ਅੱਗੇ ਵਧਣ ਲੱਗੇ।

ਪੰਜਾਬੀ ਸਿਨਮੇ ਨੂੰ 'ਕੁੜਮਾਈਆ' ਅਤੇ 'ਤੂੰ ਮੇਰਾ ਕੀ ਲੱਗਦਾ' ਫ਼ਿਲਮਾਂ ਦੇਣ ਵਾਲੀ ਇਹ ਜੋੜੀ ਮਨਜੀਤ ਟੋਨੀ ਤੇ ਗੁਰਮੀਤ ਸਾਜਨ ਇੰਨ੍ਹੀ ਦਿਨੀਂ ਆਪਣੀ ਨਵੀਂ ਪੰਜਾਬੀ ਫ਼ਿਲਮ 'ਝੱਲੇ ਪੈ ਗਏ ਪੱਲੇ' ਲੈ ਕੇ ਆ ਰਹੇ ਹਨ। ਫਰਵਰੀ ਨੂੰ ਰਿਲੀਜ਼ ਹੋ ਰਹੀ ਇਸ ਫ਼ਿਲਮ ਵਿੱਚ ਗੁਰਮੀਤ ਸਾਜਨ, ਗੁਰਚੇਤ ਚਿੱਤਰਕਾਰ, ਮੰਨਤ, ਦਿਲਾਵਰ ਸਿੱਧੂ, ਪ੍ਰਕਾਸ਼ ਗਾਧੂ, ਜਤਿੰਦਰ ਕੌਰ, ਗੁਰਪ੍ਰੀਤ ਤੋਤੀ, ਪਰਮਿੰਦਰ ਕੌਰ ਗਿੱਲ, ਭੋਲਾ ਲਾਇਲਪੁਰੀਆ, ਮੇਘਾ ਸ਼ਰਮਾ, ਸਤਿੰਦਰ ਕੌਰ, ਪਰਮਜੀਤ ਭਕਨਾ, ਮੰਜੂ ਮਾਹਲ, ਕੁਲਦੀਪ ਨਿਆਮੀਆਂ, ਚਮਕੌਰ ਬੰਦੇਮਾਰ, ਨੀਟਾ ਤੰਬੜਭਾਨ, ਜੱਸੀ ਦਿਉਲ, ਅਮਰਜੀਤ ਸੇਖੋਂ, ਲਛਮਨ ਭਾਨਾ ਆਦਿ ਕਲਾਕਾਰਾਂ ਨੇ ਅਹਿਮ ਕਿਰਦਾਰ ਨਿਭਾਏ ਹਨ। ਮਨਜੀਤ ਟੋਨੀ ਨੇ ਦੱਸਿਆ ਕਿ ਇਹ ਫ਼ਿਲਮ ਐਨ ਆਈ ਆਰ ਕੁੜੀਆਂ ਦੇ ਵਿਆਹ ਚੱਕਰ ਵਿੱਚ ਪੈ ਕੇ ਵਿਦੇਸ਼ ਜਾਣ ਦੀਆਂ ਸਕੀਮਾਂ ਲਾਉਣ ਵਾਲੇ ਲੋਕਾਂ ਦਾ ਕੌੜਾ ਸੱਚ ਪੇਸ਼ ਕਰਦੀ ਕਾਮੇਡੀ ਤੇ ਮਨੋਰੰਜਨ ਭਰਪੂਰ ਕਹਾਣੀ ਹੈ ਜੋ ਉਸਦੀਆਂ ਪਹਿਲੀਆਂ ਫ਼ਿਲਮਾਂ ਵਾਂਗ ਸਮਾਜਿਕ ਮੁੱਦਿਆਂ ਅਧਾਰਤ ਕਾਮੇਡੀ ਤੇ ਮਨੋਰੰਜਨ ਭਰਪੂਰ ਪਰਿਵਾਰਕ ਫਿਲਮ ਹੋਵੇਗੀ। ਗੋਇਲ ਮਿਊਜਿਕ ਵਲੋਂ ਫਰਵਰੀ ਨੂੰ ਰਿਲੀਜ਼ ਕੀਤੀ ਜਾ ਰਹੀ ਇਸ ਫਿਲਮ ਦੀ ਕਹਾਣੀ, ਸਕਰੀਨ ਪਲੇਅ ਤੇ ਡਾਇਲਾਗ ਗੁਰਮੀਤ ਸਾਜਨ ਤੇ ਮਨਜੀਤ ਟੋਨੀ ਨੇ ਲਿਖੇ ਹਨ। ਫ਼ਿਲਮ ਦੇ ਗੀਤ ਕਰਮਜੀਤ ਅਨਮੋਲ ਤੇ ਗੋਲਡ ਟੋਨੀ ਨੇ ਗਾਏ ਹਨ।

# ਲਵ ਗਿੱਲ ਖਾਵੇਗੀ ਪਿਆਰ ਦੇ 'ਸ਼ੱਕਰਪਾਰੇ'



ਨਵਾਂ ਸਾਲ ਪੰਜਾਬੀ ਸਿਨਮੇ ਲਈ ਬਹੁਤ ਕੁਝ ਨਵਾਂ ਅਤੇ ਦਿਲਚਸਪ ਲੈ ਕੇ ਆ ਰਿਹਾ ਹੈ। ਇਸ ਗੱਲ ਦਾ ਅੰਦਾਜ਼ਾ ਫ਼ਿਲਮ 'ਸ਼ੱਕਰਪਾਰੇ' ਤੋਂ ਲਾਇਆ ਜਾ ਸਕਦਾ ਹੈ। ਆਪਾਂ ਜਾਣਦੇ ਹੀ ਹਾਂ ਕਿ 'ਸ਼ੱਕਰਪਾਰੇ' ਪੰਜਾਬ ਦੀ ਰਵਾਇਤੀ ਮਿਠਾਈ ਦਾ ਨਾਂ ਹੈ, ਜਿਸਦੀ ਮਹਿਕ ਅਤੇ ਮਿਠਾਸ ਬਿਨਾਂ ਕੋਈ ਵੀ ਵਿਆਹ ਅਧੂਰਾ ਹੁੰਦਾ ਹੈ। ਪੰਜਾਬੀ ਸਿਨਮੇ ਵਿੱਚ 'ਸ਼ੱਕਰ ਪਾਰੇ' ਦੀ ਸਮੂਲੀਅਤ ਦਰਸ਼ਕਾਂ ਨੂੰ ਇੱਕ ਨਵੇਂ ਮਨੋਰੰਜਨ ਭਰੇ ਸੁਆਦ ਨਾਲ ਜੋੜੇਗੀ।

ਲਵ ਗਿੱਲ ਪੰਜਾਬੀ ਸਿਨਮੇ ਦੀ ਸਰਗਰਮ ਅਦਾਕਾਰਾ ਹੈ ਜਿਸਨੇ ਛੋਟੇ ਪਰਦੇ ਤੋਂ ਵੱਡੇ ਪਰਦੇ ਵੱਲ ਕਦਮ ਵਧਾਇਆ ਹੈ। ਪਿਛਲੇ ਸਾਲ ਉਸਦੀ ਫਿਲਮ 'ਕੁੜੀਆਂ ਜਵਾਨ ਬਾਪੂ ਪ੍ਰੇਸ਼ਾਨ' ਰਿਲੀਜ਼ ਹੋਈ ਸੀ ਜਿਸ ਵਿੱਚ ਉਸਦੀ ਅਦਾਕਾਰੀ ਪਸੰਦ ਕੀਤੀ ਗਈ । ਇਸ ਨਵੇਂ ਸਾਲ ਵਿੱਚ ਲਵ ਗਿੱਲ ਇੱਕ ਹੋਰ ਨਵੀਂ ਫਿਲਮ 'ਸ਼ੱਕਰਪਾਰੇ' ਵਿੱਚ ਨੌਜਵਾਨ ਅਦਾਕਾਰ ਇਕਲਵਿਆ ਪਦਮ ਨਾਲ ਬਤੌਰ ਨਾਇਕਾ ਨਜ਼ਰ ਆਵੇਗੀ ਗੋਲਡਨ ਕੀ ਐਂਟਰਟੈਨਮੈਂਟ ਦੀ ਪੇਸ਼ਕਸ਼ ਇਸ ਫਿਲਮ ਦੇ ਨਿਰਮਾਤਾ ਵਿਸ਼ਨੂ ਕੇ ਪੋਡਰ ਅਤੇ ਪੁਨੀਤ ਚਾਵਲਾ ਹਨ । ਨਿਰਦੇਸ਼ਕ ਵਰੁਣ ਐਸ ਖੰਨਾ ਦਾ ਕਹਿਣਾ ਹੈ ਕਿ ਇਸ ਨਿਵੇਕਲੀ ਫ਼ਿਲਮ ਦੀ ਕਹਾਣੀ ਮੌਜੂਦਾ ਸਿਨਮੇ ਤੋਂ ਬਹੁਤ ਹੱਟਵੀਂ ਅਤੇ ਦਿਲਚਸਪ ਹੋਵੇਗੀ। ਪਿਆਰ-ਮੁਹੱਬਤ ਅਤੇ ਕਾਮੇਡੀ ਨਾਲ ਭਰਪੂਰ ਫ਼ਿਲਮ 'ਸ਼ੱਕਰਪਾਰੇ' ਵਿੱਚ ਇਕਲਵਿਆ ਪਦਮ ਤੇ ਲਵ ਗਿੱਲ ਦੀ ਖੂਬਸੂਰਤ ਜੋੜੀ ਨੇ ਮੁੱਖ ਭੂਮਿਕਾ ਨਿਭਾਈ ਹੈ ਜਦਕਿ ਸਰਦਾਰ ਸੋਹੀ, ਸਵਿੰਦਰ ਮਾਹਲ, ਨਿਰਮਲ ਰਿਸ਼ੀ, ਸੀਮਾ ਕੌਸ਼ਲ, ਹਨੀ ਮੱਟੂ, ਦਿਲਾਵਰ ਸਿੱਧੂ, ਰਮਨਦੀਪ ਜੱਗਾ, ਅਰਸ਼ ਹੁੰਦਲ, ਗੋਨੀ ਸੱਗੂ ਅਤੇ ਮੋਨਿਕਾ ਆਦਿ ਅਹਿਮ ਕਿਰਦਾਰਾਂ ਵਿੱਚ ਨਜ਼ਰ ਆਉਣਗੇ। ਇਸ ਫ਼ਿਲਮ ਦੇ ਪੋਸਟਰ 'ਚ ਵਿਖਾਏ ਇੱਕ ਪਿਆਰੇ ਜਿਹੇ ਕਤੂਰੇ ਦਾ ਵੀ ਅਹਿਮ ਕਿਰਦਾਰ ਲੱਗਦਾ ਹੈ। ਵੇਖਦੇ ਹਾਂ ਕਿ ਇਹ ਕਤੂਰਾ ਫਿਲਮ ਵਿਚਲੇ ਦੋ ਪ੍ਰੇਮੀਆਂ ਨੂੰ ਮਿਲਾਉਂਦਾ ਹੈ ਜਾਂ ਫਿਰ ਪਿਆਰ ਵਿੱਚ ਰੋੜਾ ਬਣਦਾ ਹੈ। ਫ਼ਿਲਮ ਦੀ ਹੀਰੋਇਨ ਦੀ ਗੱਲ ਕਰੀਏ ਤਾ ਅਦਾਕਾਰਾ ਲਵ ਗਿੱਲ ਇੱਕ ਜਾਣੀ ਪਛਾਣੀ ਅਦਾਕਾਰਾ ਹੈ। ਜਿਸਨੇ ਇਸ ਤੋਂ ਪਹਿਲਾਂ ਛੋਟੇ ਪਰਦੇ ਦੇ ਅਨੇਕਾਂ ਲੜੀਵਾਰਾਂ ਤੋਂ ਇਲਾਵਾ ਪੰਜਾਬੀ ਫ਼ਿਲਮ 'ਕੁੜੀਆਂ ਜਵਾਨ ਬਾਪੂ ਪ੍ਰੇਸ਼ਾਨ' ਵਿੱਚ ਵੀ ਮੁੱਖ ਭੂਮਿਕਾ ਨਿਭਾਈ ਹੈ। ਫ਼ਿਲਮ ਦਾ ਹੀਰੋ ਇਕਲਵਿਆ ਪਦਮ ਵੀ ਕਮਾਲ ਦਾ ਅਦਾਕਾਰ ਹੈ। ਉਸਨੇ ਇਸ ਫਿਲਮ ਰਾਹੀਂ ਵੱਡੇ ਪਰਦੇ ਵੱਲ ਕਦਮ ਵਧਾਇਆ ਹੈ ਉਮੀਦ ਹੈ ਕਿ ਦੋਵਾਂ ਦੀ ਜੋੜੀ ਪੰਜਾਬੀ ਦਰਸ਼ਕਾਂ ਨੂੰ ਜਰੂਰ ਪਸੰਦ ਆਵੇਗੀ। ਫ਼ਿਲਮ ਦੀ ਕਹਾਣੀ ਵਿਵੇਕ ਮਿਸ਼ਰਾ ਨੇ ਲਿਖੀ ਹੈ। ਡਾਇਲਾਗ ਜੱਸੀ ਢਿੱਲੋਂ ਅਤੇ ਸਰਬਜੀਤ ਸੰਧੂ ਨੇ ਲਿਖੇ ਹਨ। ਇਸ ਫ਼ਿਲਮ ਦੀ ਸੂਟਿੰਗ ਚੰਡੀਗੜ੍ਹ, ਮੋਹਾਲੀ ਅਤੇ ਮਨਾਲੀ ਦੀਆਂ ਸ਼ਾਨਦਾਰ ਲੁਕੇਸ਼ਨਾਂ 'ਤੇ ਕੀਤੀ ਗਈ ਹੈ ਤੇ ਬਹੁਤ ਜਲਦ ਇਹ ਫ਼ਿਲਮ ਪੰਜਾਬੀ ਸਿਨੇਮਿਆਂ ਦਾ ਸ਼ਿੰਗਾਰ ਬਣਨ ਜਾ ਰਹੀ ਹੈ। ਪਿਆਰ ਮੁਹੱਬਤ ਦੇ ਰੰਗਾਂ ਵਿੱਚ ਰੰਗੀ ਇਹ ਫਿਲਮ ਪੰਜਾਬੀ ਦਰਸ਼ਕਾਂ ਨੂੰ ਨਵੇਂ ਮਨੋਰੰਜਨ ਨਾਲ ਨਿਹਾਲ ਕਰੇਗੀ।

-ਸੁਰਜੀਤ ਜੱਸਲ

## ਕੈਲਗਰੀ ਤੋਂ ਐਡਮੰਟਨ ਤੱਕ ਰੇਲ ਗੱਡੀ ਚਲਾਏ ਜਾਣ ਦੀ ਤਜਵੀਜ਼ ਸਾਹਮਣੇ ਆਈ ਹੈ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਐਲਬਰਟਾ ਰਿਜਨਲ ਰੇਲ ਇੰਕ ਨੇ ਤਜਵੀਜ਼ ਪੇਸ਼ ਕਰਦਿਆਂ ਕਿਹਾ ਹੈ ਕਿ ਐਡਮੰਟਨ ਤੋਂ ਕੈਲਗਰੀ ਤੱਕ ਯਾਤਰੀ ਰੇਲ ਗੱਡੀ ਚਲਾਏ ਜਾਣ ਅਤੇ ਮਗਰੋਂ ਇਸ ਦਾ ਸੂਬੇ ਦੇ ਦੱਖਣੀ ਸ਼ਹਿਰਾਂ ਨਾਲ ਸੰਪਰਕ ਜੋੜਣ ਲਈ ਕੰਮ ਕੀਤਾ ਜਾ ਸਕਦਾ ਹੈ। ਗਲੋਬਲ ਸੋਰਸਿੰਗ ਦੇ ਡਾਇਰੈਕਟਰ ਵਰਨ ਰੇਨਕੋਂਕ ਦਾ ਕਹਿਣਾ ਹੈ ਕਿ ਸੂਬੇ ਦੇ ਸਾਰੇ ਹਿੱਸਿਆਂ ਨੂੰ ਰੇਲ ਮਾਰਗ ਨਾਲ ਜੋੜਿਆ ਜਾ ਸਕਦਾ ਹੈ। ਇਸ ਵਾਸਤੇ ਕਾਫੀ ਇਨਫ਼ਰਾਸਟ੍ਰਕਚਰ ਪਹਿਲਾਂ ਤੋਂ ਹੀ ਮੌਜੂਦ ਹੈ। ਉਹਨਾਂ ਕਿਹਾ ਕਿ ਜਿਵੇਂ ਟੋਰੰਟੋ ਵਿੱਚ 'ਗੋ ਟਰੇਨ' ਹੈ ਅਤੇ ਬ੍ਰਿਟਿਸ਼ ਕੋਲੰਬੀਆ ਵਿੱਚ 'ਵੈਸਟ ਕੋਸਟ ਐਕਸਪ੍ਰੈਸ' ਹੈ, ਉਸੇ ਤਰਜ਼ 'ਤੇ ਐਲਬਰਟਾ ਵਿੱਚ ਵੀ ਟ੍ਰੇਨ ਸੇਵਾ ਦਿੱਤੀ ਜਾ ਸਕਦੀ ਹੈ। ਐਲਬਰਟਾ ਰਿਜਨਲ ਰੇਲ ਅਧਿਕਾਰੀਆਂ ਦਾ ਕਹਿਣਾ ਹੈ ਕਿ ਜੇ ਇਹ ਰੇਲ ਲਿੰਕ ਸਥਾਪਿਤ ਹੁੰਦਾ ਹੈ ਤਾਂ ਇਸ ਨਾਲ ਮਿਉਨਿਸਿਪੈਲਿਟੀਆਂ ਦਰਮਿਆਨ ਬਿਜ਼ਨਿਸ ਵਧੇਗਾ ਤੇ ਆਰਥਕ ਖੁਸ਼ਹਾਲੀ ਵਧੇਗੀ। ਇਸ ਗਰੁੱਪ ਦਾ ਕਹਿਣਾ ਹੈ ਕਿ ਸਹੀ ਫੰਡਿੰਗ ਮਿਲਦੀ ਹੈ ਤਾਂ ਸਾਲ 2030 ਤੱਕ ਰੇਲ ਸਰਵਿਸ ਸ਼ੁਰੂ ਕੀਤੀ ਜਾ ਸਕਦੀ ਹੈ।

## ਐਡਮੰਟਨ ਮੇਅਰ ਅਮਰਜੀਤ ਸੋਹੀ ਸਹਿਰ ਵਿੱਚ ਵਧ ਰਹੇ ਨਸ਼ੀਲੇ ਪਦਾਰਥਾਂ ਦੀ ਓਵਰਡੋਜ਼ ਤੋਂ ਚਿੰਤਤ ਹੈ

ਐਡਮੰਟਨ (ਪੰਜਾਬੀ ਅਖ਼ਬਾਰ ਬਿਊਰੋ) ਐਡਮੰਟਨ ਮੇਅਰ ਅਮਰਜੀਤ ਸੋਹੀ ਦਾ ਕਹਿਣਾ ਹੈ ਕਿ ਸ਼ਹਿਰ ਵਿੱਚ ਵਧ ਰਹੇ ਓਵਰਡੋਜ਼ ਸੰਕਟ ਨੂੰ ਹੱਲ ਕਰਨ ਵਾਸਤੇ ਸੰਭਾਵੀ ਹੱਲ ਲੱਭੇ ਜਾਣ ਦੀ ਲੋੜ ਹੈ ਅਤੇ ਗ਼ੈਰਕਾਨੂੰਨੀ ਨਸ਼ੀਲੇ ਪਦਾਰਥਾਂ ਦੀ ਬਹੁਤ ਥੋੜ੍ਹੀ ਮਾਤਰਾ ਰੱਖਣ ਵਾਲਿਆਂ ਨੂੰ ਅਪਰਾਧਕ ਮਾਮਲਿਆਂ ਵਿੱਚ ਨਾ ਫਸਾਏ ਜਾਣ ਬਾਰੇ ਡਿਬੇਟ ਕਰਵਾਈ ਜਾਣੀ ਚਾਹੀਦੀ ਹੈ। ਸਿਟੀ ਕੌਂਸਲਰ ਮਾਇਕਲ ਜੈਂਜ਼ ਵੱਲੋਂ ਇੱਕ ਮੋਸ਼ਨ ਪੇਸ਼ ਕੀਤਾ ਗਿਆ ਹੈ ਜਿਸ ਵਿੱਚ ਕਿਹਾ ਗਿਆ ਹੈ ਕਿ ਜੇਕਰ ਕਿਸੇ ਵਿਅਕਤੀ ਕੋਲੋਂ ਬਹੁਤ ਥੋੜੀ ਮਾਤਰਾ ਵਿੱਚ ਗ਼ੈਰਕਾਨੂੰਨੀ ਨਸ਼ੀਲਾ ਪਦਾਰਥ ਕਾਬੂ ਕੀਤਾ ਜਾਂਦਾ ਹੈ ਤਾਂ ਉਸ ਨੂੰ ਫੈਡਰਲ ਕੰਟਰੋਲਡ ਡ੍ਰਗਜ਼ ਐਂਡ ਸਬਸਟੈਂਸ ਐਕਟ ਤੋਂ ਬਾਹਰ ਰੱਖਿਆ ਜਾਵੇ। ਮੇਅਰ ਅਮਰਜੀਤ ਸੋਹੀ ਦਾ ਕਹਿਣਾ ਹੈ ਕਿ ਇਸ ਸਮੇਂ ਸ਼ਹਿਰ ਵੱਡੇ ਓਵਰਡੋਜ਼ ਸੰਕਟ ਨਾਲ ਜੂਝ ਰਿਹਾ ਹੈ। ਅਲਬਰਟਾ ਐਸੋਸਿਏਸ਼ਨ ਔਫ਼ ਪੁਲਿਸ ਚੀਫ਼ਸ ਦੇ ਮੁਖੀ ਅਤੇ ਕੈਲਗਰੀ ਪੁਲਿਸ ਮੁਖੀ ਮਾਰਕ ਨਿਊਫੈਲਡ ਦਾ ਕਹਿਣਾ ਹੈ ਕਿ ਉਹ ਇਸ ਤਰ੍ਹਾਂ ਦੀ ਤਜਵੀਜ਼ ਦੇ ਹੱਕ ਵਿੱਚ ਨਹੀਂ ਹਨ।



## 93 ਹੋਰ ਮਿਲੀਆਂ ਕਬਰਾਂ ਵੀ ਸਕੂਲੀ ਬੱਚਿਆਂ ਦੀਆਂ ਹੋਣ ਸਬੰਧੀ ਸੰਕਾ ਹੈ

ਸੈਸਕਾਟੂਨ (ਪੰਜਾਬੀ ਅਖ਼ਬਾਰ ਬਿਊਰੋ) ਬ੍ਰਿਟਿਸ਼ ਕੋਲੰਬੀਆ ਦੇ ਵਿਲੀਅਮਜ਼ ਲੇਕ ਫ਼ਸਟ ਨੇਸ਼ਨ ਦੇ ਚੀਫ਼ ਅਤੇ ਕੌਂਸਲ ਮੁਖੀ ਦਾ ਕਹਿਣਾ ਹੈ ਕਿ ਇਸ ਇਲਾਕੇ ਵਿੱਚ ਸਥਿਤ ਇੱਕ ਪੁਰਾਣੇ ਰੈਜ਼ਿਡੈਂਸ਼ਿਅਲ ਸਕੂਲ ਨੇੜਿਓਂ 93 ਕਬਰਾਂ ਮਿਲੀਆਂ ਹਨ ਤੇ ਸ਼ੱਕ ਹੈ ਕਿ ਉਹਨਾਂ ਵਿੱਚ ਵੀ ਸਕੂਲੀ ਬੱਚੇ ਹੀ ਹੋਣਗੇ। ਇੱਕ ਇਲਾਕੇ ਵਿੱਚ 470 ਹੈਕਟੇਅਰ ਖੇਤਰ ਨੂੰ ਜਾਂਚ ਅਧੀਨ ਲਿਆ ਗਿਆ ਹੈ ਤੇ 14 ਹੈਕਟੇਅਰ ਦੀ ਜਾਂਚ ਕਰ ਲਈ ਗਈ ਹੈ ਜਿਸ ਵਿੱਚ 93 ਕਬਰਾਂ ਮਿਲਣ ਦੀ ਸੂਚਨਾ ਹੈ। ਇਸ ਥਾਂ ਪਹਿਲਾਂ ਸੇਂਟ ਜੋਜ਼ੈਫ਼'ਜ਼ ਮਿਸ਼ਨ ਸਕੂਲ ਹੁੰਦਾ ਸੀ। ਗ੍ਰਾਊਂਡ ਪੈਨਿਟ੍ਰੇਟਿੰਗ ਰੇਡਾਰ, ਏਰੀਅਲ ਅਤੇ ਟੇਰੈਸਟ੍ਰੀਅਲ ਲਾਇਟ ਡਿਟੈਕਸ਼ਨ ਐਂਡ ਰੇਂਜਿੰਗ ਸੈਂਸਰਜ਼ ਦੀ ਮੱਦਦ ਨਾਲ ਇਹਨਾਂ ਸੰਭਾਵਿਤ ਕਬਰਾਂ ਦਾ ਪਤਾ ਲੱਗ ਸਕਿਆ ਹੈ। ਇਹਨਾਂ ਸੰਭਾਵਿਤ ਕਬਰਾਂ ਵਿੱਚ ਕੀ ਹੈ, ਇਸ ਦੀ ਜਾਣਕਾਰੀ ਇਹਨਾਂ ਨੂੰ ਖੋਦ ਕੇ ਹੀ ਪਤਾ ਲੱਗ ਸਕਦੀ ਹੈ।

## ਫੁਟਬੌਲ ਦੀ ਗੋਲ ਕੀਪਰ ਅਚਾਨਕ ਹੀ ਅਸਤੀਫਾ ਦੇ ਗਈ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਨੇਡਾ ਦੀ ਵਿਮੈਨ ਫੁਟਬੌਲ ਟੀਮ ਗੋਲਕੀਪਰ ਸਟੈਫੇਨੀ ਲੈਬੇਅ ਨੇ ਅਚਾਨਕ ਆਪਣੀ ਰਿਟਾਇਰਮੈਂਟ ਦਾ ਐਲਾਨ ਕਰਕੇ ਸਾਰੇ ਖੇਡ ਪ੍ਰੇਮੀਆਂ ਨੂੰ ਹੈਰਾਨ ਕਰ ਦਿੱਤਾ ਹੈ। ਦੋ ਦਿਨ ਪਹਿਲਾਂ ਹੀ ਸਟੈਫੇਨੀ ਨੂੰ ਬੈਸਟ ਫੀਫਾ ਵਿਮੈਨ'ਜ਼ ਗੋਲਕੀਪਰ ਦੇ ਖਿਤਾਬ ਵਿੱਚ ਦੂਸਰਾ ਸਥਾਨ ਦਿੱਤਾ ਗਿਆ ਸੀ। ਐਲਬਰਟਾ ਦੇ ਸਟੋਨੀ ਪਲੇਨ ਦੀ ਰਹਿਣ ਵਾਲੀ 35 ਸਾਲਾ ਸਟੈਫੇਨੀ ਲੈਬੇਅ ਨੇ ਕੈਨੇਡਾ ਵਾਸਤੇ ਹੁਣ ਤੱਕ 85 ਕੈਪਸ ਜਿੱਤੀਆਂ ਹਨ। ਉੱਧਰ, ਕੋਵਿਡ-19 ਕਾਰਨ ਬੁਰੀ ਤਰ੍ਹਾਂ ਪ੍ਰਭਾਵਿਤ ਹੋਈ ਕੈਲਗਰੀ ਫ਼ਲੇਮਜ਼ ਟੀਮ ਨੇ ਸਕੈਜਿਊਲ ਅਪਡੇਟ ਕਰਨ ਦਾ ਐਲਾਨ ਕਰ ਦਿੱਤਾ ਹੈ। ਬੁੱਧਵਾਰ, 9 ਫ਼ਰਬਰੀ ਤੋਂ ਫ਼ਲੇਮਜ਼ ਹੁਣ ਆਪਣਾ ਸੀਜ਼ਨ ਮੁੜ ਚਾਲੂ ਕਰ ਰਹੇ ਹਨ।

## ਨਸ਼ੇ ਦੀ ਸਮਗਲਿੰਗ ਸਬੰਧੀ ਫੜੇ ਚਾਰ ਦੋਸ਼ੀਆਂ ਵਿੱਚੋਂ ਇੱਕ ਪੰਜਾਬਣ 24 ਸਾਲਾ ਗੁਨੀਤ ਬਰਾੜ ਵੀ ਹੈ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਐਲਬਰਟਾ ਵਿੱਚ ਪੁਲਿਸ ਨੇ ਭਾਰਤੀ ਮੂਲ ਦੇ 4 ਵਿਅਕਤੀਆਂ ਨੂੰ ਗ਼ਿਰਫ਼ਤਾਰ ਕਰਕੇ ਉਹਨਾਂ ਦੇ ਖਿਲਾਫ਼ ਨਸ਼ੀਲੇ ਪਦਾਰਥਾਂ ਦਾ ਧੰਦਾ ਕਰਨ ਸੰਬੰਧੀ ਦੋਸ਼ ਲਗਾਏ ਹਨ। ਪੁਲਿਸ ਵੱਲੋਂ ਜਾਰੀ ਬਿਆਨ ਵਿੱਚ ਦੱਸਿਆ ਗਿਆ ਹੈ ਕਿ ਪਿਛਲੇ ਸਾਲ ਫ਼ਰਬਰੀ ਮਹੀਨੇ ਦੌਰਾਨ ਐਡਮੰਟਨ ਡ੍ਰਗ ਐਂਡ ਗੈਂਗ ਐਨਫੋਰਸਮੈਂਟ ਸੈਕਸ਼ਨ ਨੂੰ ਡ੍ਰਗ ਟ੍ਰੈਫਿਕਿੰਗ ਦੀ ਸੂਚਨਾ ਮਿਲੀ ਸੀ। ਜਾਂਚ ਦੌਰਾਨ ਬਉਮੌਂਟ, ਐਲਬਰਟਾ ਨਿਵਾਸੀ 24 ਸਾਲਾ ਗੁਰਕਮਲ ਪਰਮਾਰ, ਕੈਲਗਰੀ ਨਿਵਾਸੀ 27 ਸਾਲਾ ਕੁਲਵਿੰਦਰ ਸਿੰਘ ਅਤੇ ਐਡਮੰਟਨ ਦੀ ਰਹਿਣ ਵਾਲੀ 24 ਸਾਲਾ ਗੁਨੀਤ ਬਰਾੜ ਨੂੰ ਡ੍ਰਗ ਟ੍ਰੈਫਿਕਿੰਗ ਵਿੱਚ ਸਹਿਯੋਗ ਕਰਨ ਲਈ ਚਾਰਜ ਕੀਤਾ ਗਿਆ ਹੈ ਜਦੋਂ ਕਿ ਇਹਨਾਂ ਦਾ ਸਰਗਨਾ 25 ਸਾਲਾ ਪ੍ਰਭਜੀਤ ਚਾਨਿਆਨਾ ਦੱਸਿਆ ਗਿਆ ਹੈ। ਇਹਨਾਂ ਸਾਰਿਆਂ ਦੇ ਘਰਾਂ ਅਤੇ ਗੱਡੀਆਂ ਵਿੱਚ ਪਿਛਲੇ ਸਾਲ ਛਾਪਾਮਾਰੀ ਵੀ ਕੀਤੀ ਗਈ ਸੀ ਤੇ ਇਹਨਾਂ ਕੋਲੋਂ ਨਸ਼ੀਲੇ ਪਦਾਰਦਾਂ ਦੀ ਬਰਾਮਦਗ਼ੀ ਵੀ ਕੀਤੀ ਗਈ। ਜਾਂਚ ਚੱਲ ਰਹੀ ਹੈ ਤੇ ਇਹਨਾਂ ਨਾਲ ਹੱਥ ਮਿਲਾਉਣ ਵਾਲੇ ਹੋਰਨਾਂ ਦੀ ਵੀ ਭਾਲ ਕੀਤੀ ਜਾ ਰਹੀ ਹੈ।

## ਵਿਦੇਸ਼ ਵਿਭਾਗ ਉੱਪਰ ਹੋਏ ਸਾਈਬਰ ਹਮਲੇ ਦਾ ਜਾਂਚ ਸੂਰੂ ਹੋ ਗਈ ਹੈ।




ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਨੇਡਾ ਦੇ ਵਿਦੇਸ਼ ਵਿਭਾਗ ਦੇ ਕੰਪਿਊਟਰ ਸਿਸਟਮ ਉੱਪਰ ਸਾਇਬਰ-ਹਮਲਾ ਕਰਨ ਦੇ ਮਾਮਲੇ ਵਿੱਚ ਕਈ ਫੈਡਰਲ ਮਹਿਕਮਿਆਂ ਅਤੇ ਏਜੰਸੀਆਂ ਵੱਲੋਂ ਰਲ ਕੇ ਕੰਮ ਕੀਤਾ ਜਾ ਰਿਹਾ ਹੈ। ਸਰਕਾਰੀ ਬਿਆਨ ਵਿੱਚ ਕਿਹਾ ਗਿਆ ਹੈ ਕਿ 19 ਜਨਵਰੀ ਵਾਲੇ ਦਿਨ ਇਹ ਸਾਇਬਰ ਅਟੈਕ ਹੋਇਆ ਸੀ ਤੇ ਕੇਵਲ ਇੱਕ ਮਹਿਕਮਾ ਹੀ ਇਸ ਦੀ ਲਪੇਟ ਵਿੱਚ ਆਇਆ ਸੀ। ਇਸ ਸੰਬੰਧ ਵਿੱਚ ਇਨਵੈਸਟਿਗੇਸ਼ਨ ਕੀਤੀ ਜਾ ਰਹੀ ਹੈ। ਟ੍ਰੇਯਰੀ ਬੋਰਡ ਸੈਕ੍ਰੇਟਰੀਏਟ, ਚੀਫ਼ ਇਨਫੌਰਮੇਸ਼ਨ ਔਫਿਸਰ, ਸ਼ੇਅਰਡ ਸਰਵਿਸਿਜ਼ ਕੈਨੇਡਾ, ਕਮਿਉਨਿਕੇਸ਼ਨਜ਼ ਸਿਕਿਉਰਿਟੀ ਇਸਟੈਬਲਿਸ਼ਮੈਂਟ ਅਤੇ ਕੈਨੇਡੀਅਨ ਸੈਂਟਰ ਫੌਰ ਸਾਇਬਰ ਸਿਕਿਉਰਿਟੀ ਵੱਲੋਂ ਇਹ ਜਾਂਚ ਸ਼ੁਰੂ ਕੀਤੀ ਗਈ ਹੈ। ਫਿਲਹਾਲ ਇਹ ਨਹੀਂ ਦੱਸਿਆ ਗਿਆ ਹੈ ਕਿ ਕਿਹੜੇ ਮਹਿਕਮੇ ਦੇ ਕੰਪਿਊਟਰ ਸਿਸਟਮ 'ਤੇ ਸਾਇਬਰ ਅਟੈਕ ਕੀਤਾ ਗਿਆ ਸੀ ਤੇ ਇਸ ਵਿੱਚ ਕਿੰਨਾ ਤੇ ਕੀ ਨੁਕਸਾਨ ਹੋਇਆ ਸੀ।

## ਭਰਾ ਦੇ ਕਾਤਲ ਨੂੰ ਸਜ਼ਾ ਪੂਰੀ ਹੋਣ ਉਪਰੰਤ ਭਾਰਤ ਵਾਪਿਸ ਭੇਜਿਆ ਜਾਵੇਗਾ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਭਾਰਤੀ ਮੂਲ ਦੇ 26 ਸਾਲਾ ਅਜੇ ਕੁਮਾਰ ਨਾਮ ਦੇ ਵਿਅਕਤੀ ਨੂੰ ਸਤੰਬਰ, 2020 ਵਿੱਚ ਛੁਰੇ ਮਾਰ ਮਾਰ ਕੇ ਉਸ ਦੀ ਹੱਤਿਆ ਕਰਨ ਦੇ ਦੋਸ਼ ਕਬੂਲ ਕਰ ਚੁੱਕੇ 30 ਸਾਲਾ ਸੰਦੀਪ ਕੁਮਾਰ ਜੱਸਲ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਹੈ। ਉਸ ਨੂੰ ਪਹਿਲੇ ਦਸ ਸਾਲ ਪੈਰੋਲ ਨਹੀਂ ਦਿੱਤੀ ਜਾਵੇਗੀ। ਹੱਤਿਆ, ਓਂਟੈਰੀ? ਦੇ ਕੈਂਬਰਿਜ ਦੀ ਲਿੰਡੈਨ ਡ੍ਰਾਇਵ ਤੇ ਸਥਿਤ ਇੱਕ ਘਰ ਵਿੱਚ ਕੀਤੀ ਗਈ ਸੀ ਦੋਵੇਂ ਇੱਕ ਦੂਜੇ ਨੂੰ ਜਾਣਦੇ ਸਨ ਤੇ ਸੂਤਰਾਂ ਦਾ ਕਹਿਣਾ ਹੈ ਕਿ ਦੋਵੇਂ ਭਰਾ ਸਨ। ਸੰਦੀਪ ਕੁਮਾਰ ਜੱਸਲ ਵਾਰੇ ਦੱਸਿਆ ਗਿਆ ਹੈ ਕਿ ਉਹ ਕਿਚਨਰ ਵਿੱਚ ਰਹਿੰਦਾ ਸੀ। ਉਸ ਦੇ ਵਕੀਲ ਦਾ ਕਹਿਣਾ ਹੈ ਕਿ ਦੋਸ਼ੀ ਮਾਨਸਿਕ ਸਿਹਤ ਪੱਖੋਂ ਠੀਕ ਨਹੀਂ ਸੀ। ਸਜ਼ਾ ਪੂਰੀ ਕਰਨ ਉਪਰੰਤ ਸੰਦੀਪ ਨੂੰ ਭਾਰਤ ਵਾਪਸ ਭੇਜਿਆ ਜਾਵੇਗਾ।

## ਉੱਤਰੀ ਭਾਰਤ ਦੀ ਪਹਿਲੀ ਔਰਤ ਵਾਈਸ ਚਾਂਸਲਰ ਸ੍ਰੀ ਮਤੀ ਇੰਦਰਜੀਤ ਕੌਰ ਦਾ ਦੇਹਾਂਤ ਹੋਇਆ

ਸੈਸਕਾਟੂਨ (ਪੰਜਾਬੀ ਅਖ਼ਬਾਰ ਬਿਊਰੋ) ਗਿਆਨੀ ਗੁਰਦਿੱਤ ਸਿੰਘ ਦੀ ਪਤਨੀ ਸ੍ਰੀਮਤੀ ਇੰਦਰਜੀਤ ਕੌਰ ਸੰਧੂ ਦਾ ਦੇਹਾਂਤ ਹੋ ਗਿਆ ਹੈ। ਉਹ ਨਾ ਸਿਰਫ਼ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ, ਸਗੋਂ ਉੱਤਰ ਭਾਰਤ ਦੀਆਂ ਯੂਨੀਵਰਸਿਟੀਆਂ ਵਿੱਚੋਂ ਪਹਿਲੀ ਔਰਤ ਵਾਇਸ ਚਾਂਸਲਰ ਸਨ। ਜਿਸ ਵੇਲੇ ਉਨ੍ਹਾਂ ਨੂੰ ਵਾਈਸ ਚਾਂਸਲਰ ਨਿਯੁਕਤ ਕੀਤਾ ਗਿਆ, ਉਸ ਵੇਲੇ ਉਨ੍ਹਾਂ ਸਮੇਤ ਪੂਰੇ ਵਿਸ਼ਵ ਵਿੱਚ ਸਿਰਫ਼ ਤਿੰਨ ਹੀ ਮਹਿਲਾਵਾਂ ਇਸ ਅਹੁਦੇ ਤੱਕ ਪਹੁੰਚ ਸਕੀਆਂ ਸਨ। ਉਹ 1980 ਵਿੱਚ ਸਟਾਫ਼ ਸਿਲੈਕਸ਼ਨ ਕਮਿਸ਼ਨ, ਨਵੀਂ ਦਿੱਲੀ ਦੀ ਚੇਅਰਮੈਨ ਬਣਨ ਵਾਲੇ ਵੀ ਪਹਿਲੀ ਔਰਤ ਅਧਿਕਾਰੀ ਸਨ।

## ਮਨੁੱਖੀ ਤਸਕਰੀ ਕਰਨ ਵਾਲੀ ਕਿਸਤੀ ਡੁੱਬੀ,39 ਲੋਕਾਂ ਦੇ ਮਰਨ ਦਾ ਖ਼ਦਸਾ

ਵਿਨੀਪੈਗ (ਪੰਜਾਬੀ ਅਖ਼ਬਾਰ ਬਿਊਰੋ) ਮਨੁੱਖੀ ਤਸਕਰੀ ਦੇ ਇੱਕ ਹੋਰ ਸ਼ੱਕੀ ਮਾਮਲੇ ਵਿੱਚ ਅਮਰੀਕਾ ਦੇ ਫ਼ਲੋਰਿਡਾ ਵਿੱਚ 39 ਵਿਅਕਤੀਆਂ ਦੇ ਮਾਰੇ ਜਾਣ ਦਾ ਖ਼ਦਸ਼ਾ ਹੈ। ਰਿਪੋਰਟਸ ਅਨੁਸਾਰ ਬਹਾਮਾਸ ਤੋਂ ਆ ਰਹੀ ਇੱਕ ਕਿਸ਼ਤੀ ਫ਼ਲੋਰਿਡਾ ਦੇ ਨਾਲ ਲੱਗਦੇ ਸਮੁੰਦਰ ਵਿੱਚ ਡੁੱਬ ਗਈ ਹੈ ਤੇ ਉਸ ਵਿੱਚ ਸਵਾਰ 40 ਵਿੱਚੋਂ 39 ਲੋਕ ਲਾਪਤਾ ਹਨ। ਇੱਕ ਵਿਅਕਤੀ ਨੂੰ ਬਚਾਇਆ ਗਿਆ ਹੈ। ਉਸ ਨੇ ਦੱਸਿਆ ਹੈ ਕਿ ਉਹ ਸਾਰੇ ਅਮਰੀਕਾ ਵੱਲ ਰਵਾਨਾ ਹੋਏ ਸਨ। ਲਾਪਤਾ ਲੋਕਾਂ ਦੀ ਭਾਲ ਕੀਤੀ ਜਾ ਰਹੀ ਹੈ।

## ਔਟਵਾ ਰੈਲੀ ਕਰਨ ਵਾਲੇ ਟਰੱਕ ਚਾਲਕਾਂ ਨਾਲ ਜਗਮੀਤ ਸਿੰਘ ਸਹਿਮਤ ਨਹੀਂ



ਰੀਜਾਇਨਾ (ਪੰਜਾਬੀ ਅਖ਼ਬਾਰ ਬਿਊਰੋ) ਫੈਡਰਲ ਐਨਡੀਪੀ ਲੀਡਰ ਜਗਮੀਤ ਸਿੰਘ ਦਾ ਕਹਿਣਾ ਹੈ ਕਿ ਉਹ ਵੈਕਸਿਨ ਲਾਜ਼ਿਮ ਕੀਤੇ ਜਾਣ ਦਾ ਵਿਰੋਧ ਕਰ ਰਹੇ ਟਰੱਕ ਚਾਲਕਾਂ ਦੇ ਨਾਲ ਸਹਿਮਤ ਨਹੀਂ ਹਨ ਤੇ ਇਹਨਾਂ ਟਰੱਕ ਚਾਲਕਾਂ ਅਤੇ ਵਿਰੋਧ ਕਰ ਰਹੇ ਹੋਰਨਾਂ ਲੋਕਾਂ ਕੋਲ ਗ਼ਲਤ ਜਾਣਕਾਰੀ ਹੈ। ਇਸ ਰੈਲੀ ਨੂੰ ਜਗਮੀਤ ਸਿੰਘ ਦੇ ਨਜ਼ਦੀਕੀ ਰਿਸ਼ਤੇਦਾਰ ਜੋਧਵੀਰ ਸਿੰਘ ਧਾਲੀਵਾਲ ਨੇ 13 ਹਜ਼ਾਰ ਡਾਲਰ ਦੀ ਰਕਮ ਦਾਨ ਦਿੱਤੀ ਹੈ।

## ਬੀਤੇ ਸਾਲ ਛੁਰੇਬਾਜੀ ਦੀਆਂ ਘਟਨਾਵਾਂ ਦੂਜੇ ਲੋਕਾਂ ਪ੍ਰਤੀ ਨਫਰਤੀ ਭਾਵਨਾ ਕਾਰਣ ਵਾਪਰੀਆਂ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ)ਪਿਛਲੇ ਸਾਲ 21 ਦਸੰਬਰ ਵਾਲੇ ਦਿਨ ਛੁਰੇਬਾਜ਼ੀ ਦੀਆਂ 8 ਮਿੰਟਾਂ ਵਿੱਚ ਹੋਈਆਂ 3 ਘਟਨਾਵਾਂ ਦੂਜੇ ਲੋਕਾਂ ਪ੍ਰਤੀ ਨਫ਼ਰਤ ਦੀ ਭਾਵਨਾ ਨਾਲ ਅੰਜਾਮ ਦਿੱਤੀਆਂ ਗਈਆਂ ਸਨ। ਕੈਲਗਰੀ ਪੁਲਿਸ ਦੇ ਐਕਟਿੰਗ ਸਾਰਜੰਟ ਮੈਟ ਮੈਸੰਜਰ ਦਾ ਕਹਿਣਾ ਹੈ ਕਿ ਛੁਰੇਬਾਜ਼ੀ ਦੀਆਂ ਇਹਨਾਂ ਘਟਨਾਵਾਂ ਵਿੱਚ ਜ਼ਖ਼ਮੀ ਹੋਏ ਵਿਅਕਤੀ ਸਮਾਜਿਕ-ਆਰਥਕ ਕਾਰਨਾਂ ਕਰਕੇ ਸ਼ਿਕਾਰ ਬਣਾਏ ਗਏ ਸਨ। ਉਹ ਗ਼ਰੀਬ ਵੀ ਸਨ ਤੇ ਬੇਘਰੇ ਵੀ ਸਨ ਤੇ ਕਈ ਹੋਰ ਵੀ ਕਾਰਨ ਸਨ। ਇਹਨਾਂ ਘਟਨਾਵਾਂ ਲਈ 29 ਸਾਲਾ ਜੇਮਜ਼ ਰਿਚਰਡਸਨ ਅਤੇ 21 ਸਾਲਾ ਐਸ਼ਰ ਐਟਰ ਨਾਮ ਦੇ ਦੋ ਵਿਅਕਤੀਆਂ ਨੂੰ ਹਿਰਾਸਤ ਵਿੱਚ ਲਿਆ ਗਿਆ ਸੀ ਤੇ ਉਹਨਾਂ ਖਿਲਾਫ਼ ਦੋਸ਼ ਲਗਾਏ ਜਾ ਚੁੱਕੇ ਹਨ।

## ਫੈਡਰਲ ਸਰਕਾਰ ਐਲਬਰਟਾ ਨਾਲ ਸਿੱਧਾ ਸਿੱਧਾ ਭੇਦਭਾਵ ਕਰ ਰਹੀ ਹੈ- ਪ੍ਰੀਮੀਅਰ ਕੈਨੀ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਐਲਬਰਟਾ ਪ੍ਰੀਮੀਅਰ ਜੇਸਨ ਕੈਨੀ ਦਾ ਕਹਿਣਾ ਹੈ ਕਿ ਫੈਡਰਲ ਐਨਵਾਇਰਨਮੈਂਟ ਮਨਿਸਟਰ ਸਟੀਵਨ ਗਿਲਬਉ ਦੇ ਵਿਚਾਰਾਂ ਨਾਲ ਸਹਿਮਤ ਨਹੀਂ ਹੋਇਆ ਜਾ ਸਕਦਾ ਪਰ ਪ੍ਰਾਇਮ ਮਨਿਸਟਰ ਜਸਟਿਨ ਟਰੂਡੋ ਨਾਲ ਉਹਨਾਂ ਦੇ ਸੰਬੰਧ ਪੇਸ਼ੇਵਾਰਾਨਾ ਹਨ। ਉਹਨਾਂ ਕਿਹਾ ਕਿ ਬ੍ਰਿਟਿਸ਼ ਕੋਲੰਬੀਆ ਦੇ ਸਮੁੰਦਰ ਕਿਨਾਰਿਆਂ 'ਤੇ ਟੈਂਕਰ ਟ੍ਰੈਫਿਕ ਬੈਨ ਅਤੇ ਔਇਲ ਐਂਡ ਗੈਸ ਦੇ ਪ੍ਰੋਜੈਕਟਸ ਦੀ ਅਸੈੱਸਮੈਂਟ ਸੰਬੰਧੀ ਨਿਯਮ ਤਬਦੀਲ ਕਰਨ ਨਾਲ ਐਲਬਰਟਾ ਦੇ ਐਨਰਜੀ ਸੈਕਟਰ ਨੂੰ ਵੱਡਾ ਨੁਕਸਾਨ ਹੋਇਆ ਹੈ ਜਿਸ ਕਰਕੇ ਉਹਨਾਂ ਦੇ ਫੈਡਰਲ ਸਰਕਾਰ ਨਾਲ ਮਤਭੇਦ ਹਨ। ਇੱਕ ਨਿਊਜ਼ ਚੈਨਲ ਨਾਲ ਇੰਟਰਵਿਊ ਦੌਰਾਨ ਪ੍ਰੀਮੀਅਰ ਕੈਨੀ ਨੇ ਕਿਹਾ ਕਿ ਫੈਡਰਲ ਸਰਕਾਰ ਐਲਬਰਟਾ ਨਾਲ ਸਿੱਧਾ ਸਿੱਧਾ ਭੇਦਭਾਵ ਕਰ ਰਹੀ ਹੈ ਤੇ ਮੌਜੂਦਾ ਐਨਵਾਇਰਨਮੈਂਟ ਮਨਿਸਟਰ ਗਿਲਬਉ, ਪੁਰਾਣੇ ਐਕਟਿਵਿਸਟ ਰਹੇ ਹਨ ਤੇ ਉਹ 'ਵਾਤਾਵਰਣ ਅਤਿਵਾਦੀ' ਜਾਂ ਐਨਵਾਇਰਨਮੈਂਟਲ ਐਕਸਟ੍ਰੀਮਿਸਟ ਹਨ ਤੇ ਉਹਨਾ ਦਾ ਇਕ ਇਕ ਕਦਮ ਐਲਬਰਟਾ ਲਈ ਨੁਕਸਾਨਦੇਹ ਹੈ। ਕੈਨੀ ਨੇ ਕਿਹਾ ਕਿ ਔਇਲ ਐਂਡ ਗੈਸ ਸੈਕਟਰ ਨੂੰ ਬੰਦ ਕਰਨ ਦੀ ਲੋੜ ਨਹੀਂ ਸਗੋਂ ਵਾਤਾਵਰਣ ਵਿੱਚ ਕਾਰਬਨ ਗੈਸਾਂ ਭੇਜੇ ਜਾਣ ਤੋਂ ਰੋਕਣ ਵਾਸਤੇ ਤਕਨੀਕ ਦਾ ਵਿਕਾਸ ਕਰਨਾ ਜ਼ਿਆਦਾ ਮਹੱਤਵਪੂਰਨ ਹੈ।

## ਵੈਕਸੀਨ ਲਾਜਿਮ ਕੀਤੇ ਜਾਣ ਦਾ ਫੈਸਲਾ ਪਲਟਾਉਣ ਲਈ ਕੈਨੀ ਵੀ ਜ਼ੋਰ ਲਗਾ ਰਿਹਾ ਹੈ

ਐਡਮੰਟਨ (ਪੰਜਾਬੀ ਅਖ਼ਬਾਰ ਬਿਊਰੋ) ਐਲਬਰਟਾ ਪ੍ਰੀਮੀਅਰ ਜੇਸਨ ਕੈਨੀ ਦਾ ਕਹਿਣਾ ਹੈ ਕਿ ਉਹ ਅਮੇਰਿਕਾ ਦੇ ਕਈ ਸੂਬਿਆਂ ਦੇ ਗਵਰਨਰਾਂ ਨਾਲ ਤਾਲਮੇਲ ਵਿੱਚ ਹਨ ਤਾਂ ਕਿ ਰਾਸ਼ਟਰਪਤੀ ਜੋਅ ਬਾਇਡਨ ਅਤੇ ਪ੍ਰਾਇਮ ਮਨਿਸਟਰ ਜਸਟਿਨ ਟਰੂਡੋ ਉੱਪਰ ਦਬਾਅ ਬਣਾਇਆ ਜਾ ਸਕੇ ਕਿ ਕ੍ਰੌਸ ਬੌਰਡਰ ਟਰੱਕ ਡ੍ਰਾਇਵਰਾਂ ਲਈ ਵੈਕਸਿਨ ਲਾਜ਼ਿਮ ਕੀਤੇ ਜਾਣ ਦਾ ਫੈਸਲਾ ਪਲਟਿਆ ਜਾ ਸਕੇ। ਪ੍ਰੀਮੀਅਰ ਨੇ ਕਿਹਾ ਕਿ ਉਹ ਇੱਕ ਸਾਂਝਾ ਪੱਤਰ ਤਿਆਰ ਕਰਵਾ ਰਹੇ ਹਨ ਕਿ ਹਜ਼ਾਰਾਂ ਟਰੱਕ ਚਾਲਕਾਂ ਦੇ ਕੰਮ ਅਤੇ ਸਪਲਾਇ ਚੇਨ ਸਿਸਟਮ ਉੱਪਰ ਪੈ ਰਹੇ ਨਕਾਰਾਤਮਕ ਅਸਰ ਨੂੰ ਰੋਕਣ ਵਾਸਤੇ ਦਬਾਅ ਬਣਾਇਆ ਜਾ ਸਕੇ। ਪ੍ਰੀਮੀਅਰ ਨੇ ਆਪਣੇ ਟਵਿਟਰ ਅਕਾਉਂਟ 'ਤੇ ਕੁੱਝ ਸਟੋਰਾਂ ਦੀਆਂ ਖਾਲੀ ਪਈਆਂ ਸ਼ੈਲਫਾਂ ਦੀਆਂ ਤਸਵੀਰਾਂ ਸਾਂਝੀਆਂ ਕੀਤੀਆਂ ਹਨ ਤੇ ਦੱਸਿਆ ਗਿਆ ਹੈ ਕਿ ਇਹ ਤਸਵੀਰਾਂ ਲੈਥਬਰਿਜ ਅਤੇ ਮੈਡਿਸਿਨ ਹੈਟ ਤੋਂ ਹਨ। ਪ੍ਰੀਮੀਅਰ ਦੇ ਦਫ਼ਤਰ ਨੇ ਇਹ ਨਹੀਂ ਦੱਸਿਆ ਹੈ ਕਿ ਉਹ ਕਿਹੜੇ ਸੂਬਿਆਂ ਦੇ ਗਵਰਨਜ਼ ਨਾਲ ਸੰਪਰਕ ਕਰ ਰਹੇ ਹਨ।

## ਹੁਣ 911 ਦੀਆਂ ਕੁੱਝ ਕਾਲਾਂ 211 ਉੱਪਰ ਰੀ ਡਾਇਰੈਕਟ ਕੀਤੀਆਂ ਜਾਣਗੀਆਂ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਇੱਕ ਨਵੀਂ ਪਹਿਲਕਦਮੀ ਕਰਦਿਆਂ ਕੈਲਗਰੀ ਨਿਵਾਸੀਆਂ ਨੂੰ 9-1-1 ਕਾਲ ਕਰਨ 'ਤੇ ਮੈਂਟਲ ਹੈਲਥ, ਐਡਿਕਸ਼ਨ ਜਾਂ ਦੂਜੀਆਂ ਸੇਵਾਵਾਂ ਵਾਸਤੇ ਰੀ-ਡਾਇਰੈਕਟ ਕੀਤੇ ਜਾਣ ਦੀ ਸਹੂਲਤ ਦਿੱਤੀ ਜਾ ਰਹੀ ਹੈ। ਸ਼ਹਿਰ ਦੇ ਜਿਹੜੇ ਲੋਕ 9-1-1 ਕਾਲ ਕਰਕੇ ਸਲਾਹ ਜਾਂ ਸਹਾਇਤਾ ਮੰਗਣਗੇ, ਉਹਨਾਂ ਨੂੰ 2-1-1 ਵੱਲ ਰੀ-ਡਾਇਰੈਕਟ ਕੀਤਾ ਜਾਵੇਗਾ ਤੇ ਕਮਿਉਨਿਟੀ ਬੇਸਡ ਏਜੰਸੀਆਂ ਨਾਲ ਜੋੜਿਆ ਜਾ ਸਕੇਗਾ। ਕੈਲਗਰੀ ਵਿੱਚ ਹਰ ਰੋਜ਼ 3000 ਦੇ ਕਰੀਬ ਅਜਿਹੀਆਂ ਕਾਲਾਂ ਆਉਂਦੀਆਂ ਹਨ ਜਿਹਨਾਂ ਵਿੱਚ ਲੋਕ ਖੁਦਕੁਸ਼ੀ ਕਰਨ ਬਾਰੇ ਸੋਚ ਰਹੇ ਹੁੰਦੇ ਹਨ। ਕੈਲਗਰੀ ਪੁਲਿਸ ਦੇ ਸੁਪਰਿੰਟੈਂਡੈਂਟ ਆਸਿਫ਼ ਰਾਸ਼ਿਦ ਦਾ ਕਹਿਣਾ ਹੈ ਕਿ ਇਸ ਸੇਵਾ ਦਾ ਇਹ ਪਹਿਲਾ ਪੜਾਅ ਹੈ ਤੇ ਇਸ ਸੇਵਾ ਵਿੱਚ ਵਿਸਥਾਰ ਕੀਤੇ ਜਾਣ ਦੀ ਯੋਜਨਾ ਹੈ।

## ਸਕੂਲ ਬੋਰਡ ਨੇ ਕਰੋਨਾ ਜੰਗ ਲੜਨ ਲਈ ਹੋਰ 14 ਮਿਲੀਅਨ ਡਾਲਰ ਮੰਗਿਆ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਬੋਰਡ ਔਫ਼ ਐਜੂਕੇਸ਼ਨ - ਸੀ.ਬੀ.ਈ. ਵੱਲੋਂ ਜਾਰੀ ਇੱਕ ਸੂਚਨਾ ਵਿੱਚ ਦੱਸਿਆ ਗਿਆ ਹੈ ਕਿ ਕੋਵਿਡ-19 ਦੀ ਮਹਾਮਾਰੀ ਤੋਂ ਬਚਾਅ ਵਾਸਤੇ ਸਕੂਲਾਂ ਵਿੱਚ ਬੱਚਿਆਂ ਅਤੇ ਸਟਾਫ਼ ਨੂੰ ਸੁਰੱਖਿਅਤ ਕਰਣ ਸੰਬੰਧੀ ਚੁੱਕੇ ਜਾ ਰਹੇ ਕਦਮਾਂ ਉੱਪਰ ਭਾਰੀ ਖ਼ਰਚਾ ਹੋ ਰਿਹਾ ਹੈ ਤੇ ਬੋਰਡ ਨੇ ਸੂਬਾ ਸਰਕਾਰ ਨੂੰ 14 ਮਿਲੀਅਨ ਡਾਲਰ ਹੋਰ ਜਾਰੀ ਕਰਨ ਦੀ ਮੰਗ ਕੀਤੀ ਹੈ। ਬੋਰਡ ਦਾ ਕਹਿਣਾ ਹੈ ਸਬਸਟਿਟਿਊਟ ਅਧਿਆਪਕ ਅਤੇ ਸਹਾਇਕ ਸਟਾਫ਼ ਦੀ ਵਾਧੂ ਭਰਤੀ ਕਰਨ ਦੇ ਨਾਲ ਨਾਲ ਐਨ-95 ਕਿਸਮ ਦੇ ਮਾਸਕ ਖ਼ਰੀਦਣ ਅਤੇ ਵੈਂਟਿਲੇਸ਼ਨ ਦੇ ਪ੍ਰਬੰਧਾਂ ਉੱਪਰ ਭਾਰੀ ਖ਼ਰਚਾ ਹੋਇਆ ਹੈ।

## ਮਸ਼ਰੂਮ ਫਾਰਮ ਨੂੰ ਲੱਗੀ ਵਿੱਚੋਂ ਸਾਰੇ ਕਾਮੇ ਸਰੱਖਿਅਤ ਬਾਹਰ ਨਿਕਲ ਆਏ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਦੇ ਨੌਰਥ ਵੱਲ ਏਅਰਡਰੀ ਅਤੇ ਕ੍ਰੌਸਫੀਲਡ ਦਰਮਿਆਨ ਹਾਇਲਾਇਨ ਮਸ਼ਰੂਮਜ਼ ਫਾਰਮ 'ਤੇ ਅੱਗ ਲੱਗਣ ਦੀ ਸੂਚਨਾ ਹੈ। ਕ੍ਰੌਸਫੀਲਡ ਫਾਇਰ ਚੀਫ਼ ਬੈਂਨ ਨਾਇਵੈਂਨ ਦਾ ਕਹਿਣਾ ਹੈ ਕਿ ਨਾਲ ਲਗਦੇ ਇਲਾਕਿਆਂ ਤੋਂ ਵੀ ਫਾਇਰ ਟ੍ਰੱਕ ਲਿਆਉਣੇ ਪਏ ਤੇ ਵੱਡੇ ਖੇਤਰ ਵਿੱਚ ਫੈਲੀ ਅੱਗ ਉੱਪਰ ਕਾਬੂ ਪਾਉਣ ਵਾਸਤੇ ਘੰਟਿਆਂ ਬੱਧੀ ਸਮਾਂ ਲੱਗਿਆ। ਇਸ ਮਸ਼ਰੂਮ ਫਾਰਮ 'ਤੇ ਲੱਗੇ ਸਾਰੇ ਕਰਮਚਾਰੀਆਂ ਨੂੰ ਸੁਰੱਖਿਅਤ ਕੱਢ ਲਿਆ ਗਿਆ ਸੀ ਤੇ ਕਿਸੇ ਜਾਨੀ ਨੁਕਸ਼ਾਨ ਦੀ ਸੂਚਨਾ ਨਹੀਂ ਹੈ। ਜਾਂਚ ਚੱਲ ਰਹੀ ਹੈ।

ਐਸੀ ਲਾਲ ਤੁਝ ਬਿਨੁ ਕਉਨੁ ਕਰੈ ॥
ਗਰੀਬ ਨਿਵਾਜੁ ਗੁਸਈਆ ਮੇਰਾ ਮਾਥੈ ਛਤ੍ਰੁ ਧਰੈ ॥



# ਸ਼੍ਰੀ ਗੁਰੂ ਰਵਿਦਾਸ ਜੀ

ਦੇ ਗੁਰਪੁਰਬ ਦੀਆਂ ਸਮੂਹ ਸੰਗਤਾਂ ਨੂੰ

# ਲੱਖ-ਲੱਖ ਵਧਾਈਆਂ

## ਗੁਰੂ ਰਵਿਦਾਸ ਸੋਸਾਇਟੀ ਆਫ਼ ਕੈਲਗਰੀ ਕੈਨੇਡਾ

ਵਲੋਂ ਸਤਿਕਾਰ ਅਤੇ ਨਿਮਰਤਾ ਸਹਿਤ ਬੇਨਤੀ ਕੀਤੀ ਜਾਂਦੀ ਹੈ ਕਿ

# ਸ਼੍ਰੀ ਗੁਰੂ ਰਵਿਦਾਸ ਜੀ ਦਾ 645ਵਾਂ ਗੁਰਪੁਰਬ

**18 ਫਰਵਰੀ, 2022 ਦਿਨ ਸ਼ੁੱਕਰਵਾਰ ਤੋਂ ਲੈ ਕੇ 20 ਫਰਵਰੀ, 2022 ਦਿਨ ਐਤਵਾਰ ਤੱਕ**

ਦਿੱਤੇ ਪ੍ਰੋਗਰਾਮ ਅਨੁਸਾਰ ਬੜੀ ਸ਼ਰਧਾ ਅਤੇ ਧੂਮ-ਧਾਮ ਨਾਲ ਮਨਾਇਆ ਜਾ ਰਿਹਾ ਹੈ। ਇਸ ਸ਼ੁੱਭ ਖੁਸ਼ੀ ਦੇ ਮੌਕੇ 'ਤੇ ਸਭ ਸੰਗਤਾਂ ਗੁਰੂ ਘਰ ਕੈਲਗਰੀ (ਕੈਨੇਡਾ) ਵਿਖੇ ਦਰਸ਼ਨ ਦੇਣ ਦੀ ਕ੍ਰਿਪਾਲਤਾ ਕਰੋ ਅਤੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ। ਆਪ ਜੀ ਦੇ ਅਤਿ ਧੰਨਵਾਦੀ ਹੋਵਾਂਗੇ।

**THE CALGARY SANGAT OF SHRI GURU RAVIDASS JI ARE CELEBRATING HIS 645TH BIRTHDAY ANNIVERSARY (GURPURAB)**
FROM FRIDAY 18 FEBRUARY, 2022 TO SUNDAY 20 FEBRUARY, 2022.
All cordially invited to join us on this auspicious occasion.

## PROGRAM

**On Wednesday, Feb. 16, 2022**
- Path Amritbani Guru Ravidass Ji ............ 3:00 to 7:00 pm
- Kirtan & Ardas ............ 7.30 pm

**on Friday, February 18, 2022**
- Arambh Shri Akhand Path Sahib Ji ............ 10:00 am
- Kirtan ............ 6:00 to 7:00 pm

**on Saturday, Feb 19, 2022**
- Sewa Nishan Sahib Ji ............ 11:00 am
- Kirtan ............ 12:00 - 1:00 pm
- Kirtan ............ 6:00 - 7:00 pm

**on Sunday, Feb 20, 2022**
- Bhog Shri Akhand Path Sahib Ji ............ 11:00 am
- Katha, Kirtan and Speeches ............ 12:00 to 3:00 pm
- Ardas ............ 3:00 pm

ਗੁਰੂ ਕਾ ਲੰਗਰ ਸ਼ੁੱਕਰਵਾਰ ਤੋਂ ਐਤਵਾਰ ਤੱਕ ਅਤੁੱਟ ਵਰਤੇਗਾ। (Takeout Facility will be available)

**ਸਵਾਗਤ ਕਰਤਾ : ਸਮੂਹ ਸੰਗਤ ਅਤੇ ਗੁਰੂ ਰਵਿਦਾਸ ਸੋਸਾਇਟੀ ਆਫ਼ ਕੈਲਗਰੀ**

GURU RAVIDASS SOCIETY OF CALGARY, 1835-40 Street S.E., Calgary, AB., Canada T2B 1B5

Mr. Amarjit Sandhu (President) 403-978-6685
Mr. Harbans Mall (Sr. Vice President) 403-836-7562
Mr. Amarjit Lal (Gen. Secretary) 403-703-9326
Mr. Mathura Mehay (Chairman) 403-618-1917

# ਵਿਨੀਪੈੱਗ ਦੀ ਗਗਨਚੁੰਬੀ ਬਿਲਡਿੰਗ 142 ਮੀਟਰ ਉੱਚੀ ਹੈ



ਵਿਨੀਪੈੱਗ (ਪੰਜਾਬੀ ਅਖ਼ਬਾਰ ਬਿਊਰੋ) ਵਿਨੀਪੈੱਗ ਡਾਊਨਟਾਊਨ ਵਿੱਚ ਤਿੰਨ ਸੌ ਮੇਨ ਸਟਰੀਟ ਉੱਤੇ ਬਣੀ ਆਰਟਿਸ ਰੇਟ ਬਿਲਡਿੰਗ ਹੁਣ ਖੁੱਲ੍ਹਣ ਜਾ ਰਹੀ ਹੈ। ਇਹ ਬਿਲਡਿੰਗ 142 ਮੀਟਰ ਉੱਚੀ ਹੈ। ਜੋ ਕਿ ਹੁਣ ਤੱਕ ਦੀ ਵਿਨੀਪੈੱਗ ਦੀ ਸਭ ਤੋਂ ਵੱਡੀ ਬਿਲਡਿੰਗ ਹੈ। ਇਹ ਬਿਲਡਿੰਗ ਵਿੱਚ 42 ਫਲੋਰ ਹਨ ਅਤੇ 395 ਰੈਜੀਡੈਂਸ਼ਲ ਯੂਨਿਟ ਹਨ। ਇਸ ਦੇ ਫ਼ੇਸ 1 ਓਪਨਿੰਗ ਪਲੈਨ ਅਧੀਨ ਤੀਜੇ ਫਲੋਰ ਤੋਂ 20ਵੇਂ ਫਲੋਰ ਤੱਕ ਨੂੰ ਆਉਂਦੇ ਸਪਰਿੰਗ ਵਿੱਚ ਖੋਲ੍ਹਿਆ ਜਾਵੇਗਾ। ਬਿਲਡਿੰਗ ਵਿਚ ਬਣੇ ਅਪਾਰਟਮੈਂਟ ਨਵੀਂ ਜਨਰੇਸ਼ਨ ਜਾਂ ਉਨ੍ਹਾਂ ਲੋਕਾਂ ਦੀ ਪਸੰਦ ਹੋ ਸਕਦੇ ਹਨ ਜੋ ਰਿਟਾਇਰਮੈਂਟ ਤੋਂ ਬਾਅਦ ਡਾਊਨ ਸਾਈਜ਼ ਕਰਨਾ ਚਾਹੁੰਦੇ ਹਨ। ਇਸ ਬਿਲਡਿੰਗ ਵਿੱਚ ਕਿਚਨ ਐਂਡ ਬਾਰ ਰੈਸਟੋਰੈਂਟ ਵੀ ਹੋਵੇਗਾ। ਇਹ ਬਿਲਡਿੰਗ ਵਿਚ ਰਹਿਣ ਲਈ ਹੁਣ ਪ੍ਰੀ ਬੁਕਿੰਗ ਕੀਤੀ ਜਾ ਰਹੀ ਹੈ ਤੇ ਇਸ ਦਾ ਰੇਟ ਲਗਪਗ 1900 ਡਾਲਰ ਪ੍ਰਤੀ ਮਹੀਨਾ ਤੋਂ ਸ਼ੁਰੂ ਹੋਵੇਗਾ। ਇਸ ਵਿਚ 720 ਸਕੇਅਰ ਫੁੱਟ ਤੋਂ ਲੈ ਕੇ 1700 ਸੌ ਸਕੇਅਰ ਫੁੱਟ ਤੱਕ ਦੇ ਰੂਮ ਉਪਲੱਬਧ ਹਨ।

# ਕਨੇਡਾ ਅਮਰੀਕਾ ਬਾਰਡਰ ਪਾਰ ਕਰਦੇ 4 ਭਾਰਤੀਆਂ ਦੀ ਮੌਤ ਉਪਰੰਤ 47 ਸਾਲਾ ਸਟੀਵ ਅਮਰੀਕਾ ਵਿੱਚ ਫੜਿਆ

ਵਿਨੀਪੈੱਗ (ਪੰਜਾਬੀ ਅਖ਼ਬਾਰ ਬਿਊਰੋ) ਪਿਛਲੇ ਹਫ਼ਤੇ ਕੈਨੇਡਾ ਅਮਰੀਕਾ ਤੇ ਮੈਨੀਟੋਬਾ ਵਿੱਚ ਸਥਿੱਤ ਅਮਰਸਨ ਬਾਰਡਰ ਉੱਤੇ ਮਾਰੇ ਗਏ ਚਾਰ ਭਾਰਤੀ ਵਸਨੀਕਾਂ ਨੂੰ ਗੈਰਕਾਨੂੰਨੀ ਤਰੀਕੇ ਨਾਲ ਬਾਰਡਰ ਪਾਰ ਕਰਵਾਉਣ ਦੀ ਕੋਸ਼ਿਸ਼ ਕਰਨ ਵਾਲੇ 47 ਸਾਲਾ ਸਟੀਵ ਸ਼ੈਂਡ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ ਹੁਣ ਹਿਊਮਨ ਸਮੱਗਲਿੰਗ ਦੇ ਕੇਸ ਵਿੱਚ ਸਟੀਵ ਦੀ ਅਮਰੀਕਾ ਦੀ ਮਿਨੀਸੋਟਾ ਅਦਾਲਤ ਦੇ ਜੱਜ ਮੂਹਰੇ ਆਨਲਾਈਨ ਵਿਧੀ ਰਾਹੀਂ ਪਹਿਲੀ ਪੇਸ਼ੀ ਹੋਈ। ਸਟੀਵ ਨੂੰ ਅਮਰੀਕਾ ਵਾਲੇ ਪਾਸੇ ਇੱਕ ਵੈਨ ਚਲਾਉਂਦੇ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ ਜਿਸ ਵਿੱਚੋਂ ਬਾਰਡਰ ਪਾਰ ਕਰਕੇ ਆਏ ਵਿਅਕਤੀਆਂ ਨੂੰ ਅਮਰੀਕਾ ਵੱਲ ਲੈ ਕੇ ਜਾਂਦਾ ਸੀ। ਉਹ ਜਮਾਇਕਾ ਦਾ ਰਹਿਣ ਵਾਲਾ ਸੀ ਤੇ ਹੁਣ ਅਮਰੀਕਾ ਵਿੱਚ ਰਹਿੰਦਿਆਂ ਉਸ ਦੇ ਵਿੱਤੀ ਹਾਲਾਤ ਕੁੱਝ ਬਹੁਤੇ ਠੀਕ ਨਹੀਂ ਹਨ ਜਿਸ ਦੇ ਚਲਦਿਆਂ ਤਿੰਨ ਸਾਲ ਪਹਿਲਾਂ ਉਸਨੇ ਬੈਂਕਰਪਸੀ ਵੀ ਫਾਈਲ ਕੀਤੀ ਸੀ। ਪੇਸ਼ੇ ਵੱਜੋਂ ਉਹ ਆਪਣੇ ਆਪ ਨੂੰ ਊਬਰ ਡਰਾਈਵਰ ਦੱਸਦਾ ਹੈ।



# ਕਨੇਡਾ ਵਿਚ 2019 ਦੇ ਮੁਕਾਬਲੇ 36 ਪ੍ਰਤੀਸਤ ਮਹਿੰਗਾਈ ਵਧ ਗਈ ਹੈ

We acknowledge the generous contributions from
ANGUS REID FORUM
Participate in their surveys here

ਵਿਨੀਪੈੱਗ (ਪੰਜਾਬੀ ਅਖ਼ਬਾਰ ਬਿਊਰੋ) ਐਂਗਸ ਰੀਡ ਇੰਸਟੀਚਿਊਟ ਵੱਲੋਂ ਕੈਨੇਡਾ ਵਿੱਚ ਵਧਦੀ ਮਹਿੰਗਾਈ ਤੇ ਇੱਕ ਸਰਵੇ ਕੀਤਾ ਗਿਆ। ਜਿਸ ਅਨੁਸਾਰ ਕੈਨੇਡਾ ਦੇ 57 ਪ੍ਰਤੀਸਤ ਵਸਨੀਕਾਂ ਨੂੰ ਆਪਣੇ ਪਰਿਵਾਰਾਂ ਨੂੰ ਭੋਜਨ ਮੁਹੱਈਆ ਕਰਵਾਉਣ ਲਈ ਜੱਦੋਜਹਿਦ ਕਰਨੀ ਪੈ ਰਹੀ ਹੈ। ਇਸ ਅੰਕੜੇ ਵਿੱਚ ਸਾਲ 2019 ਦੇ ਸਰਵੇ ਦੇ ਮੁਕਾਬਲੇ 36 ਪ੍ਰਤੀਸਤ ਦਾ ਵਾਧਾ ਹੋਇਆ ਹੈ ਪਿਛਲੇ 30 ਸਾਲਾਂ ਵਿੱਚ ਪਹਿਲੀ ਵਾਰ ਹੈ ਕਿ ਮਹਿੰਗਾਈ ਇਸ ਕਦਰ ਵਧੀ ਹੋਵੇ। ਸਟੈਟਿਸਟਿਕਸ ਕੈਨੇਡਾ ਵੱਲੋਂ ਵੀ ਬੀਤੇ ਦਿਨੀ ਮਹਿੰਗਾਈ ਸਬੰਧੀ ਸਾਂਝੇ ਕੀਤੇ ਗਏ ਅੰਕੜਿਆਂ ਅਨੁਸਾਰ ਕੁਕਿੰਗ ਆਇਲ ਅਤੇ ਚੀਨੀ ਦੀਆਂ ਕੀਮਤਾਂ 48 ਪੋਆਇੰਟ 4 ਅਤੇ 21 ਪੋਆਇੰਟ 6 ਦੇ ਹਿਸਾਬ ਨਾਲ ਵਾਧਾ ਹੋਇਆ ਹੈ। ਇਸ ਸਰਵੇ ਮੁਤਾਬਕ 39 ਪਰਸੈਂਟ ਕੈਨੇਡਾ ਵਾਸੀਆਂ ਨੇ ਇਹ ਮੰਨਿਆ ਹੈ ਕਿ ਉਨ੍ਹਾਂ ਦੀ ਵਿੱਤੀ ਹਾਲਤ ਪਿਛਲੇ ਸਾਲ ਦੇ ਮੁਕਾਬਲੇ ਹੋਰ ਖਰਾਬ ਹੋਈ ਹੈ। ਵਿੱਤੀ ਸੰਕਟ ਦੀ ਜ਼ਿਆਦਾ ਮਾਰ ਅਲਬਰਟਾ ਸਸਕੈਚਵਨ ਨਿਊ ਫਾਊਂਡਲੈਂਡ ਐਂਡ ਲੈਬਰਾਡੋਰ ਸੂਬਿਆਂ ਵਿਚ ਜ਼ਿਆਦਾ ਪਈ ਹੈ।

# ਸ਼ੱਕੀ ਵਿਅਕਤੀ ਵਿਨੀਪੈਗ ਦੇ ਪੁਲਿਸ ਹੈਡਕੁਆਰਟਰ ਵਿੱਚ ਜਾ ਵੜਿਆ




ਵਿਨੀਪੈੱਗ (ਪੰਜਾਬੀ ਅਖ਼ਬਾਰ ਬਿਊਰੋ) ਡਾਊਨਟਾਊਨ ਵਿੱਚ ਸਥਿਤ ਵਿਨੀਪੈੱਗ ਪੁਲਿਸ ਹੈੱਡਕੁਆਰਟਰ ਦੀ ਬਿਲਡਿੰਗ ਨੂੰ ਬੀਤੇ ਦਿਨੀ ਬਾਅਦ ਦੁਪਹਿਰ ਪਬਲਿਕ ਲਈ ਬੰਦ ਕਰਨਾ ਪਿਆ ਕਿਉਂਕਿ ਉਸ ਬਿਲਡਿੰਗ ਵਿੱਚ ਸਵੇਰੇ ਸਾਢੇ ਗਿਆਰਾਂ ਵਜੇ ਦੇ ਕਰੀਬ ਇੱਕ ਵਿਅਕਤੀ ਆ ਗਿਆ ਅਤੇ ਉਸ ਨੇ ਨੇ ਆਪਣੇ ਆਪ ਨੂੰ ਅੱਗ ਲਗਾਉਣ ਦੀ ਧਮਕੀ ਦਿੱਤੀ। ਉਸ ਵਿਅਕਤੀ ਕੋਲ ਕੋਈ ਫਲੇਮੇਬਲ ਲਿਕੁਡ ਸੀ ਜਿਸਨੂੰ ਉਸਨੇ ਆਪਣੇ ਉੱਪਰ ਛਿੜਕ ਲਿਆ ਅਤੇ ਆਪਣੇ ਆਪ ਨੂੰ ਅੱਗ ਲਗਾਉਣ ਦੀ ਕੋਸ਼ਿਸ਼ ਕੀਤੀ। ਪੁਲੀਸ ਵੱਲੋਂ ਮੌਕੇ ਤੇ ਇਸ ਸਥਿੱਤੀ ਨੂੰ ਸਾਂਭਿਆ ਗਿਆ ਅਤੇ ਬਿਲਡਿੰਗ ਵਿੱਚ ਮੌਜੂਦ ਸਿਵਲੀਅਨਜ਼ ਅਤੇ ਹੋਰ ਆਮ ਲੋਕਾਂ ਨੂੰ ਬਾਹਰ ਕੱਢਿਆ ਗਿਆ। ਫਰੰਟ ਡੈਸਕ ਤੇ ਕੰਮ ਕਰਦੇ ਕਰਮਚਾਰੀਆਂ ਨੇ ਉਸ ਵਿਅਕਤੀ ਨੂੰ ਦਬੋਚ ਲਿਆ। ਪੁਲੀਸ ਵੱਲੋਂ ਮੁੜ ਉਸ ਵਿਅਕਤੀ ਨੂੰ ਜਾਂਚ ਦੇ ਲਈ ਹਸਪਤਾਲ ਦੇ ਵਿੱਚ ਦਾਖ਼ਲ ਕਰਵਾਇਆ ਗਿਆ ਅਤੇ ਕੋਈ ਅਣਸੁਖਾਵੀਂ ਘਟਨਾ ਉਸ ਤੋਂ ਬਾਅਦ ਉੱਥੇ ਨਹੀਂ ਵਾਪਰੀ।

# ਚੋਣਾਂ ਕਾਰਣ ਨਵਜੋਤ ਸਿੱਧੂ ਦੇ ਪੋਤੜੇ ਉਸਦੀ ਭੈਣ ਹੋਣ ਦਾ ਦਾਅਵਾ ਕਰਨ ਵਾਲੀ ਸੁਮਨ ਤੂਰ ਵੱਲੋਂ ਫਰੋਲੇ ਜਾਣ ਲੱਗੇ




ਵਿਨੀਪੈੱਗ(ਪੰਜਾਬੀ ਅਖ਼ਬਾਰ ਬਿਊਰੋ) ਪੰਜਾਬ ਵਿਧਾਨ ਸਭਾ ਚੋਣਾਂ ਤੋਂ ਠੀਕ ਪਹਿਲਾਂ ਕਾਂਗਰਸ ਦੇ ਸੂਬਾ ਪ੍ਰਧਾਨ ਨਵਜੋਤ ਸਿੰਘ ਸਿੱਧੂ ਵਿਵਾਦਾਂ 'ਚ ਘਿਰ ਗਏ ਹਨ। ਅਮਰੀਕਾ 'ਚ ਰਹਿਣ ਵਾਲੀ ਤੇ ਸਿੱਧੂ ਦੀ ਵੱਡੀ ਭੈਣ ਹੋਣ ਦਾ ਦਾਅਵਾ ਕਰਨ ਵਾਲੀ ਡਾਕਟਰ ਸੁਮਨ ਤੂਰ ਨੇ ਉਨ੍ਹਾਂ 'ਤੇ ਗੰਭੀਰ ਦੋਸ਼ ਲਾਏ ਹਨ। ਉਨ੍ਹਾਂ ਕਿਹਾ ਕਿ ਪਿਤਾ ਭਗਵੰਤ ਸਿੱਧੂ ਦੀ ਮੌਤ ਤੋਂ ਬਾਅਦ ਭਰਾ ਸਿੱਧੂ ਨੇ ਮਾਂ ਨਿਰਮਲ ਭਗਵੰਤ ਅਤੇ ਭੈਣਾਂ ਨੂੰ ਘਰੋਂ ਕੱਢ ਦਿੱਤਾ ਸੀ। ਸਿੱਧੂ ਨੇ ਲੋਕਾਂ ਨੂੰ ਝੂਠ ਬੋਲਿਆ ਕਿ ਜਦੋਂ ਉਹ ਦੋ ਸਾਲ ਦਾ ਸੀ ਤਾਂ ਉਸਦੇ ਮਾਤਾ-ਪਿਤਾ ਵੱਖ ਹੋ ਗਏ ਸਨ। ਸੁਮਨ ਤੂਰ ਨੇ ਦੱਸਿਆ ਕਿ ਉਨ੍ਹਾਂ ਦੀ ਮਾਂ ਨੇ ਲਾਵਾਰਸ ਹਾਲਤ 'ਚ ਦਿੱਲੀ ਰੇਲਵੇ ਸਟੇਸ਼ਨ 'ਤੇ ਦਮ ਤੋੜਿਆ ਸੀ। ਸਿੱਧੂ ਦੀ ਭੈਣ ਹੋਣ ਦਾ ਦਾਅਵਾ ਕਰਨ ਵਾਲੀ ਸੁਮਨ ਤੂਰ ਨੇ ਕਿਹਾ ਕਿ ਉਹ ਨਵਜੋਤ ਸਿੱਧੂ ਨੂੰ ਉਨ੍ਹਾਂ ਦੇ ਅੰਮ੍ਰਿਤਸਰ ਸਥਿੱਤ ਘਰ ਮਿਲਣ ਗਏ ਸਨ ਪਰ ਉਨ੍ਹਾਂ ਗੇਟ ਨਹੀਂ ਖੋਲ੍ਹਿਆ। ਸੁਮਨ ਤੂਰ ਨੇ ਕਿਹਾ ਹੈ ਕਿ ਨਵਜੋਤ ਸਿੰਘ ਸਿੱਧੂ ਆਪਣੀ ਮਾਂ ਤੇ ਪਿਤਾ ਦੇ ਵਿਛੋੜੇ ਬਾਰੇ ਝੂਠ ਬੋਲ ਰਹੇ ਹਨ। ਡਾ. ਤੂਰ ਦੇ ਦੋਸ਼ਾਂ 'ਤੇ ਨਵਜੋਤ ਸਿੰਘ ਨੇ ਅਜੇ ਤੱਕ ਕੋਈ ਬਿਆਨ ਜਾਰੀ ਨਹੀਂ ਕੀਤਾ ਹੈ।

# ਐਂਬੂਲੈਂਸ ਸਟਾਫ ਵੀ ਬਿਮਾਰੀ ਦੀ ਲਪੇਟ ਵਿੱਚ ਆਉਣ ਕਾਰਣ ਐਂਬੂਲੈਂਸਾਂ ਖੜ ਗਈਆਂ ਹਨ




ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਦੀ ਐਂਬੂਲੈਂਸ ਸੇਵਾ ਉੱਪਰ ਬੋਝ ਬਹੁਤ ਜ਼ਿਆਦਾ ਵਧ ਗਿਆ ਹੈ ਤੇ ਸਟਾਫ਼ ਮੈਂਬਰ ਔਮਿਕ੍ਰੌਨ ਅਤੇ ਵਾਇਰਸ ਦੀ ਲਪੇਟ ਵਿੱਚ ਆਉਣ ਕਰਕੇ ਘਟਦੇ ਜਾ ਰਹੇ ਹਨ ਜਿਸ ਕਰਕੇ ਸਥਿਤੀ ਨਾਜ਼ੁਕ ਬਣ ਗਈ ਹੈ। ਪਹਿਲਾਂ ਹੀ ਮਰੀਜ਼ਾਂ ਨਾਲ ਭਰੇ ਪਏ ਹਸਪਤਾਲਾਂ ਵਿੱਚ ਮਰੀਜ਼ਾਂ ਦਾ ਇਲਾਜ ਵਰਾਂਡਿਆਂ ਵਿੱਚ ਕੀਤਾ ਜਾ ਰਿਹਾ ਹੈ ਤੇ ਐਮਰਜੰਸੀ ਮੈਡਿਕਲ ਸਰਵਿਸਿਜ਼ ਵਾਲਿਆਂ ਦੇ ਲਗਾਤਾਰ ਗੇੜੇ ਲੱਗ ਰਹੇ ਹਨ। ਈਐਮਐਸ ਵਾਲਿਆਂ ਨੂੰ 15 ਮਿੰਟ ਵਿੱਚ ਮਰੀਜ਼ ਨੂੰ ਐਮਰਜੰਸੀ ਵਾਰਡ ਵਿੱਚ ਛੱਡ ਕੇ ਭੱਜਣਾ ਪੈ ਰਿਹਾ ਹੈ। ਇੱਕ ਦਿਨ ਅਜਿਹਾ ਹੋਇਆ ਕਿ 10 ਐਂਬੂਲੈਂਸਾਂ ਕਰਮਚਾਰੀਆਂ ਦੀ ਕਮੀ ਕਾਰਨ ਖੜ੍ਹ ਗਈਆਂ ਸਨ। ਪਿਛਲੇ ਕਈ ਮਹੀਨਿਆਂ ਤੋਂ ਐਂਬੂਲੈਂਸਾਂ, ਕਰਮਚਾਰੀਆਂ ਦੀ ਕਮੀ ਨਾਲ ਜੂਝ ਰਹੀਆਂ ਹਨ ਤੇ ਕੋਡ ਰੈੱਡ ਲਾਗੂ ਕਰਨਾ ਪੈ ਰਿਹਾ ਹੈ।

# ਭਾਰਤ ਵਾਸੀਆਂ ਵੱਲੋਂ ਆਪਣਾ 73ਵਾਂ ਗਣਤੰਤਰ ਦਿਵਸ ਮਨਾਏ ਜਾਣ ਦੀਆਂ ਖ਼ਬਰਾਂ ਆਈਆਂ ਹਨ



ਵਿਨੀਪੈਗ(ਪੰਜਾਬੀ ਅਖ਼ਬਾਰ ਬਿਊਰੋ)ਭਾਰਤ ਨੇ ਆਪਣਾ 73ਵਾਂ ਗਣਤੰਤਰ ਦਿਵਸ 26 ਜਨਵਰੀ 2022 ਨੂੰ ਮਨਾਇਆ। ਇਸ ਸੰਬੰਧੀ ਦੇਸ਼ ਦੇ ਸਾਰੇ ਸੂਬਿਆਂ ਵਿੱਚ ਗਣਤੰਤਰ ਦਿਵਸ ਮਨਾਇਆ ਗਿਆ ਤੇ ਰਾਸ਼ਟਰੀ ਝੰਡੇ ਨੂੰ ਸਲਾਮੀ ਦਿੱਤੀ ਗਈ। ਮੁੱਖ ਸਮਾਗਮ ਦੇਸ਼ ਦੀ ਰਾਸ਼ਟਰੀ ਰਾਜਧਾਨੀ ਨਵੀਂ ਦਿੱਲੀ ਵਿੱਚ ਰਾਜਪਥ 'ਤੇ ਹੋਇਆ ਜਿੱਥੇ ਰਾਸ਼ਟਰਪਤੀ ਰਾਮ ਨਾਥ ਕੋਵਿੰਦ ਨੇ ਫੌਜ ਦੇ ਤਿੰਨਾਂ ਹਿੱਸਿਆਂ ਵੱਲੋਂ ਸ਼ਾਨਦਾਰ ਫੌਜੀ ਪੈਰੇਡ ਅਤੇ ਵੱਖ ਵੱਖ ਸੂਬਿਆਂ ਵੱਲੋਂ ਪੇਸ਼ ਰੰਗਾਰੰਗ ਝਾਂਕੀਆਂ ਦੀ ਸਲਾਮੀ ਲਈ। ਪੰਜਾਬ ਦੀ ਝਾਂਕੀ "ਆਜ਼ਾਦੀ ਦਾ ਸੰਘਰਸ਼" ਵਿੱਚ ਪੰਜਾਬ ਦੇ ਯੋਗਦਾਨ ਨੂੰ ਦਰਸਾਉਂਦੀ ਸੀ। ਇਸ ਝਾਕੀ ਵਿੱਚ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਨੂੰ ਦਰਸਾਇਆ ਗਿਆ ਸੀ ਤੇ ਮਾਈਕਲ ?ਡਵਾਇਰ ਨੂੰ ਗੋਲੀ ਮਾਰਨ ਲਈ ਲਾਲਾ ਲਾਜਪਤ ਰਾਏ ਅਤੇ ਊਧਮ ਸਿੰਘ ਦੀ ਅਗਵਾਈ ਵਾਲੇ ਸਾਈਮਨ ਕਮਿਸ਼ਨ ਦੇ ਵਿਰੋਧ ਨੂੰ ਵੀ ਦਰਸਾਇਆ ਗਿਆ ਸੀ। ਇਸ ਤੋਂ ਪਹਿਲਾਂ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਜੰਗੀ ਸ਼ਹੀਦਾਂ ਨੂੰ ਸ਼ਰਧਾਂਜਲੀ ਦਿੱਤੀ। ਇਸ ਤੋਂ ਪਹਿਲਾਂ ਬੀਤੀ ਰਾਤ ਰਾਸ਼ਟਰਪਤੀ ਕੋਵਿੰਦ ਨੇ ਦੇਸ਼ ਵਾਸੀਆਂ ਨੂੰ ਸੰਬੋਧਨ ਕੀਤਾ। ਇਸ ਵਾਰ ਦੀ ਗਣਤੰਤਰ ਪੈਰੇਡ ਵਿੱਚ ਲਗਾਤਾਰ ਦੂਜੇ ਸਾਲ ਕੋਈ ਵੀ ਵਿਦੇਸ਼ੀ, ਮੁੱਖ ਮਹਿਮਾਨ ਨਹੀਂ ਸੀ। ਕੋਵਿਡ-19 ਦੇ ਚੱਲਦਿਆਂ ਇਸ ਸਾਲ ਕਿਸੇ ਵੀ ਵਿਦੇਸ਼ੀ ਮਹਿਮਾਨ ਨੂੰ ਸੱਦਾ ਪੱਤਰ ਨਹੀਂ ਭੇਜਿਆ ਗਿਆ ਸੀ। ਪੰਜਾਬ ਵਿੱਚ ਜਲੰਧਰ ਵਿੱਚ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਰਾਸ਼ਟਰੀ ਝੰਡਾ ਲਹਿਰਾਇਆ ਤੇ ਪਟਿਆਲਾ ਵਿੱਚ ਸਮਾਗਮ ਵਿੱਚ ਲੈਣ ਲਈ ਗਏ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਦਾ ਜ਼ਬਰਦਸਤ ਵਿਰੋਧ ਹੋਣ ਦੀਆਂ ਖ਼ਬਰਾਂ ਹਨ।

# ਇੰਡੀਆ ਗੇਟ ਵਿਖੇ ਜਗਦੀ ਅਮਰ ਜਵਾਨ ਜਯੋਤੀ ਹੁਣ ਸਦਾ ਲਈ ਬੁਝ ਗਈ




ਵਿਨੀਪੈਗ (ਪੰਜਾਬੀ ਅਖ਼ਬਾਰ ਬਿਊਰੋ) ਭਾਰਤ ਸਰਕਾਰ ਨੇ ਇੱਕ ਅਹਿਮ ਫੈਸਲਾ ਲੈਂਦਿਆਂ ਪਿਛਲੇ 50 ਸਾਲਾਂ ਤੋਂ ਇੰਡੀਆ ਗੇਟ 'ਤੇ ਲਗਾਤਾਰ ਬਲ਼ਦੀ ਹੋਈ ਅਮਰ ਜਵਾਨ ਜਯੋਤੀ ਦੀ ਲਾਟ ਹੁਣ ਸਦਾ ਲਈ ਬੁਝਾ ਦਿਤੀ ਗਈ ਹੈ। ਗਣਤੰਤਰ ਦਿਵਸ ਤੋਂ ਕੁਝ ਦਿਨ ਪਹਿਲਾਂ ਇਸ ਜਯੋਤੀ ਨੂੰ ਇੱਕ ਪ੍ਰੋਗਰਾਮ ਵਿੱਚ ਰਾਸ਼ਟਰੀ ਯੁੱਧ ਸਮਾਰਕ ਦੀ ਮਸ਼ਾਲ ਨਾਲ ਮਿਲਾ ਦਿੱਤਾ ਗਿਆ। ਇੰਡੀਆ ਗੇਟ, ਬ੍ਰਿਟਿਸ਼ ਸਰਕਾਰ ਵੱਲੋਂ 1914 ਅਤੇ 1921 ਦੇ ਵਿਚਕਾਰ ਪਹਿਲੇ ਵਿਸ਼ਵ ਯੁੱਧ ਵਿੱਚ ਸ਼ਹੀਦ ਹੋਏ ਬ੍ਰਿਟਿਸ਼ ਭਾਰਤੀ ਫੌਜ ਦੇ ਸੈਨਿਕਾਂ ਦੀ ਯਾਦ ਵਿੱਚ ਬਣਾਇਆ ਗਿਆ ਸੀ ਅਤੇ ਸਾਲ 1972 ਵਿੱਚ, ਭਾਰਤ-ਪਾਕਿਸਤਾਨ ਦੀ 1971 ਦੀ ਜੰਗ 'ਚ ਸ਼ਹੀਦ ਹੋਏ ਭਾਰਤੀ ਫੌਜੀਆਂ ਦੀ ਯਾਦ 'ਚ ਅਮਰ ਜਵਾਨ ਜਯੋਤੀ ਨੂੰ ਜਗਾਇਆ ਕੀਤਾ ਗਿਆ ਸੀ। ਉਦੋਂ ਤੋਂ ਹੁਣ ਤੱਕ ਇਹ ਲਗਾਤਾਰ ਚੱਲ ਰਹੀ ਹੈ। ਇਸ ਦਾ ਉਦਘਾਟਨ ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਕੀਤਾ ਸੀ। 25 ਫਰਵਰੀ 2019 ਨੂੰ ਨੈਸ਼ਨਲ ਵਾਰ ਮੈਮੋਰੀਅਲ ਦਾ ਉਦਘਾਟਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕੀਤਾ ਸੀ ਤੇ ਇਹ ਜੋਤੀ ਹੁਣ ਇੱਥੇ ਨਹੀਂ ਜਗੇਗੀ। ਅਮਰ ਜਵਾਨ ਜੋਤੀ ਦੀ ਥਾਂ ਨੇਤਾ ਜੀ ਸੁਭਾਸ਼ ਚੰਦਰ ਬੋਸ ਦਾ ਵਿਸ਼ਾਲ ਬੁੱਤ ਲਗਾਏ ਜਾਣ ਦੀ ਯੋਜਨਾ ਹੈ। ਵੱਡੀ ਗਿਣਤੀ ਵਿੱਚ ਲੋਕਾਂ ਨੇ ਇਸ ਨੂੰ ਇਤਿਹਾਸ ਨਾਲ ਛੇੜਛਾੜ ਕਰਾਰ ਦਿੱਤਾ ਹੈ।

# ਰੈਜ਼ਿਡੈਂਸ਼ਿਅਲ ਸਕੂਲ ਦੀਆਂ ਬੇਨਾਮੀ ਕਬਰਾਂ ਵਿੱਚ ਪਏ ਬੱਚਿਆਂ ਦੇ ਨਾਮਾਂ ਦਾ ਪਤਾ ਲੱਗਣ ਦੀ ਸੰਭਾਵਨਾ ਵਧੀ

ਵਿਨੀਪੈਗ (ਪੰਜਾਬੀ ਅਖ਼ਬਾਰ ਬਿਊਰੋ) ਬ੍ਰਿਟਿਸ਼ ਕੋਲੰਬੀਆ ਦੇ ਸ਼ੁਸਵੈਪ-ਕੈਮਲੂਪਸ ਮੂਲਨਿਵਾਸੀ ਭਾਈਚਾਰੇ ਵੱਲੋਂ ਆਸ ਪ੍ਰਗਟ ਕੀਤੀ ਜਾ ਰਹੀ ਹੈ ਕਿ ਫੈਡਰਲ ਸਰਕਾਰ ਵੱਲੋਂ ਪੌਣੇ 9 ਲੱਖ ਦੇ ਕਰੀਬ ਦਸਤਾਵੇਜ਼ ਰਿਲੀਜ਼ ਕੀਤੇ ਜਾਣ ਮਗਰੋਂ ਸਾਬਕਾ ਰੈਜ਼ਿਡੈਂਸ਼ਿਅਲ ਸਕੂਲਾਂ ਦੀਆਂ ਬੇਨਾਮੀ ਕਬਰਾਂ ਵਿੱਚ ਪਏ ਨਾਮਾਲੂਮ ਬੱਚਿਆਂ ਦੀ ਪਛਾਣਾ ਹੋ ਸਕੇਗੀ ਤੇ ਇਹਨਾਂ 'ਅਨ-ਮਾਰਕਡ' ਕਬਰਾਂ ਉੱਪਰ ਬੱਚਿਆਂ ਦੇ ਨਾਮ ਲਿਖੇ ਜਾ ਸਕਣਗੇ। ਨੈਸ਼ਨਲ ਸੈਂਟਰ ਫੌਰ ਟਰੁਥ ਐਂਡ ਰਿਕੌਂਸਿਲਿਏਸ਼ਨ - ਐਨ.ਸੀ.ਟੀ.ਆਰ. ਨਾਲ ਬੀਤੇ ਦਿਨੀਂ ਹੋਏ ਸਮਝੌਤੇ ਮਗਰੋਂ ਫੈਡਰਲ ਸਰਕਾਰ ਇਹ ਦਸਤਾਵੇਜ਼ ਦੇਣ ਲਈ ਸਹਿਮਤ ਹੋ ਗਈ ਹੈ। ਸ਼ੁਸਵੈਪ-ਕੈਮਲੂਪਸ ਮੂਲਨਿਵਾਸੀ ਭਾਈਚਾਰੇ ਦੀ ਮੁਖੀ ਰੋਜ਼ੈਨ ਕੈਸਿਮਿਰ ਦਾ ਕਹਿਣਾ ਹੈ ਕਿ ਕੈਮਲੂਪਸ ਦੇ ਸਾਬਕਾ ਰੈਜ਼ਿਡੈਂਸ਼ਿਅਲ ਸਕੂਲ ਦੀਆਂ ਬੇਨਾਮੀ ਕਬਰਾਂ ਵਿੱਚ ਪਏ ਬੱਚਿਆਂ ਦੇ ਨਾਮਾਂ ਦਾ ਪਤਾ ਲੱਗਣ ਦੀ ਸੰਭਾਵਨਾ ਵਧ ਗਈ ਹੈ।

## ਘਰ ਨੂੰ ਅੱਗ ਲੱਗਣ ਕਾਰਣ ਕਈ ਪਰਿਵਾਰਕ ਮੈਂਬਰਾਂ ਦੀ ਹਾਲਤ ਨਾਜ਼ੁਕ ਬਣੀ

ਵਿਨੀਪੈੱਗ (ਪੰਜਾਬੀ ਅਖ਼ਬਾਰ ਬਿਊਰੋ) ਬੀਤੇ ਦਿਨੀ ਵਿਨਿਪੈੱਗ ਵਿੱਚ ਇੱਕ ਘਰ ਨੂੰ ਲੱਗੀ ਅੱਗ ਵਿੱਚ ਕਈ ਵਿਅਕਤੀਆਂ ਦੇ ਗੰਭੀਰ ਜ਼ਖ਼ਮੀ ਹੋ ਜਾਣ ਦੀ ਖ਼ਬਰ ਹੈ। ਸਵੇਰੇ ਸਾਢੇ ਛੇ ਵਜੇ ਦੇ ਕਰੀਬ ਲੱਗੀ ਇਸ ਅੱਗ ਵਿੱਚ 4 ਵਿਅਕਤੀਆਂ ਦਾ ਹਾਲਤ ਨਾਜ਼ੁਕ, 4 ਬੱਚਿਆਂ ਦੀ ਹਾਲਤ ਸਥਿਰ ਤੇ ਦੋ ਹੋਰਨਾਂ ਦੀ ਹਾਲਤ ਗੰਭੀਰ ਦੱਸੀ ਗਈ ਹੈ। ਅੱਗ ਕਾਰਨ ਘਰ ਨੂੰ ਵਿਆਪਕ ਨੁਕਸਾਨ ਪਹੁੰਚਿਆ ਹੈ।

## ਨਵੀਂ 5-ਜੀ ਸਰਵਿਸ ਸ਼ੁਰੂ ਹੁੰਦਿਆਂ ਹੀ ਵਿਵਾਦਾਂ ਵਿੱਚ ਘਿਰੀ

ਵਿਨੀਪੈਗ (ਪੰਜਾਬੀ ਅਖ਼ਬਾਰ ਬਿਊਰੋ) ਅਮਰੀਕਾ ਵਿੱਚ ਨਵੀਂ 5-ਜੀ ਸਰਵਿਸ ਹਵਾਈ ਯਾਤਰੀਆਂ ਅਤੇ ਜਹਾਜ਼ ਕੰਪਨੀਆਂ 'ਤੇ ਭਾਰੀ ਪੈਣ ਲੱਗੀ ਹੈ ਅਤੇ ਭਾਰਤ ਸਮੇਤ ਕਈ ਦੇਸ਼ਾਂ ਤੋਂ ਅਮਰੀਕਾ ਆਉਣ-ਜਾਣ ਵਾਲੇ ਯਾਤਰੀਆਂ ਤੇ ਉਡਾਨਾਂ 'ਤੇ ਇਸ ਦਾ ਅਸਰ ਪਿਆ ਹੈ ਤੇ ਕਈ ਉਡਾਨਾਂ ਰੱਦ ਹੋ ਗਈਆਂ ਹਨ। ਜਹਾਜ਼ ਕੰਪਨੀਆਂ ਨੇ ਚੇਤਾਵਨੀ ਜਾਰੀ ਕਰਦਿਆਂ ਕਿਹਾ ਹੈ ਕਿ 5 ਜੀ ਫੋਨ ਸੇਵਾ ਦੇ ਸਿਗਨਲਜ਼ ਜਹਾਜ਼ ਦੇ ਨੈਵਿਗੇਸ਼ਨ ਸਿਸਟਮ ਵਿੱਚ ਦਖ਼ਲੰਦਾਜ਼ੀ ਕਰ ਸਕਦੇ ਹਨ। ਇਹ ਸੇਵਾ ਅਮਰੀਕਾ ਦੇ ਕਈ ਹਵਾਈ ਅੱਡਿਆਂ 'ਤੇ ਸ਼ੁਰੂ ਹੋ ਗਈ ਹੈ।

## ਹੈਲਿਕੌਪਟਰ ਹਾਦਸੇ ਵਿੱਚ ਚਾਰ ਜਣੇ ਗੰਭੀਰ ਜ਼ਖਮੀ

ਵਿਨੀਪੈਗ (ਪੰਜਾਬੀ ਅਖ਼ਬਾਰ ਬਿਊਰੋ) ਰਾਜਧਾਨੀ ਐਡਮੰਟਨ ਤੋਂ 140 ਕਿਲੋਮੀਟਰ ਸਾਊਥ ਈਸਟ ਵੱਲ ਵਾਇਕਿੰਗ ਨੇੜੇ ਇੱਕ ਹੈਲਿਕੌਪਟਰ ਹਾਦਸੇ ਵਿੱਚ 4 ਵਿਅਕਤੀਆਂ ਦੇ ਗੰਭੀਰ ਜ਼ਖ਼ਮੀ ਹੋ ਜਾਣ ਦੀ ਸੂਚਨਾ ਹੈ। ਦੇਰ ਨਾਲ ਪ੍ਰਾਪਤ ਜਾਣਕਾਰੀ ਅਨੁਸਾਰ ਐਤਵਾਰ ਸਵੇਰੇ ਦਸ ਵਜੇ ਦੇ ਕਰੀਬ ਰੇਂਜ ਰੋਡ 16 ਅਤੇ ਟਾਉਨਸ਼ਿਪ ਰੋਡ 462 ਨੇੜੇ ਸੰਘਣੇ ਜੰਗਲੀ ਇਲਾਕੇ ਉੱਪਰ ਹੈਲਿਕੌਪਟਰ ਹਾਦਸੇ ਦਾ ਸ਼ਿਕਾਰ ਹੋ ਗਿਆ। ਇਸ ਵਿੱਚ 4 ਲੋਕ ਸਵਾਰ ਸਨ। 3 ਜਣਿਆਂ ਨੂੰ ਗ੍ਰਾਉਂਡ ਐਂਬੁਲੈਂਸ ਰਾਹੀਂ ਅਤੇ ਇੱਕ ਨੂੰ ਏਅਰ ਐਂਬੁਲੈਂਸ ਰਾਹੀਂ ਹਸਪਤਾਲ ਪਹੁੰਚਾਇਆ ਗਿਆ।

# ਰੂਸ ਅਤੇ ਯੂਕ੍ਰੇਨ ਦੇ ਵਿਗੜੇ ਸਬੰਧਾਂ ਕਾਰਣ ਹੁਣ ਨਾਟੋ ਫੌਜਾਂ ਵੀ ਹਰਕਤ ਵਿੱਚ ਆਈਆਂ




ਸੈਸਕਾਟੂਨ (ਪੰਜਾਬੀ ਅਖ਼ਬਾਰ ਬਿਊਰੋ) ਰੂਸ ਅਤੇ ਪੱਛਮੀ ਮੁਲਕਾਂ ਦਰਮਿਆਨ ਤਨਾਅ ਵਧਦਾ ਜਾ ਰਿਹਾ ਹੈ ਤੇ ਨੈਟੋ, ਸਮੁੰਦਰੀ ਜੰਗੀ ਜਹਾਜ਼ ਅਤੇ ਫੌਜੀਆਂ ਨੂੰ ਭੇਜੇ ਜਾਣ ਦਾ ਉਪਰਾਲਾ ਕਰਨ ਵਿੱਚ ਰੁੱਝ ਗਿਆ ਹੈ। ਆਇਰਲੈਂਡ ਨੇ ਚੇਤਾਵਨੀ ਜਾਰੀ ਕੀਤੀ ਹੈ ਕਿ ਉਸ ਦੇ ਸਮੁੰਦਰੀ ਕੰਢਿਆਂ ਨੂੰ ਰੂਸ ਵੱਲੋਂ ਵਰਤਣ ਦੀ ਆਗਿਆ ਨਹੀਂ ਦਿੱਤੀ ਜਾਵੇਗੀ। ਮੰਨਿਆ ਜਾ ਰਿਹਾ ਹੈ ਕਿ ਰੂਸ ਅਤੇ ਯੂਕ੍ਰੇਨ ਦਰਮਿਆਨ ਜੰਗੀ ਹਾਲਾਤ ਬਣਦੇ ਜਾ ਰਹੇ ਹਨ। ਯੁਕ੍ਰੇਨ ਅਤੇ ਰੂਸ ਦਰਮਿਆਨ ਵਧਦੀ ਜਾ ਰਹੀ ਕਸ਼ੀਦਗੀ ਨੂੰ ਵੇਖਦਿਆਂ ਅਮੈਰਿਕਾ ਨੇ ਯੂਕ੍ਰੇਨ ਵਿਚਲੇ ਆਪਣੇ ਦੂਤਾਵਾਸ ਦੇ ਸਾਰੇ ਕਰਮਚਾਰੀਆਂ ਤੇ ਉਹਨਾਂ ਦੇ ਰਿਸ਼ਤੇਦਾਰਾਂ ਨੂੰ ਅਮੈਰਿਕਾ ਵਾਪਸ ਪਰਤ ਆਉਣ ਲਈ ਕਿਹਾ ਹੈ। ਅਮੈਰਿਕਾ ਵੱਲੋਂ ਆਪਣੇ ਬਾਕੀ ਨਾਗਰਿਕਾਂ ਨੂੰ ਯੁਕ੍ਰੇਨ ਛੱਡਣ ਲਈ ਕਹਿਣ ਉੱਤੇ ਵਿਚਾਰ ਕੀਤਾ ਜਾ ਰਿਹਾ ਹੈ। ਰਿਪੋਰਟਾਂ ਅਨੁਸਾਰ ਰੂਸ ਕਿਸੇ ਵੀ ਸਮੇਂ ਯੁਕ੍ਰੇਨ ਉੱਤੇ ਫੌਜੀ ਹਮਲਾ ਕਰ ਸਕਦਾ ਹੈ।

# ਮਿਲਟਰੀ ਕਮਾਂਡਰ ਨੇ ਆਪਣੇ ਉੱਪਰ ਲੱਗੇ ਦੋਸਾਂ ਨੂੰ ਨਕਾਰਿਆ

ਸੈਸਕਾਟੂਨ (ਪੰਜਾਬੀ ਅਖ਼ਬਾਰ ਬਿਊਰੋ) ਕੈਨੇਡਾ ਵਿੱਚ ਕੋਵਿਡ-19 ਤੋਂ ਬਚਾਅ ਵਾਸਤੇ ਦੇਸ਼ ਭਰ ਵਿੱਚ ਭੇਜੇ ਜਾਣ ਵਾਲੇ ਸਾਜ਼ੋ-ਸਮਾਨ ਅਤੇ ਵੈਕਸਿਨ ਦੀ ਦੇਖਰੇਖ ਦਾ ਜ਼ਿੰਮਾ ਸੰਭਾਲਣ ਵਾਲੇ ਮੇਜਰ ਜਨਰਲ ਡੈਨੀ ਫੌਰਟਿਨ ਨੇ, ਆਪਣੇ ਖਿਲਾਫ਼ ਲੱਗੇ ਸੈਕਸੁਅਲ ਅਸੌਲਟਸ ਦੇ ਦੋਸ਼ਾਂ ਨੂੰ ਸਵੀਕਾਰ ਕਰਨ ਤੋਂ ਨਾਂਹ ਕਰ ਦਿੱਤੀ ਹੈ। ਇਹ ਮਾਮਲਾ ਸਾਹਮਣੇ ਆਉਣ ਮਗਰੋਂ ਮੇਜਰ ਜਨਰਲ ਫੌਰਟਿਨ ਨੂੰ ਉਹਨਾਂ ਦੇ ਅਹੁਦੇ ਤੋਂ ਲਾਂਭੇ ਕਰ ਦਿੱਤਾ ਗਿਆ ਸੀ। ਘਟਨਾ ਸਾਲ 1988 ਦੀ ਦੱਸੀ ਜਾਂਦੀ ਹੈ ਜਦੋਂ ਉਹ ਰੌਇਲ ਮਿਲਟਰੀ ਕੌਲਿਜ ਸੇਂਟ ਯੌਨ ਵਿੱਚ ਵਿਦਿਆਰਥੀ ਸਨ। ਮਿਲਟਰੀ ਕਮਾਂਡਰ ਦੇ ਵਕੀਲ ਫਿਲਿਪ ਮੌਰਨਉ ਨੇ ਕਿਉਬੈਕ ਦੇ ਗੈਟਿਨਉ ਕੋਰਟ-ਹਾਊਸ ਵਿੱਚ ਉਸ ਵੱਲੋਂ ਦੋਸ਼ ਨਾ ਕਬੂਲਣ ਸੰਬੰਧੀ ਦਸਤਾਵੇਜ਼ ਜਮ੍ਹਾ ਕਰਵਾਇਆ ਹੈ। ਇਸ ਮਾਮਲੇ ਵਿੱਚ ਮੁਕੱਦਮੇ ਦੀ ਸੁਣਵਾਈ ਲਈ ਮਿਤੀ ਨਿਰਧਾਰਿਤ ਨਹੀਂ ਕੀਤੀ ਗਈ ਹੈ।

